








Twenty-Fifth Year of Publication | ਮਿਡਵੈਸਟ ਐਡੀਸ਼ਨ | Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 34; August 23, 2025 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਟਰੰਪ ਦੇ ਟੈਰਿਫ਼ ਨੂੰ ਬੇਅਸਰ ਕਰਨ ਲਈ ਭਾਰਤ ਚੁੱਕੇਗਾ ਸਖ਼ਤ ਕਦਮ

**ਨਵੀਂ ਦਿੱਲੀ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਾਏ ਗਏ 50 ਫ਼ੀਸਦੀ ਟੈਰਿਫ ਨੂੰ ਬੇਅਸਰ ਕਰਨ ਲਈ ਭਾਰਤ ਸਰਕਾਰ ਮਿਸ਼ਨ ਮੋਡ 'ਚ ਆ ਚੁੱਕੀ ਹੈ। ਇਸ ਸਿਲਸਿਲੇ 'ਚ ਆਉਣ ਵਾਲੇ ਦਿਨਾਂ 'ਚ ਕੁਝ ਵੱਡੇ ਆਰਥਿਕ ਫ਼ੈਸਲੇ ਲਏ ਜਾਣਗੇ। ਜੀਐੱਸਟੀ 'ਚ ਸੁਧਾਰ ਦਾ ਐਲਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਹਿਲਾਂ ਹੀ ਕਰ ਚੁੱਕੇ ਹਨ। ਹੁਣ ਸਰਕਾਰ ਦੇ ਮੰਤਰਾਲਿਆਂ ਨੇ ਅਗਲੇ 100 ਦਿਨਾਂ 'ਚ ਲਏ ਜਾਣ ਵਾਲੇ ਸੰਭਾਵਿਤ ਵੱਡੇ ਆਰਥਿਕ ਫ਼ੈਸਲਿਆਂ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਫ਼ੈਸਲਿਆਂ 'ਚ



ਚੀਨ ਨਾਲ ਵਪਾਰਕ ਰਿਸ਼ਤਿਆਂ ਨੂੰ ਨਰਮ ਕਰਨਾ, ਈ-ਕਾਮਰਸ ਐਕਸਪੋਰਟ ਹੱਬ ਦੀ ਸ਼ੁਰੂਆਤ, ਚਮੜਾ ਇੰਡਸਟਰੀ ਲਈ ਵਾਤਾਵਰਣ ਨਿਯਮ 'ਚ ਛੋਟ, ਸਟਾਰਟਅੱਪ ਨੂੰ ਟੈਸਸ 'ਚ ਹੋਰ ਛੋਟ, ਤੰਬਾਕੂ ਤੇ ਫਾਰਮਾ ਵਪਾਰੀਆਂ ਦੀ ਰਜਿਸਟ੍ਰੇਸ਼ਨ ਨਵੀਨੀਕਰਨ ਦੀ ਮਿਆਦ ਵਧਾਉਣਾ ਤੇ ਇੰਡਸਟਰੀਅਲ ਮਨਜ਼ੂਰੀ ਦੇ ਪੋਰਟਲ ਨੂੰ ਹੋਰ ਅਪਡੇਟ ਕਰਨਾ ਸ਼ਾਮਲ ਹੈ। ਵਿੱਤ ਮੰਤਰਾਲੇ ਨੇ ਅਗਲੇ 100 ਦਿਨਾਂ 'ਚ ਜੀ. ਐੱਸ.ਟੀ. ਦਾ ਨਵਾਂ ਵਰਜ਼ਨ ਲਾਗੂ ਕਰਨਾ ਹੈ, ਜਿਸ 'ਤੇ ਪਹਿਲਾਂ ਹੀ ਕੰਮ ਸ਼ੁਰੂ ਹੋ ਚੁੱਕਾ ਹੈ। ਪ੍ਰਧਾਨ ਮੰਤਰੀ ਦਫ਼ਤਰ ਵੀ ਇਸ ਦਿਸ਼ਾ 'ਚ ਨੀਤੀ ਆਯੋਗ, ਪ੍ਰਧਾਨ ਮੰਤਰੀ

*(ਬਾਕੀ ਸਫ਼ਾ 4 'ਤੇ)*

## ਅਮਰੀਕਾ ਵਿਰੁੱਧ ਇਕਸੁਰ ਹੋਣ ਲੱਗੇ ਭਾਰਤ, ਰੂਸ ਅਤੇ ਚੀਨ

**ਨਵੀਂ ਦਿੱਲੀ:** ਰੂਸ ਤੋਂ ਤੇਲ ਖ਼ਰੀਦਣ ਬਾਰੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰੋਬਾਰੀ ਸਲਾਹਕਾਰ ਪੀਟਰ ਨਵਾਰੋ ਦੀ ਭਾਰਤ 'ਤੇ ਦਬਾਅ ਬਣਾਉਣ ਵਾਲੀਆਂ ਟਿੱਪਣੀਆਂ ਵਿਚਾਲੇ ਭਾਰਤ, ਰੂਸ ਤੇ ਚੀਨ ਨਵੀਂ



ਫਾਈਲ ਤਸਵੀਰ

ਕੂਟਨੀਤਕ ਇਬਾਰਤ ਲਿਖਦੇ ਨਜ਼ਰ ਆ ਰਹੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਾਏ ਗਏ ਟੈਰਿਫ ਤੇ ਬਦਲਦੀ ਆਲਮੀ ਵਿਵਸਥਾ ਦੇ ਮੱਦੇਨਜ਼ਰ ਇਨ੍ਹਾਂ ਤਿੰਨਾਂ ਵਿਚਕਾਰ ਸਮੀਕਰਨ ਨਵੇਂ ਪੱਧਰ 'ਤੇ ਪੁੱਜ ਰਹੇ ਹਨ। ਇਸੇ

*(ਬਾਕੀ ਸਫ਼ਾ 4 'ਤੇ)*

## ਟਕਸਾਲੀ ਅਕਾਲੀਆਂ ਨੂੰ ਜੋੜਨ ਦੇ ਯਤਨ ਕਰੇਗਾ ਨਵਾਂ ਅਕਾਲੀ ਦਲ: ਹਰਪ੍ਰੀਤ ਸਿੰਘ

**ਅਜਨਾਲਾ:** ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਅਕਾਲੀ ਦਲ ਨੂੰ ਮੁੱਢਲੇ ਪੱਧਰ ਤੋਂ ਮਜ਼ਬੂਤ ਕਰਨ ਅਤੇ ਸ਼੍ਰੋਮਣੀ ਅਕਾਲੀ ਦਲ ਤੋਂ ਦੂਰ ਜਾ ਚੁੱਕੇ ਟਕਸਾਲੀ ਅਕਾਲੀ ਆਗੂਆਂ ਨੂੰ ਮੁੜ ਅਕਾਲੀ ਦਲ ਨਾਲ ਜੋੜਨ ਹਿੱਤ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਸਥਾਨਕ ਕਸਬਾ ਵਿਖੇ ਟਕਸਾਲੀ ਅਕਾਲੀ ਤੇ ਬਜੁਰਗ ਸਿਆਸਤਦਾਨ ਸਾਬਕਾ ਸੰਸਦ ਮੈਂਬਰ ਡਾ. ਰਤਨ ਸਿੰਘ ਅਜਨਾਵ ਦੇ ਗ੍ਰਹਿ ਵਿਖੇ ਭਰਵੀਂ ਮੀਟਿੰਗ ਵਿਚ ਸ਼ਾਮਿਲ ਹੋਏ। ਉਨ੍ਹਾਂ ਦੇ ਇੱਥੇ ਪਹੁੰਚਣ ਤੇ ਪਾਰਟੀ ਆਗੂਆਂ ਤੇ ਵਰਕਰਾਂ ਵਲੋਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਮੀਟਿੰਗ ਉਪਰੰਤ ਪੱਤਰਕਾਰਾਂ ਨ ਗੱਲਬਾਤ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਅੱਜ ਵੀ ਅਕਾਲ ਪੁਰਖ ਲਈ ਹਾਜ਼ਰ ਹਨ ਅਤੇ ਹਮੇਸ਼ਾ ਰਹਿਣਗੇ, ਜੇਕਰ ਉਨ੍ਹਾਂ ਨੇ ਕਿਸੇ ਵਿਅਕਤੀ ਵਿਸ਼ੇਸ਼ ਦੀ ਸੇਵਾ ਨੂੰ ਤਰਜੀਹ ਦਿੱਤੀ ਹੁੰਦੀ ਤਾਂ ਉਹ ਅੱਜ ਵੀ ਜਥੇਦਾਰ ਹੁੰਦੇ। ਗਿਆਨੀ ਹਰਪ੍ਰੀਤ ਸਿੰਘ ਨੇ ਅੱਗੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਲਈ ਕੁਰਬਾਨੀਆਂ ਦੇਣ ਵਾਲੇ ਅਤੇ ਅਕਾਲੀ ਦਲ ਨੂੰ ਖੜਾ ਕਰਨ ਵਾਲੇ ਜਿਹੜੇ ਪਰਿਵਾਰਾਂ ਨੂੰ ਘਰਾਂ 'ਚ ਬਿਠਾ ਦਿੱਤਾ ਸੀ ਅਸੀਂ ਉਨ੍ਹਾਂ ਦੇ ਘਰ-ਘਰ ਜਾ ਕੇ ਉਨ੍ਹਾਂ ਨੂੰ ਨਾਲ ਜੋੜਾਂਗੇ। ਏ.ਆਈ. ਤਕਨੀਕ



ਦੇ ਹੋ ਰਹੇ ਗਲਤ ਇਸਤੇਮਾਲ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਏ.ਆਈ. ਦਾ ਬਹੁਤ ਗਲਤ ਪ੍ਰਯੋਗ ਕੀਤਾ ਜਾ ਰਿਹਾ ਹੈ ਤੇ ਇਹ ਨਵੀਂ ਤਕਨੀਕ ਨੈਤਿਕਤਾ ਤੇ ਭਾਈਚਾਰਕ ਰਿਸ਼ਤਿਆਂ ਨੂੰ ਖ਼ਤਮ ਕਰ ਰਹੀ ਹੈ। ਮੀਟਿੰਗ ਨੂੰ ਸ਼ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਤੇ ਸੁੱਚਾ ਸਿੰਘ ਛੋਟੇਪੁਰ ਸਮੇਤ ਹੋਰਨਾਂ ਆਗੂਆਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸਾਬਕਾ ਸੰਸਦ ਮੈਂਬਰ ਡਾ: ਰਤਨ ਸਿੰਘ ਅਜਨਾਲਾ ਵਲੋਂ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਤੇ ਬੀਬੀ ਜਗੀਰ ਕੌਰ

*(ਬਾਕੀ ਸਫ਼ਾ 4 'ਤੇ)*












# ਸਾਂਝੀਵਾਲਤਾ ਦਾ ਸੁਨੇਹਾ ਦੇ ਗਿਆ 'ਗਲੋਬਲ ਪੰਜਾਬੀ ਮਿਲਾਪ'

## ਰਵਿੰਦਰ ਸਹਿਰਾਅ ਦੀ ਕਿਤਾਬ 'ਲਾਹੌਰ ਨਾਲ ਗੱਲਾਂ' ਕੀਤੀ ਲੋਕ ਅਰਪਣ; ਦੋਹਾਂ ਪੰਜਾਬਾਂ ਦੇ ਸਾਹਿਤ ਬਾਰੇ ਹੋਈ ਚਰਚਾ

**ਸ਼ਿਕਾਗੋ (ਅੰਮ੍ਰਿਤ ਪਾਲ ਕੌਰ):** ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਅਦੀਬਾਂ ਨੂੰ ਇਕ ਮੰਚ 'ਤੇ ਇਕੱਠਾ ਕਰ ਕੇ ਆਪਸੀ ਪਿਆਰ ਤੇ ਸਾਂਝੀਵਾਲਤਾ ਦਾ ਸੁਨੇਹਾ ਦਿੰਦੇ 'ਗਲੋਬਲ ਪੰਜਾਬੀ ਮਿਲਾਪ' ਦਾ 22ਵਾਂ ਸਮਾਗਮ ਯਾਦਗਾਰੀ ਹੋ ਨਿੱਬੜਿਆ। ਮਿਲਾਪ ਦੇ ਰੂਹ-ਏ-ਰਵਾਂ ਸ. ਠਾਕਰ ਸਿੰਘ ਬਸਾਤੀ ਅਤੇ ਸਾਜਿਦ ਚੌਧਰੀ ਵਲੋਂ ਹਰ ਸਾਲ ਕੀਤਾ ਜਾਂਦਾ ਇਹ ਉਪਰਾਲਾ ਆਪਣੇ ਆਪ ਵਿਚ ਸ਼ਲਾਘਾਯੋਗ ਹੈ ਕਿਉਂਕਿ ਇਹ ਇਕੋ ਇਕ ਅਜਿਹਾ ਮੰਚ ਹੈ, ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਸ਼ਾਇਰਾਂ ਨੂੰ ਹਰ ਸਾਲ ਆਪਸ ਵਿਚ ਮਿਲ-ਬੈਠਣ ਤੇ ਆਪਸੀ ਸਾਂਝ ਨੂੰ ਹੋਰ ਪੀਢੀ ਕਰਨ ਦਾ ਮੌਕਾ ਦਿੰਦਾ ਹੈ। ਇਸ ਸਮਾਗਮ ਵਿਚ ਪੇਸ਼ ਕੀਤੀ ਜਾਣ ਵਾਲੀ ਸ਼ਾਇਰੀ ਜਿੱਥੇ ਰੂਹ ਨੂੰ ਸਕੂਨ ਦਿੰਦੀ ਹੈ, ਉਥੇ ਹੀ 'ਪੰਜਾਬੀ ਮਾਂ ਬੋਲੀ' ਲਈ ਪੰਜਾਬੀਆਂ ਦਾ ਮੋਹ ਵੀ ਦਿਖਾਈ ਦਿੰਦਾ ਹੈ। ਇਸ ਮੌਕੇ ਰਵਿੰਦਰ ਸਹਿਰਾਅ ਦੀ ਕਿਤਾਬ 'ਲਾਹੌਰ ਨਾਲ ਗੱਲਾਂ' ਵੀ ਲੋਕ ਅਰਪਣ ਕੀਤੀ ਗਈ ਅਤੇ ਕਵੀ ਦਰਬਾਰ ਵਿਚ ਕਵੀਆਂ ਨੇ ਖੂਬ ਰੰਗ ਬੰਨ੍ਹਿਆ।

ਲੰਘੇ ਸ਼ਨਿਚਰਵਾਰ ਨੂੰ ਕੇ.ਕੇ. ਪੰਮਾ ਦੇ ਰੈਸਟੋਰੈਂਟ 'ਟੱਚ ਆਫ ਸਪਾਈਸ' ਵਿਚ ਕਰਵਾਏ ਗਏ 'ਗਲੋਬਲ ਪੰਜਾਬੀ ਮਿਲਾਪ' ਦਾ ਇਸ ਵਾਰ ਦਾ ਵਿਸ਼ਾ ਸੀ 'ਪੰਜਾਬੀ ਅਖਾਣਾਂ'। ਮੁੱਖ ਮਹਿਮਾਨ ਵਜੋਂ ਵੈਨਕੂਵਰ ਤੋਂ ਉਘੇ ਲੇਖਕ ਸੁਰਜੀਤ ਸਿੰਘ ਮਾਧੋਪੁਰੀ ਪੁੱਜੇ ਸਨ। ਪ੍ਰਧਾਨਗੀ ਮੰਡਲ ਵਿਚ ਡਾ. ਸੁਰਿੰਦਰ ਸਿੰਘ ਗਿੱਲ (ਸਿੱਖ ਚਿੰਤਕ), ਸੁਰਜੀਤ ਸਿੰਘ ਮਾਧੋਪੁਰੀ, ਮਾਸਟਰ ਪਾਲ ਸਿੰਘ ਉਗੀ, ਜਨਾਬ ਮੁਸਤਫ਼ਾ ਅੰਜੁਮ ਤੇ ਜਨਾਬ ਜਾਵੇਦ ਭੱਟੀ ਬਿਰਾਜਮਾਨ ਸਨ। ਠਾਕਰ ਸਿੰਘ ਬਸਾਤੀ ਅਤੇ ਸਾਜਿਦ ਚੌਧਰੀ ਨੇ ਆਏ ਮਹਿਮਾਨਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਿਆ। ਹਮੇਸ਼ਾ ਵਾਂਗ ਨਵਰਾਜ ਬਸਾਤੀ ਨੇ ਸਟੇਜ ਦੀ ਕਾਰਵਾਈ ਬਾਖੂਬੀ ਸੰਭਾਲੀ ਅਤੇ ਜ਼ਿੰਦਗੀ ਦੇ ਫਲਸਫ਼ੇ ਨੂੰ ਸਾਂਝਾ ਕਰਦਿਆਂ ਦੱਸਿਆ ਕਿ ਜ਼ਿੰਦਗੀ ਵਿਚ ਸਭ ਪ੍ਰਾਪਤੀਆਂ ਤੋਂ ਬਾਅਦ ਉਹ ਬਾਬੇ ਨਾਨਕ ਦੇ ਸੰਦੇਸ਼ 'ਕਿਰਤ ਕਰੋ' ਨੂੰ ਤਰਜੀਹ ਦਿੰਦਿਆਂ ਹੁਣ ਕਿਸਾਨ ਬਣ ਗਈ ਹੈ। ਉਸ ਨੇ ਜਾਨਵਰਾਂ, ਪੰਛੀਆਂ ਦੀਆਂ ਉਦਾਹਰਨਾਂ ਦੇ ਕੇ ਬੋਲੀ ਦੇ ਮਹੱਤਵ ਤੋਂ ਜਾਣੂ ਕਰਵਾਇਆ ਅਤੇ ਆਪਣੇ ਫਾਰਮ ਵਿਚ ਤਿਆਰ ਕੀਤੇ ਫੁੱਲਾਂ ਦੇ ਗੁਲਦਸਤੇ ਮਹਿਮਾਨਾਂ ਨੂੰ ਦਿੱਤੇ, ਜਿਸ ਦੀ ਸਭ ਨੇ ਸ਼ਲਾਘਾ ਕੀਤੀ। ਉਨ੍ਹਾਂ ਦੇ ਫਾਰਮ ਵਿਚ ਤਿਆਰ ਕੀਤਾ ਆਰਗੈਨਿਕ ਸ਼ਹਿਦ ਵੀ ਮਹਿਮਾਨਾਂ ਨੂੰ ਦਿੱਤਾ ਗਿਆ।

ਭਾਰਤ, ਪਾਕਿਸਤਾਨ, ਅਮਰੀਕਾ ਅਤੇ ਕੈਨੇਡਾ ਤੋਂ ਪੁੱਜੇ ਕਵੀਆਂ/ਬੁਲਾਰਿਆਂ ਨੇ ਸਹੀ ਅਰਥਾਂ ਵਿਚ ਇਸ ਨੂੰ 'ਗਲੋਬਲ ਪੰਜਾਬੀ ਮਿਲਾਪ' ਬਣਾ ਦਿੱਤਾ। ਰਾਕਿੰਦ ਕੌਰ, ਠਾਕਰ ਸਿੰਘ ਬਸਾਤੀ ਅਤੇ ਸਾਜਿਦ ਚੌਧਰੀ ਨੇ ਮਿਲ-ਜੁਲ ਕੇ ਸਟੇਜ ਦੀ ਕਾਰਵਾਈ ਸੰਭਾਲਦਿਆਂ ਸ਼ਾਇਰਾਂ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ। ਪਹਿਲਾ ਸੱਦਾ ਕਿਰਪਾਲ ਕੌਰ ਨੂੰ ਦਿੱਤਾ ਗਿਆ, ਜਿਨ੍ਹਾਂ ਨੇ ਪ੍ਰੋਗਰਾਮ ਦੇ ਵਿਸ਼ੇ 'ਪੰਜਾਬੀ ਅਖਾਣਾਂ' ਦੇ ਪਿਛੋਕੜ ਅਤੇ ਇਨ੍ਹਾਂ ਦੀ ਸਾਡੇ ਜੀਵਨ ਵਿਚ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਆਖਿਆ ਕਿ ਬਹੁਤੇ ਅਖਾਣ ਅਜਿਹੇ ਹਨ, ਜਿਨ੍ਹਾਂ ਬਾਰੇ ਅਜੋਕੀ ਪੀੜ੍ਹੀ ਨੂੰ ਹੁਣ ਕੋਈ ਜਾਣਕਾਰੀ ਹੀ ਨਹੀਂ ਹੈ। ਉਨ੍ਹਾ ਬੀ ਦਾ ਲੇਖਾ, ਗਿੱਲਾ ਪੀਹਣ ਆਦਿ ਅਖਾਣਾਂ ਦੀ ਸ਼ੁਰੂਆਤ ਬਾਰੇ ਦੱਸਿਆ। ਅੰਮ੍ਰਿਤਪਾਲ ਕੌਰ (ਪੰਜਾਬ ਟਾਈਮਜ਼) ਨੇ ਆਪਣੀ ਹਾਸਰਸ ਕਵਿਤਾ ਨਾਲ ਸਾਰਿਆਂ ਨੂੰ ਲੋਟ-ਪੋਟ ਕਰ ਦਿੱਤਾ ਤੇ ਸ਼ੇਅਰਾਂ ਨਾਲ ਵਾਹ-ਵਾਹ ਖੱਟੀ। ਯਾਸੀਨ ਚੌਹਾਨ ਨੇ ਮੀਆਂ ਮੁਹੰਮਦ ਬਖਸ਼ ਦਾ ਕਲਾਮ ਆਪਣੀ ਬੁਲੰਦ ਆਵਾਜ਼ ਵਿਚ ਗਾ ਕੇ ਮਹਿਫਲ ਨੂੰ ਚਾਰ ਚੰਨ ਲਾ ਦਿੱਤੇ। ਸ਼ਿਕਾਗੋ ਦੇ ਉਘੇ ਗ਼ਜ਼ਲਗੋ ਕਸ਼ਿਸ਼ ਹੁਸ਼ਿਆਰਪੁਰੀ ਨੇ ਵੱਖਰੇ ਅੰਦਾਜ਼ 'ਚ ਆਪਣੇ ਸ਼ੇਅਰ 'ਕਿਸੇ ਮਾਰਿਆ ਸੀ ਜੋ ਮੇਰੇ ਦਿਲ ਉਤੇ, ਅਜੇ ਉਹ ਟੰਗਿਆ ਤੀਰ ਹੈ ਮੇਰੇ ਕਮਰੇ ਵਿਚ' ਤੇ ਹੋਰ ਸ਼ੇਅਰ ਸੁਣਾ ਕੇ ਹਾਜ਼ਰੀਨ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ। ਡਾ. ਅਫਜ਼ਾਲ ਹੁਰਾਂ ਨੇ ਉਰਦੂ ਵਿਚ ਆਪਣੇ ਸ਼ੇਅਰ ਪੜ੍ਹ ਕੇ ਸੁਣਾਏ। ਬਾਲਟੀਮੋਰ ਤੋਂ ਖਾਸ ਤੌਰ 'ਤੇ ਪੁੱਜੇ ਡਾ. ਸੁਰਿੰਦਰ ਸਿੰਘ ਗਿੱਲ ਹੁਰਾਂ ਨੇ ਆਪਣੀ ਪਤਨੀ ਵਲੋਂ ਪੰਜਾਬੀ ਮਾਂ ਬੋਲੀ ਬਾਰੇ ਲਿਖੀਆਂ ਸਤਰਾਂ ਸੁਣਾਈਆਂ। ਉਨ੍ਹਾਂ ਦੱਸਿਆ ਕਿ ਪੰਜਾਬੀ ਸੰਸਾਰ ਦੀ 10ਵੀਂ ਭਾਸ਼ਾ ਹੈ ਤੇ 120 ਮਿਲੀਅਨ ਲੋਕ ਇਸਨੂੰ ਬੋਲਦੇ ਹਨ ਪਰ ਲਹਿੰਦੇ ਪੰਜਾਬ ਵਿਚ ਇਸ ਦੀ ਹਾਲਤ ਬਹੁਤੀ ਚੰਗੀ ਨਹੀਂ ਤੇ ਚੜ੍ਹਦੇ ਪੰਜਾਬ ਵਿਚ ਵੀ ਦਰਜਾ ਮਿਲਣ ਦੇ ਬਾਵਜੂਦ ਕੰਮ ਪੰਜਾਬੀ ਵਿਚ ਨਹੀਂ ਹੋ ਰਹੇ। ਉਨ੍ਹਾਂ ਦੱਸਿਆ ਕਿ ਉਹ ਪਿਛਲੇ 10 ਸਾਲਾਂ ਤੋਂ ਪੰਜਾਬੀ ਮਾਂ ਬੋਲੀ ਲਈ ਕੰਮ ਕਰ ਰਹੇ ਹਨ ਪਰ ਘਰਾਂ ਵਿਚ ਪੰਜਾਬੀ ਬੋਲਣਾ ਜ਼ਰੂਰੀ ਹੈ।

ਨੌਜੁਆਨ ਕਵਿੱਤਰੀ ਰਾਕਿੰਦ ਕੌਰ ਨੇ ਆਪਣੇ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਆਪਣੀ ਸੰਜੀਦਾ ਕਵਿਤਾ ਪੇਸ਼ ਕੀਤੀ, ਜਿਸ ਵਿਚ ਇਮਾਨਦਾਰ ਵਿਅਕਤੀ ਨਾਲ ਹੁੰਦੀ ਬੇਈਮਾਨੀ, ਕਿਸਾਨਾਂ ਦੇ ਦਰਦ ਨੂੰ ਬਾਖੂਬੀ ਬਿਆਨ ਕੀਤਾ ਗਿਆ ਸੀ। ਉਸ ਨੇ ਆਪਣੀ ਕਵਿਤਾ ਨਾਲ ਸਭ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਉਘੇ ਨਾਟਕਕਾਰ ਡਾ. ਰਿਆਜ਼ ਬਾਬਰ ਨੇ 'ਮਿਲਾਪ' ਦੀ ਪ੍ਰਸ਼ੰਸਾ ਕਰਦਿਆਂ ਡੂੰਘੇ ਅਰਥਾਂ ਵਾਲਾ ਸ਼ੇਅਰ 'ਆਜਾ ਗੌਤਮ ਢਿੱਡ ਵਟਾ ਲੈ, ਸੁਣਿਐਂ ਤੈਨੂੰ ਭੁੱਖ ਨਈਂ ਲੱਗਦੀ; ਸੁਣਾਇਆ। ਉਨ੍ਹਾਂ ਮਾਰਚ ਮਹੀਨੇ ਨੌਜਵਾਨਾਂ ਲਈ ਕਰਵਾਏ ਜਾ ਰਹੇ ਮੁਕਾਬਲਿਆਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ, ਜਿਨ੍ਹਾਂ ਦੇ ਰਹਿਣ-ਸਹਿਣ ਖਾਣ ਪੀਣ ਦਾ ਖਰਚਾ ਉਨ੍ਹਾਂ ਵਲੋਂ ਹੀ ਕੀਤਾ ਜਾਵੇਗਾ। ਆਬਿਦ ਰਸ਼ੀਦ ਨੇ ਆਪਣੀ ਨਜ਼ਮ ਆਪੋ ਆਪਣੇ ਕੰਮਾਂ ਨੂੰ ਤੁਰ ਜਾਂਦੇ ਬੱਚਿਆਂ ਤੇ ਇਕੱਲੇ ਘਰ ਵਿਚ ਰਹਿ ਜਾਂਦੇ ਬਜ਼ੁਰਗਾਂ ਨੂੰ ਸਮਰਪਿਤ ਕੀਤੀ, 'ਭਲੀਏ ਲੋਕੇ ਆਪਣਾ ਬੋਝਾ ਆਪੇ ਲਈਏ ਢੋਅ' ਸੁਣਾ ਕੇ ਸੱਚ ਦਾ ਇਜ਼ਹਾਰ ਕੀਤਾ।

ਪ੍ਰੋਗਰਾਮ ਦੇ ਮੁੱਖ ਮਹਿਮਾਨ ਸੁਰਜੀਤ ਸਿੰਘ ਮਾਧੋਪੁਰੀ ਨੇ ਸ਼ੇਅਰ ਨਾਲ ਆਪਣੀ ਗੱਲ ਸ਼ੁਰੂ ਕੀਤੀ ਅਤੇ ਮਿਲਾਪ ਬਾਰੇ ਆਪਣੇ ਦਿਲ ਦੇ ਵਲਵਲੇ ਗਾ ਕੇ ਸੁਣਾਏ, 'ਲਹਿੰਦੇ ਅਤੇ ਚੜ੍ਹਦੇ ਨੂੰ ਪੈਗਾਮ ਲੈ ਕੇ ਆਏ ਹਾਂ, ਆਏ ਹੋਏ ਸੱਜਣਾਂ ਦੇ ਨਾਮ ਲੈ ਕੇ ਆਏ ਹਾਂ'। ਉਨ੍ਹਾ ਤਰੰਨਮ ਵਿਚ ਸ਼ੇਅਰ ਸੁਣਾ ਕੇ ਸਾਰਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਉਨ੍ਹਾਂ ਦੀ ਸ਼ਾਇਰੀ ਸੁਣ ਕੇ ਸਾਰੇ ਅਸ਼-ਅਸ਼ ਕਰ ਉਠੇ। ਮਾਸਟਰ ਪਾਲ ਸਿੰਘ ਉਗੀ ਹੁਰਾਂ ਨੇ ਰਵਿੰਦਰ ਸਹਿਰਾਅ ਦੀ ਕਿਤਾਬ 'ਲਾਹੌਰ ਨਾਲ ਗੱਲਾਂ' ਬਾਰੇ ਪਰਚਾ ਪੜ੍ਹਿਆ ਤੇ ਕਿਤਾਬ ਦੀ ਭਰਵੀਂ ਪ੍ਰਸ਼ੰਸਾ ਕੀਤੀ। ਉਨ੍ਹਾਂ ਬੋਲੀ ਬਾਰੇ ਵਿਚਾਰ ਸਾਂਝੇ ਕਰਦਿਆਂ ਮਾਂ ਬੋਲੀ ਨਾਲ ਹੁੰਦੇ ਵਿਤਕਰੇ ਬਾਰੇ ਵੀ ਗੱਲਬਾਤ ਕੀਤੀ ਤੇ ਕਈ ਵਾਰ ਭਾਸ਼ਾ ਕਾਰਨ ਪੈਦਾ ਹੁੰਦੀ ਕਨਫਿਊਜ਼ਨ ਬਾਰੇ ਵੀ ਦੱਸਿਆ। ਜਾਵੇਦ ਭੱਟੀ ਹੁਰਾਂ ਨੇ ਅਖਾਣਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।

ਇਸ ਮੌਕੇ ਰਵਿੰਦਰ ਸਹਿਰਾਅ ਹੁਰਾਂ ਦੀ ਕਿਤਾਬ 'ਲਾਹੌਰ ਨਾਲ ਗੱਲਾਂ' ਵੀ ਰਿਲੀਜ਼ ਕੀਤੀ ਗਈ, ਜਿਸ ਲਈ ਸਾਰਿਆਂ ਨੇ ਸਹਿਰਾਅ ਹੁਰਾਂ ਨੂੰ ਵਧਾਈ ਦਿੱਤੀ ਅਤੇ ਡਾ. ਆਤਮਜੀਤ ਤੇ ਤਾਹਿਰ ਸੰਧੂ ਨੇ ਵੀਡੀਓ ਸੰਦੇਸ਼ ਭੇਜੇ।

ਰਾਜਾ ਯਾਕੂਬ ਨੇ ਜ਼ਬਾਨ ਦੀ ਮਹੱਤਤਾ 'ਤੇ ਚਾਨਣਾ ਪਾਇਆ। ਉਨ੍ਹਾਂ ਆਖਿਆ ਕਿ ਸੱਭਿਆਚਾਰ ਅਤੇ ਬੋਲੀ ਇਕ ਇਨਸਾਨ ਨੂੰ ਦੂਜੇ ਦੇ ਨੇੜੇ ਲੈ ਕੇ ਆਉਂਦੇ ਹਨ। ਉਨ੍ਹਾਂ ਇਕ ਨਜ਼ਮ 'ਕਿਸ ਦਾ ਦੋਸ਼ ਸੀ, ਕਿਸ ਦਾ ਨਹੀਂ ਸੀ' ਪੜ੍ਹ ਕੇ ਸੁਣਾਈ। ਤਾਹਿਰਾ ਰਿਦਾ ਨੇ ਆਪਣੀ ਕਵਿਤਾ 'ਗੱਡੀਏ ਕਿਉਂ ਸੂਕਦੀ ਏਂ' ਸੁਣਾਈ। ਗੁਲਾਮ ਮੁਸਤਫ਼ਾ ਅੰਜੁਮ ਦੀਆਂ ਬੋਲੀਆਂ ਅਤੇ ਹਾਸਰਸ ਸ਼ਾਇਰੀ ਪ੍ਰੋਗਰਾਮ ਦਾ ਸਿਖਰ ਹੋ ਨਿੱਬੜੀ। ਸੁਰਿੰਦਰ ਕੌਰ ਸੰਘਾ ਨੇ ਦੇਸ਼ ਦੀ ਵੰਡ ਬਾਰੇ ਭਾਵੁਕ ਕਰਦੀ ਆਪਣੀ ਕਵਿਤਾ ਸੁਣਾਈ। ਡਾ. ਰਵਿੰਦਰ ਸਹਿਰਾਅ ਨੇ ਆਪਣੇ ਪਾਕਿਸਤਾਨ ਦੇ ਸਫ਼ਰ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸਭਨਾਂ ਨੂੰ ਇਕ ਵਾਰ ਲਾਹੌਰ ਵੇਖਣ ਦੀ ਤਾਕੀਦ ਕੀਤੀ। ਉਨ੍ਹਾਂ ਨੇ ਆਪਣੀ ਕਿਤਾਬ 'ਲਾਹੌਰ ਨਾਲ ਗੱਲਾਂ' ਬਾਰੇ ਵੀ ਦੱਸਿਆ ਕਿ ਇਹ ਉਨ੍ਹਾਂ ਦਾ ਸਫਰਨਾਮਾ ਹੈ, ਜਿਸ ਵਿਚੋਂ ਪਾਕਿਸਤਾਨ ਬਾਰੇ ਭਰਪੂਰ ਜਾਣਕਾਰੀ ਪਾਠਕਾਂ ਨੂੰ ਮਿਲੇਗੀ। ਉਨ੍ਹਾਂ ਆਪਣੀ ਨਜ਼ਮ 'ਲਾਹੌਰ ਵਸੇਂਦੀਓ ਕੁੜੀਓ' ਸੁਣਾਈ ਜਿਸ 'ਤੇ ਸਭ ਨੇ ਦਾਦ ਦਿਤੀ। ਠਾਕਰ ਸਿੰਘ ਬਸਾਤੀ ਨੇ ਮੀਡੀਆ ਦਾ ਵੀ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਹੁਣ ਗੂਗਲ 'ਤੇ ਗੁਰਮੁਖੀ ਦੇ ਨਾਲ-ਨਾਲ ਸ਼ਾਹਮੁਖੀ ਵੀ ਸ਼ੁਰੂ ਹੋ ਗਈ ਹੈ। ਸਾਜਿਦ ਚੌਧਰੀ ਨੇ ਦੱਸਿਆ ਕਿ ਪਾਕਿਸਤਾਨ ਮੀਡੀਆ ਵਿਚ ਇਸ ਪ੍ਰੋਗਰਾਮ ਨੂੰ ਵਧੀਆ ਕਵਰੇਜ ਦਿੱਤੀ ਜਾਂਦੀ ਹੈ। ਉਨ੍ਹਾਂ ਹਾਸਾ-ਠੱਠਾ ਕਰਦਿਆਂ ਕਿਹਾ ਕਿ ਉਹ ਖਰਾਬ ਮੌਸਮ ਦੇ ਚਲਦਿਆਂ ਹੁਡ ਆਪਣੀ ਨਜ਼ਮ ਨਹੀਂ ਸੁਣਾਉਣਗੇ ਅਤੇ ਆਪਣੇ ਹਿੱਸੇ ਦੇ ਅਖਾਣ ਸਾਰਿਆਂ ਦੇ ਘਰੀਂ ਭੇਜ ਦੇਣਗੇ।



ਪ੍ਰਬੰਧਕਾਂ ਵਲੋਂ ਆਏ ਪਤਵੰਤਿਆਂ ਨੂੰ ਸ਼ਾਲ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਕੇ ਕੇ ਪੰਮਾ ਨੂੰ ਵੀ ਉਸ ਦੀ ਮਿਹਨਤ ਲਈ ਸ਼ਾਲ ਦੇ ਕੇ ਨਿਵਾਜਿਆ ਗਿਆ।



ਪ੍ਰੋਗਰਾਮ ਦੀ ਸਫਲਤਾ ਲਈ ਰਾਕਿੰਦ ਕੌਰ, ਨਵਰੀਤ ਅਤੇ ਨਵਰਾਜ ਬਸਾਤੀ ਨੇ ਹਮੇਸ਼ਾ ਵਾਂਗ ਵੱਡਾ ਯੋਗਦਾਨ ਪਾਇਆ। ਇਸ ਮੌਕੇ ਸੋਫਟ ਸੰਸਥਾ ਦੇ ਪ੍ਰਬੰਧਕਾਂ ਨੇ ਵੀ ਉਨ੍ਹਾਂ ਵਲੋਂ ਘਰਾਂ ਵਿਚ ਦਿੱਤੀਆਂ ਜਾਂਦੀਆਂ ਮੈਡੀਕਲ ਸੇਵਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਪ੍ਰੋਗਰਾਮ ਦੌਰਾਨ ਖਾਣੇ ਦੀ ਸੇਵਾ ਗੁਲਜ਼ਾਰ ਸਿੰਘ ਮੁਲਤਾਨੀ ਵਲੋਂ ਕੀਤੀ ਗਈ, ਜਿਸ ਲਈ ਠਾਕਰ ਸਿੰਘ ਬਸਾਤੀ ਨੇ ਉਨ੍ਹਾਂ ਦਾ ਧੰਨਵਾਦ ਕੀਤਾ।

ਅਗਲੇ ਸਾਲ ਮੁੜ ਮਿਲਣ ਦੇ ਵਾਅਦੇ ਨਾਲ ਇਹ ਪ੍ਰੋਗਰਾਮ ਸਫਲਤਾਪੂਰਵਕ ਸੰਪੰਨ ਹੋਇਆ।



















# ਸੰਵਿਧਾਨ ਨੂੰ ਕੁਚਲਦੇ ਸੀ ਇਸ ਨੂੰ ਸਿਰ ’ਤੇ ਰੱਖ ਕੇ ਨੱਚਣ ਵਾਲੇ: ਮੋਦੀ

**ਨਵੀਂ ਦਿੱਲੀ:** ਦਵਾਰਕਾ ਐਕਸਪ੍ਰੈੱਸ ਵੇਅ ਦੇ ਦਿੱਲੀ ਵਾਲੇ ਹਿੱਸੇ ਤੇ ਅਰਬਨ ਐਕਸਟੈਨਸ਼ਨ ਰੋਡ-2 ਨੂੰ ਲੋਕ-ਅਰਪਣ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਨ.ਸੀ.ਆਰ. ਦੇ ਵਿਕਾਸ ਨੂੰ ਲੈ ਕੇ ਵਚਨਬੱਧਤਾ ਪ੍ਰਗਟਾਈ। ਉਨ੍ਹਾਂ ਯਾਦ ਦਿਵਾਇਆ ਕਿ ਹੁਣ ਕੇਂਦਰ ਦੇ ਨਾਲ ਹੀ ਦਿੱਲੀ, ਹਰਿਆਣਾ, ਰਾਜਸਥਾਨ ਤੇ ਉੱਤਰ ਪ੍ਰਦੇਸ਼ ‘ਚ ਭਾਜਪਾ ਦੀ ਸਰਕਾਰ ਹੈ। ਐਨ.ਸੀ.ਆਰ. ਨੂੰ ਨਕਾਰਾਤਮਕ ਸਿਆਸਤ ਤੋਂ ਆਜ਼ਾਦੀ ਮਿਲੀ ਹੈ। ਇੰਨਾ ਹੀ ਨਹੀਂ, ਇਕ ਮਹੀਨੇ ਤੱਕ ਬਿਨਾਂ ਸੂਚਨਾ ਗ਼ੈਰ-ਹਾਜ਼ਰੀ ‘ਤੇ ਸਫਾਈ ਕਾਮਿਆਂ ਨੂੰ ਜੇਲ੍ਹ ਭੇਜਣ ਦੇ ਪ੍ਰਬੰਧ ਦੀ ਯਾਦ ਦਿਵਾਉਂਦੇ ਹੋਏ ਪੀ.ਐਮ ਨੇ ਵਿਰੋਧੀਆਂ ਨੂੰ ਕਟਹਿਰੇ ‘ਚ ਖੜ੍ਹਾ ਕੀਤਾ। ਕਿਹਾ ’’ਸੰਵਿਧਾਨ ਸਿਰ ‘ਤੇ ਰੱਖ ਕੇ ਨੱਚਣ ਵਾਲੇ ਸੰਵਿਧਾਨ ਨੂੰ ਕੁਚਲਦੇ ਸਨ।’’ ਅੱਜ ਜੋ ਸਮਾਜਿਕ ਨਿਆਂ ਦੀਆਂ ਵੱਡੀਆਂ ਵੱਡੀਆਂ ਗੱਲਾ ਕਰਦੇ ਹਨ, ਉਨ੍ਹਾਂ ਅਜਿਹੇ ਕਈ ਨਿਯਮ- ਕਾਨੂੰਨ ਦੇਸ਼ ‘ਚ ਬਣਾ ਰੱਖੇ ਸਨ। ਇਹ ਮੋਦੀ ਹੈ, ਜੋ ਇਸ ਤਰ੍ਹਾਂ ਦੇ ਗ਼ਲਤ ਕਾਨੂੰਨਾਂ ਨੂੰ ਲੱਭ-ਲੱਭ ਕੇ ਖਤਮ ਕਰ ਰਿਹਾ ਹੈ। ਸਾਡੀ ਸਰਕਾਰ ਅਜਿਹੇ ਸੈਂਕੜੇ ਕਾਨੂੰਨਾਂ ਨੂੰ ਖ਼ਤਮ ਕਰ ਚੁੱਕੀ ਹੈ ਤੇ ਇਹ ਮੁਹਿੰਮ ਲਗਾਤਾਰ ਜਾਰੀ ਹੈ।



ਐਤਵਾਰ ਨੂੰ ਦਿੱਲੀ ਦੇ ਰੋਹਿਣੀ ਖੇਤਰ ‘ਚ ਹੋਏ ਲੋਕ-ਅਰਪਣ ਸਮਾਰੋਹ ‘ਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦਿੱਲੀ ਨੂੰ ਅਸੀਂ ਵਿਕਾਸ ਦਾ ਅਜਿਹਾ ਮਾਡਲ ਬਣਾਉਣਾ ਹੈ, ਜਿਥੇ ਸਾਰਿਆਂ ਨੂੰ ਮਹਿਸੂਸ ਹੋਵੇ ਕਿ ਇਹ ਵਿਕਸਤ ਹੁੰਦੇ ਭਾਰਤ ਦੀ ਰਾਜਧਾਨੀ ਹੈ। ਬੀਤੇ 11 ਸਾਲਾਂ ਤੋਂ ਕੇਂਦਰ ਦੀ ਭਾਜਪਾ ਸਰਕਾਰ ਨੇ ਇਸਦੇ ਲਈ ਵੱਖ ਵੱਖ ਪੱਧਰਾਂ ‘ਤੇ ਲਗਾਤਾਰ ਕੰਮ ਕੀਤਾ ਹੈ। ਐੱਨ.ਸੀ.ਆਰ ਦੀ ਕੁਨੈਕਟੀਵਿਟੀ ‘ਚ ਸ਼ਾਨਦਾਰ ਸੁਧਾਰ ਹੋਇਆ ਹੈ। ਵਿਕਾਸ ਕੰਮਾਂ ਤੇ ਯਮੁਨਾ ਦੀ ਸਫ਼ਾਈ ਲਈ ਦਿੱਲੀ ਦੀ ਭਾਜਪਾ ਸਰਕਾਰ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਰਾਜਧਾਨੀ ਦਿੱਲੀ ‘ਚ ਕਈ ਵਰ੍ਹਿਆਂ ਬਾਅਦ ਭਾਜਪਾ ਦੀ ਸਰਕਾਰ ਬਣੀ ਹੈ। ਪਿਛਲੀਆਂ ਸਰਕਾਰਾਂ ਨੇ ਦਿੱਲੀ ਨੂੰ ਬਰਬਾਦ ਕੀਤਾ ਤੇ ਟੋਏ ‘ਚ ਸੁੱਟੀ ਦਿੱਤਾ ਸੀ। ਪਹਿਲਾਂ ਤਾਂ ਉਹ ਟੋਇਆ ਭਰਨ ‘ਚ ਤਾਕਤ ਲੱਗੇਗੀ ਤੇ ਫਿਰ ਬੜੀ ਮੁਸ਼ਕਲ ਨਾਲ ਕੁਝ ਕੰਮ ਨਜ਼ਰ ਆਵੇਗਾ। ਐੱਨ.ਸੀ.ਆਰ. ਨਾਲ ਸਬੰਧਤ ਸੂਬਿਆਂ ‘ਚ ਭਾਜਪਾ ਸਰਕਾਰ ਦੀ ਸੰਜੋਗ ਯਾਦ ਦਿਵਾਉਂਦੇ ਹੋਏ ਮੋਦੀ ਨੇ ਬਿਨਾਂ ਕਿਸੇ ਪਾਰਟੀ ਦਾ ਨਾਂ ਲਏ ਵਿਰੋਧੀਆਂ ਨੂੰ ਲੰਮੇ ਹੱਥੀਂ ਲੈਣਾ ਸ਼ੁਰੂ ਕੀਤਾ। ਉਹਨਾਂ ਕਿਹਾ ਕਿ ਕੁਝ ਸਿਆਸੀ ਪਾਰਟੀਆਂ ਹਨ, ਜੋ ਜਨਤਾ ਦੇ ਆਸ਼ੀਰਵਾਦ ਨੂੰ ਪਚਾ ਨਹੀਂ ਪਾ ਰਹੀਆਂ। ਉਹ ਜਨਤਾ ਦੇ ਵਿਸ਼ਵਾਸ ਤੇ ਜ਼ਮੀਨੀ ਸੱਚਾਈ, ਦੋਵਾਂ ਤੋਂ ਬਹੁਤ ਕੱਟ ਚੁੱਕੇ ਹਨ। ਕੁਝ ਮਹੀਨੇ ਪਹਿਲਾਂ ਕਿਸ ਤਰ੍ਹਾਂ ਦਿੱਲੀ ਤੇ ਹਰਿਆਣਾ ਦੇ ਲੋਕਾਂ ਨੂੰ ਇਕ-ਦੂਜੇ ਦੇ ਖ਼ਿਲਾਫ਼ ਖੜ੍ਹਾ ਕਰਨ ਦੀਆਂ ਦੁਸ਼ਮਣੀ ਭਰੀਆਂ ਸਾਜ਼ਿਸ਼ਾਂ ਰਚੀਆਂ ਗਈਆਂ।

# ਆਮਦਨ ਤੋਂ ਵੱਧ ਜਾਇਦਾਦ ਮਾਮਲੇ ’ਚ ਮਜੀਠੀਆ ਦੀ ਜ਼ਮਾਨਤ ਅਰਜ਼ੀ ਖ਼ਾਰਜ

**ਚੰਡੀਗੜ੍ਹ:** ਅੱਜ ਮੁਹਾਲੀ ਦੇ ਵਧੀਕ ਜਿਲ੍ਹਾ ਤੇ ਸੈਸ਼ਨ ਜੱਜ ਹਰਦੀਪ ਸਿੰਘ ਦੀ ਅਦਾਲਤ ਵਲੋਂ ਵਿਜੀਲੈਂਸ ਵਿਭਾਗ ਵਲੋਂ ਜਾਇਦਾਦ ਬਣਾਉਣ ਦੇ ਮਾਮਲੇ ਵਿਚ 25 ਜੂਨ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤੇ ਗਏ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਰਮ ਸਿੰਘ ਮਜੀਠੀਆ ਦੀ ਜ਼ਮਾਨਤ ਅਰਜੀ ਖਾਰਜ ਕਰ ਦਿੱਤੀ ਹੈ। ਅਦਾਲਤ ਵਿਚ ਬਚਾਅ ਧਿਰ ਵਲੋਂ ਵਕੀਲ ਡੀ. ਐਸ. ਸੋਬਤੀ ਅਤੇ ਅਕਾਲੀ ਦਲ ਦੇ ਬੁਲਾਰੇ ਵਕੀਲ ਅਰਸ਼ਦੀਪ ਸਿੰਘ ਕਲੇਰ ਪੇਸ਼ ਹੋਏ, ਜਦਕਿ ਇਸਤਗਾਸਾ ਪੱਖ ਵਲੋਂ ਵਿਸ਼ੇਸ਼ ਸਰਕਾਰੀ ਵਕੀਲ ਫੈਰੀ ਸੋਫਤ, ਵਿਸ਼ੇਸ਼ ਸਰਕਾਰੀ ਵਕੀਲ ਪ੍ਰੀਤਇੰਦਰ ਪਾਲ ਸਿੰਘ ਅਤੇ ਜਿਲ੍ਹਾ ਅਟਾਰਨੀ (ਵਿਜੀਲੈਂਸ) ਮਨਜੀਤ ਸਿੰਘ ਪੇਸ਼ ਹੋਏ। ਇਸ ਮੌਕੇ ਵਿਜੀਲੈਂਸ ਬਿਊਰੋ ਦੇ ਡੀ.ਐਸ.ਪੀ. ਇੰਦਰਪਾਲ ਸਿੰਘ ਸਮੇਤ ਹੋਰ ਅਧਿਕਾਰੀ ਵੀ ਅਦਾਲਤ ਵਿਚ ਮੌਜੂਦ ਰਹੇ। ਜਿਕਰਯੋਗ ਹੈ ਕਿ ਮਜੀਠੀਆ 11 ਦਿਨਾਂ ਦੇ ਪੁਲਿਸ ਰਿਮਾਂਡ ਮਗਰੋਂ 6 ਜੁਲਾਈ ਤੋਂ ਨਿਆਂਪਾਲਿਕਾ ਹਿਰਾਸਤ ਤਹਿਤ ਜੇਲ੍ਹ ਵਿਚ ਨਜ਼ਰਬੰਦ ਹਨ। ਮੁਹਾਲੀ ਅਦਾਲਤ ਨੇ 14 ਅਗਸਤ ਨੂੰ ਨਾਭਾ ਜੇਲਣ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਪਿਛਲਾ ਨਿਆਇਕ ਰਿਮਾਂਡ 28 ਅਗਸਤ ਤੱਕ ਵਧਾ ਦਿੱਤਾ ਸੀ। ਦੱਸਣਯੋਗ ਹੈ ਕਿ ਮਜੀਠੀਆ ਵਲੋਂ 14 ਜੁਲਾਈ ਨੂੰ ਮੁਹਾਲੀ ਦੀ ਅਦਾਲਤ ਵਿਚ ਜ਼ਮਾਨਤ ਅਰਜੀ ਦਾਇਰ ਕੀਤੀ ਗਈ ਸੀ ਤੇ 18 ਅਗਸਤ ਨੂੰ ਇਕ ਮਹੀਨੇ ਤੋਂ ਬਾਅਦ ਦੋਵਾਂ ਪੱਖਾਂ ਦੀ ਬਹਿਸ ਹੋਣ



ਮਗਰੋਂ ਫੈਸਲੇ ਦੀ ਆਸ ਵਿਚ ਦੋਵਾਂ ਧਿਰਾਂ ਵਲੋਂ ਕਈ ਘੰਟਿਆਂ ਤੱਕ ਉਡੀਕ ਕੀਤੀ ਗਈ ਅਤੇ ਸ਼ਾਮ ਸਮੇਂ ਮੁਹਾਲੀ ਦੇ ਵਧੀਕ ਜਿਲ੍ਹਾ ਤੇ ਸੈਸ਼ਨ ਜੱਜ ਹਰਦੀਪ ਸਿੰਘ ਦੀ ਅਦਾਲਤ ਨੇ ਜ਼ਮਾਨਤ ਅਰਜੀ ਖਾਰਜ ਕਰ ਦਿੱਤਾ।


SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

**Domestic fares available**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

847-359-0746


# Matrimonials

## ਲੜਕੇ ਦੀ ਲੋੜ ਹੈ

Looking for a well-educated and professional Jat Sikh match, preferably a citizen or green card holder, for a 30 years, 5’3" tall, US-based H-1B visa holder, M.Sc. Computer Science professional girl. Currently working as a Data Scientist in an MNC. Family well settled in India. Elder brother green card in USA. Serious inquiries, please contact +1-224-584-8673 (father) or +1-317-500-0470 (brother). Email: nsinghsar@gmail.com

34-37

Ramgarhia Sikh family seeking a suitable match for their Doctor daughter, 30, 5’6". MBBS (Silver Medalist) from India. Presently in first year of fellowship after Residency (internal medicine) in USA. Father retired as Colonel from Indian Army. Mother working as Lecturer. Caste no bar. Contact us at: +91 9471004633 and +1 (570) 880-0136.

## ਲੜਕੀ ਦੀ ਲੋੜ ਹੈ

Jat Sikh parents seek U.S. born match for their U.S. born son, 28 years, 6" tall, vegetarian, non-drinker, living in a joint family setting in Chicago. He has a Bachelor’s degree and is working as an analyst. Caste no bar. Preference to medical field or working stable job. Please contact us at 773-442-2143 if interested.

34-37

Sikh family seeking a suitable match for their 6’1", 30 year old son, born and raised in the US, and currently a third-year Internal Medicine resident. He is family oriented, and values our cultural traditions who enjoys being physically active, spending time with family and friends as well as traveling. We are looking for a smart and kind girl, born and raised in the US or Canada, who is also professional and shares similar values and is ready to build a life together with our son and is open to living in California.Family is well educated and settled in California for a long time. Contact: Harjit Kaur @ 925-225-1400

34-37

Seeking an educated and professional match (American citizen or Permanent Resident) for a 1992-born in Punjab boy (Ramdasia and others), 5’8" Education: B.Tech, MBA(IIT Delhi), MS in Business Analytics (University of Colorado). Currently working as a Business Analyst in Chicago, USA. Belongs to a well-educated and reputed family. Caste No bar. Please contact at +91-7589242016 (Whatsapp) or +1-7204996020.

32-35

Ramgarhia Sikh family seeking a suitable match for their son, 28, 5’11", with a Bachelor’s degree. Currently residing in the USA with his family. The prospective bride should be from the USA, vegetarian, and willing to live in a joint family. Contact: at: 630-283-7423 or Email: kaur082024@gmail.com

32-35

Jatt Sikh Shergill family seeking an equally qualified USA citizen match for their, 28, 6’1” son. He has done B.E. Electrical from PU Chandigarh (PEC) and working as a senior analyst at United Airline Gurgaon. He has 10 years USA visitor visa and comes USA frequently through company. Elder brother is married and doing business in the USA. Mother is a central govt. employee in Chandigarh. Residence is at Mohali. Interested please call us at: 317-430-6545 or email at csahi1949@gmail.com

31-34

Ramgarhia Family seeks a suitable match for their USA Born and Raised 30 year 5’6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.




UMA TRAVELS

2541 W. Devon Ave., Chicago, IL 60659

For Delhi Amritsar-Bombay Ahmedabad, Hydrabad-Madras

Call For Special Sale Fares

Call: 773-338-5603

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਪੁਤਿਨ ਨੇ ਮੋਦੀ ਨਾਲ ਫ਼ੋਨ 'ਤੇ ਕੀਤੀ ਗੱਲਬਾਤ

## ਅਲਾਸਕਾ ਮੀਟਿੰਗ ਬਾਰੇ ਸਾਂਝੀ ਕੀਤੀ ਜਾਣਕਾਰੀ

**ਨਵੀਂ ਦਿੱਲੀ:** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਯੂਕਰੇਨ 'ਚ ਜੰਗ ਖਤਮ ਕਰਨ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਆਪਣੀ ਗੱਲਬਾਤ ਬਾਰੇ ਜਾਣਕਾਰੀ ਸਾਂਝੀ ਕੀਤੀ। ਪੁਤਿਨ ਨੇ ਮੋਦੀ ਨਾਲ ਅਲਾਸਕਾ 'ਚ ਹੋਈ ਉੱਚ ਪੱਧਰੀ ਗੱਲਬਾਤ ਜੋ ਬਿਨਾਂ ਕਿਸੇ ਜੰਗਬੰਦੀ ਸਮਝੌਤੇ ਦੇ ਸਮਾਪਤ ਹੋ ਗਈ, ਦੇ ਤਿੰਨ ਦਿਨ ਬਾਅਦ ਫ਼ੋਨ 'ਤੇ ਗੱਲਬਾਤ ਕੀਤੀ। ਗੱਲਬਾਤ ਦੇ ਬਾਅਦ ਮੋਦੀ ਨੇ ਕਿਹਾ ਕਿ ਭਾਰਤ ਨੇ ਲਗਾਤਾਰ ਯੂਕਰੇਨ ਸੰਘਰਸ਼ ਦੇ ਸ਼ਾਂਤੀਪੂਰਨ ਹੱਲ ਦਾ ਸੱਦਾ ਦਿੱਤਾ ਹੈ ਅਤੇ ਇਸ ਸੰਬੰਧ 'ਚ ਸਾਰੇ ਯਤਨਾਂ ਦਾ ਸਮਰਥਨ ਕਰਦਾ ਹੈ। ਸੋਸ਼ਲ ਮੀਡੀਆ ਪੋਸਟ 'ਚ ਮੋਦੀ ਨੇ ਕਿਹਾ ਕਿ 'ਮੇਰੇ ਮਿੱਤਰ ਰਾਸ਼ਟਰਪਤੀ ਪੁਤਿਨ ਨੂੰ ਉਨ੍ਹਾਂ ਦੇ ਫ਼ੋਨ ਕਾਲ ਅਤੇ ਅਲਾਸਕਾ 'ਚ ਟਰੰਪ ਨਾਲ ਉਨ੍ਹਾਂ ਦੀ ਹਾਲੀਆ ਬੈਠਕ ਬਾਰੇ 'ਚ ਜਾਣਕਾਰੀ ਸਾਂਝੀ ਕਰਨ ਲਈ ਧੰਨਵਾਦ।' ਪ੍ਰਧਾਨ ਮੰਤਰੀ ਦਫ਼ਤਰ (ਪੀ.ਐਮ.ਓ.) ਨੇ ਕਿਹਾ ਕਿ ਪੁਤਿਨ ਨੇ



ਟਰੰਪ ਨਾਲ ਆਪਣੀ ਮੀਟਿੰਗ ਬਾਰੇ ਵਿਚਾਰ ਸਾਂਝੇ ਕੀਤੇ। ਪੁਤਿਨ ਦਾ ਧੰਨਵਾਦ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕੂਟਨੀਤੀ ਤੇ ਗੱਲਬਾਤ ਜ਼ਰੀਏ ਜੰਗ ਦੇ ਸ਼ਾਂਤੀਪੂਰਨ ਹੱਲ ਲਈ ਭਾਰਤ ਦੇ ਦ੍ਰਿੜ੍ਹ ਰੁਖ ਨੂੰ ਸਪੱਸ਼ਟ ਕੀਤਾ। ਉਨ੍ਹਾਂ ਦੁਹਰਾਇਆ ਕਿ ਭਾਰਤ ਇਸ ਸੰਬੰਧ 'ਚ ਸਾਰੇ ਯਤਨਾਂ ਦਾ ਸਮਰਥਨ ਕਰਦਾ ਹੈ। ਪੀ.ਐਮ.ਓ. ਨੇ ਕਿਹਾ ਕਿ ਦੋਵਾਂ ਆਗੂਆਂ ਨੇ ਭਾਰਤ ਤੇ ਰੂਸ ਵਿਚਾਲੇ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦੇ ਮਕਸਦ ਨਾਲ ਦੁਵੱਲੇ ਸਹਿਯੋਗ ਦੇ ਕਈ ਮੁੱਦਿਆਂ 'ਤੇ ਚਰਚਾ ਕੀਤੀ।

# ਲਾਲ ਕਿਲ੍ਹੇ ਦੇ ਜਸ਼ਨ ਵਿਚ ਰਾਹੁਲ ਗਾਂਧੀ ਦੀ ਗ਼ੈਰ ਮੌਜੂਦਗੀ; ਭਾਜਪਾ ਪਰੇਸ਼ਾਨ

**ਨਵੀਂ ਦਿੱਲੀ:** ਇਸ ਵਾਰ 15 ਅਗਸਤ ਨੂੰ ਲਾਲ ਕਿਲ੍ਹੇ 'ਤੇ ਜੋ ਹੋਇਆ ਉਹ ਬੇਮਿਸਾਲ ਸੀ। ਪ੍ਰਧਾਨ ਮੰਤਰੀ ਦੇ ਭਾਸ਼ਨ ਦੇਣ ਸਮੇਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਤੇ ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ ਉਨ੍ਹਾਂ ਨੂੰ ਸੁਣਨ ਵਾਲਿਆਂ ਵਿਚ ਸ਼ਾਮਿਲ ਨਹੀਂ ਸਨ। ਦਰਅਸਲ ਉਨ੍ਹਾਂ ਦੀ ਗੈਰਹਾਜ਼ਰੀ ਹੀ ਉਨ੍ਹਾਂ ਦੀ ਮੌਜੂਦਗੀ ਦਾ ਸਭ ਤੋਂ ਵੱਡਾ ਸਬੂਤ ਸੀ । ਭਾਜਪਾ ਕਹਿੰਦੀ ਹੈ ਕਿ ਵਿਰੋਧੀ ਧਿਰ ਦੇ ਨੇਤਾ ਤੇ ਕਾਂਗਰਸ ਪ੍ਰਧਾਨ ਦੀ ਗੈਰਹਾਜ਼ਰੀ ਨੇ ਹਥਿਆਰਬੰਦ ਸੈਨਾਵਾਂ ਦਾ ਅਪਮਾਨ ਕੀਤਾ ਹੈ, ਸਵਾਲ ਇਹ ਹੈ ਕਿ ਭਾਜਪਾ ਇਹ ਕਿਉਂ ਨਹੀਂ ਕਹਿੰਦੀ ਕਿ ਉਨ੍ਹਾਂ ਦੀ ਗੈਰਹਾਜ਼ਰੀ ਨੇ ਪ੍ਰਧਾਨ ਮੰਤਰੀ ਦਾ ਅਪਮਾਨ ਕੀਤਾ ਹੈ। ਭਾਜਪਾ ਪ੍ਰਧਾਨ ਮੰਤਰੀ ਨੂੰ ਰੱਖਿਆ ਬਲਾਂ ਦੇ ਪਿੱਛੇ ਕਿਉਂ ਲੁਕਾਉਣਾ ਚਾਹੁੰਦੀ ਹੈ? ਇਸ ਦੇ ਅਸਲ ਅਰਥ ਕੀ ਹਨ? ਰਾਹੁਲ ਗਾਂਧੀ ਤੇ ਖੜਗੇ ਦੀ ਗੈਰਹਾਜ਼ਰੀ



ਦਾ ਇਕੋ ਕਾਰਨ ਇਹ ਹੋ ਸਕਦਾ ਹੈ ਕਿ ਕਾਂਗਰਸ ਆਗੂ ਪ੍ਰਧਾਨ ਮੰਤਰੀ ਦੀ ਜਾਇਜ਼ਤਾ 'ਤੇ ਵੋਟ ਚੋਰੀ ਕਰਨ ਵਾਲਾ ਦੱਸ ਕੇ ਸਵਾਲ ਉਠਾ ਚੁੱਕੇ ਹਨ, ਫਿਰ ਉਹ ਉਨ੍ਹਾਂ ਦਾ ਭਾਸ਼ਨ ਸੁਣਨ ਕਿਉਂ ਜਾਣਗੇ?

ਰਾਹੁਲ ਗਾਂਧੀ ਤੇ ਖੜਗੇ ਦਾ ਲਾਲ ਕਿਲ੍ਹੇ ਵਿਖੇ 15 ਅਗਸਤ ਦੇ ਪ੍ਰੋਗਰਾਮ ਵਿਚ ਨਾ ਜਾਣਾ ਇਕ ਸੋਚੀ ਸਮਝੀ ਰਣਨੀਤੀ ਦਾ ਨਮੂਨਾ ਹੈ। ਜਿਸ ਨਾਲ ਦੇਸ਼ ਭਰ ਦੇ ਲੋਕਾਂ ਵਿਚ ਇਕ ਸੁਨੇਹਾ ਗਿਆ ਹੈ। ਅਤੇ ਮੋਦੀ ਦਾ ਪ੍ਰਧਾਨ ਮੰਤਰੀ ਬਣਨਾ ਸ਼ੱਕ ਦੇ ਬੱਦਲਾਂ ਹੇਠ ਆ ਗਿਆ ਹੈ। ਉਧਰ ਬਿਹਾਰ ਵਿਚ ਰਾਹੁਲ ਗਾਂਧੀ ਦੀ ਵੋਟਰ ਅਧਿਕਾਰ ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਕਾਂਗਰਸ ਨੇ ਚੋਣ ਕਮਿਸ਼ਨ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਹੈ ਕਿ ਜਿਸ ਤਰ੍ਹਾਂ ਜਾਅਲੀ ਵੋਟਾਂ ਜੋੜਨ ਤੇ ਕੱਟਣ ਦੀ ਖੇਡ ਚੱਲ ਰਹੀ ਸੀ, ਉਸ ਨਾਲ ਭਾਜਪਾ ਦੇ ਲੋਕ ਰੰਗੇ ਹੱਥੀਂ ਫੜੇ ਗਏ ਹਨ। ਹੁਣ ਆਮ ਨਾਗਰਿਕ ਵੀ ਵੋਟ ਚੋਰੀ ਦੇ ਸਬੂਤ ਕੱਢ ਕੇ ਦੇ ਰਹੇ ਹਨ ਤਾਂ ਕਾਂਗਰਸ 'ਵੋਟ ਚੋਰੀ' ਮੁਹਿੰਮ ਨੂੰ ਤੇਜ਼ ਕਰਨ ਲਈ ਸੋਸ਼ਲ ਮੀਡੀਆ 'ਤੇ ਇਕ ਤੋਂ ਬਾਅਦ ਇਕ ਵੀਡੀਓ ਜਾਰੀ ਕਰ ਰਹੀ ਹੈ। ਇਨ੍ਹਾਂ 'ਚੋਂ ਇਕ ਬਹੁਤ ਹੀ ਦਿਲਚਸਪ ਵੀਡੀਓ ਵਿਚ ਇਕ ਪੇਂਡੂ ਪੁਲਿਸ ਥਾਣੇ ਰਿਪੋਰਟ ਦਰਜ ਕਰਵਾਉਣ ਲਈ ਆਉਂਦਾ ਹੈ ਤਾਂ ਥਾਣੇਦਾਰ ਪੁੱਛਦਾ ਹੈ ਕਿ ਤੁਹਾਡਾ ਕੀ ਚੋਰੀ ਹੋ ਗਿਆ ਹੈ? ਦੇਸ਼ ਦਾ ਗਰੀਬ ਨਾਗਰਿਕ ਝਿਜਕਦਾ ਹੋਇਆ ਕਹਿੰਦਾ ਹੈ ਕਿ ਉਸ ਦੀ ਵੋਟ ਚੋਰੀ ਹੋ ਗਈ ਹੈ, ਪੁਲਿਸ ਵਾਲਾ ਹੈਰਾਨ ਹੋ ਕੇ ਆਪਣੀ ਕੁਰਸੀ ਤੋਂ ਖੜ੍ਹਾ ਹੋ ਜਾਂਦਾ ਹੈ। ਫਿਰ ਉਹ ਨਾਗਰਿਕ ਦੱਸਦਾ ਹੈ ਕਿ ਕਿਸ ਤਰ੍ਹਾਂ ਉਸ ਦੀ ਵੋਟ ਚੋਰੀ ਹੋ ਸਕਦੀ ਹੈ। ਮਸ਼ਹੂਰ ਫਿਲਮ 'ਲਾਪਤਾ ਲੇਡੀਜ਼' ਦੀ ਤਰਜ਼ 'ਤੇ ਬਣੀ ਇਸ ਵੀਡੀਓ ਕਲਿੱਪ ਇਸ ਸਮੇਂ ਬਹੁਤ ਚਰਚਾ ਵਿਚ ਹੈ।

## ਅਮਰੀਕਾ ਵਿਰੁੱਧ ਇਕਸੁਰ...

(ਪਹਿਲੇ ਸਫ਼ੇ ਦੀ ਬਾਕੀ)

ਲੜੀ 'ਚ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਦੀ ਨਵੀਂ ਦਿੱਲੀ ਯਾਤਰਾ ਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨਾਲ ਮੁਲਾਕਾਤ ਦੁੱਵਲੇ ਸਬੰਧਾਂ 'ਚ ਸੁਧਾਰ ਦਾ ਸਪਸ਼ਟ ਸੰਕੇਤ ਦੇ ਰਹੀ ਹੈ। ਜ਼ਿਕਰਯੋਗ ਹੈ ਕਿ ਭਾਰਤ ਰੂਸ ਤੋਂ ਵੱਡੇ ਪੱਧਰ 'ਤੇ ਤੇਲ ਖ਼ਰੀਦ ਰਿਹਾ ਹੈ ਤੇ ਅਮਰੀਕਾ ਇਸ 'ਤੇ ਆਪਣਾ ਇਤਰਾਜ਼ ਪ੍ਰਗਟਾ ਚੁੱਕਾ ਹੈ। ਵਾਸ਼ਿੰਗਟਨ ਦਾ ਕਹਿਣਾ ਹੈ ਕਿ ਭਾਰਤ ਰੂਸ ਤੋਂ ਤੇਲ ਨਾ ਖ਼ਰੀਦੇ।ਇਸ ਬਾਰੇ ਦੋਵਾਂ ਦੇਸ਼ਾਂ ਵਿਚਕਾਰ ਖਿੱਚੋਤਾਣ ਚੱਲ ਰਹੀ ਹੈ। ਜੈਸ਼ੰਕਰ ਨੇ ਵਾਂਗ ਯੀ ਨੂੰ ਦੱਸਿਆ ਕਿ ਭਾਰਤ ਤੇ ਚੀਨ ਨੂੰ ਸਬੰਧਾਂ ਨੂੰ ਅੱਗੇ ਵਧਾਉਣ ਲਈ ਇਕ ਸਪਸ਼ਟ ਤੇ ਰਚਨਾਤਮਕ ਨਜ਼ਰੀਆ ਅਪਣਾਉਣਾ ਚਾਹੀਦਾ ਹੈ ਜੋ ਆਪਸੀ ਸਨਮਾਨ, ਆਪਸੀ ਸੰਵੇਦਨਸ਼ੀਲਤਾ ਤੇ ਬਰਾਬਰ ਹਿੱਤਾਂ ਦੇ ਆਧਾਰ 'ਤੇ ਤੈਣ ਹੋਣੇ ਚਾਹੀਦੇ ਹਨ। ਮਤਭੇਦਾਂ ਨੂੰ ਵਿਵਾਦ ਨਹੀਂ ਬਣਨਾ ਚਾਹੀਦਾ ਤੇ ਨਾ ਹੀ ਮੁਕਾਬਲੇ ਲਈ ਇਸ ਨੂੰ ਸੰਘਰਸ਼ 'ਚ



ਬਦਲਣਾ ਚਾਹੀਦਾ ਹੈ। ਵਿਦੇਸ਼ ਮੰਤਰੀ ਨੇ ਪੂਰਬੀ ਲੱਦਾਖ 'ਚ ਐੱਲ. ਏ.ਸੀ. 'ਤੇ ਸਰਹੱਦੀ ਖੇਤਰਾਂ 'ਚ ਤਣਾਅ ਘੱਟ ਕਰਨ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਣ ਦੀ ਵੀ ਵਕਾਲਤ ਕੀਤੀ।

ਵਾਂਗ ਯੀ ਨਾਲ ਸੋਮਵਾਰ ਨੂੰ ਬੈਠਕ 'ਚ ਵਿਦੇਸ਼ ਮੰਤਰੀ ਜੈਸ਼ੰਕਰ ਨੇ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਨਾਲ ਜੁੜੇ ਤਕਰੀਬਨ ਹਰ ਮੁੱਦੇ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਸਾਡੇ ਰਿਸ਼ਤਿਆਂ 'ਚ ਮੁਸ਼ਕਲ ਸਮਾਂ ਦੇਖਣ ਤੋਂ ਬਾਅਦ ਦੋਵਾਂ ਦੇਸ਼ਾਂ ਨੂੰ ਹੁਣ ਅੱਗੇ ਵਧਣ ਵੱਲ ਦੇਖਣਾ ਚਾਹੀਦਾ ਹੈ।

ਨਾਲ ਹੀ ਜੈਸ਼ੰਕਰ ਨੇ ਸਰਹੱਦ ਦਾ ਵਿਵਾਦ ਹੱਲ ਕਰਨ ਲਈ ਮੰਗਲਵਾਰ ਨੂੰ ਹੋਣ ਵਾਲੀ ਬੈਠਕ ਦਾ ਜ਼ਿਕਰ ਕੀਤਾ ਤੇ ਉਮੀਦ ਪ੍ਰਗਟਾਈ ਕਿ ਦੋਵੇਂ ਦੇਸ਼ ਸਰਹੱਦ 'ਤੇ ਤਣਾਅ ਘੱਟ ਕਰਨ ਦੀ ਪ੍ਰਿਕਰਿਆ ਨੂੰ ਅੱਗੇ ਵਧਾਉਮਗੇ। ਅਪ੍ਰੈਲ- ਮਈ 2020 'ਚ ਪੂਰਬੀ ਲੱਦਾਖ ਦੇ ਖੇਤਰ 'ਚ ਚੀਨੀ ਫ਼ੌਜੀਆਂ ਨੇ ਘੁਸਪੈਠ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ 'ਚ ਕਾਫੀ ਤਣਾਅ ਆ ਗਿਆ ਸੀ, ਜਿਸ ਨੂੰ ਅਕਤੂਬਰ 2024 'ਚ ਪੀਐੱਮ ਨਰਿੰਦਰ ਮੋਦੀ ਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਮੁਲਾਕਾਤ ਤੋਂ ਬਾਅਦ ਸੁਲਝਾਇਆ ਜਾ ਸਕਿਆ।


ਜੈਸ਼ੰਕਰ ਨੇ ਅੱਤਵਾਦ ਦੇ ਮੁੱਦੇ ਨੂੰ ਵੀ ਭਾਰਤ ਲਈ ਬਹੁਤ ਜ਼ਰੂਰੀ ਦੱਸਿਆ। ਖ਼ਾਸ ਤੌਰ 'ਤੇ ਸੰਯੁਕਤ ਰਾਸ਼ਟਰ ਰਾਹੀਂ ਅੱਤਵਾਦੀ ਸਮੂਹਾਂ 'ਤੇ ਰੋਕ ਲਗਾਉਣ ਦੇ ਪ੍ਰਬੰਧ 'ਚ ਭਾਰਤ ਨੇ ਚੀਨ ਦਾ ਸਹਿਯੋਗ ਮੰਗਿਆ ਹੈ। ਪਹਿਲਗਾਮ ਹਮਲੇ ਦੇ ਦੋਸ਼ੀ ਟੀਆਰਐੱਫ ਨੂੰ ਹਾਲੇ ਤੱਕ ਸੰਯੁਕਤ ਰਾਸ਼ਟਰ ਤੋਂ ਪਾਬੰਦੀਸ਼ੁਦਾ ਸਮੂਹ ਐਲਾਨਿਆ ਨਹੀਂ ਗਿਆ ਹੈ।

## ਟਰੰਪ ਦੇ ਟੈਰਿਫ਼ ਨੂੰ...

(ਪਹਿਲੇ ਸਫ਼ੇ ਦਾ ਬਾਕੀ)

ਦੇ ਆਰਥਿਕ ਸਲਾਹਕਾਰ ਤੇ ਕੈਬਨਿਟ ਦੇ ਆਰਥਿਕ ਕਮੇਟੀ ਦੇ ਮੈਂਬਰਾਂ ਨਾਲ ਬੈਠਕ ਕਰ ਰਿਹਾ ਹੈ।ਸੂਤਰਾਂ ਮੁਤਾਬਕ, ਸਰਕਾਰ ਵਿਦੇਸ਼ੀ ਨਿਵੇਸ਼ ਨੂੰ ਲੈ ਕੇ ਚੀਨ ਦੀ ਤਜਵੀਜ਼ 'ਤੇ ਕੇਸ ਟੂ ਕੇਸ ਆਧਾਰ 'ਤੇ ਵਿਚਾਰ ਕਰ ਸਕਦੀ ਹੈ। ਪਿਛਲੇ ਕੁਝ ਸਾਲਾਂ ਤੋਂ ਚੀਨ ਦੇ ਨਿਵੇਸ਼ ਪ੍ਰਸਤਾਵ ਦੀ ਮਨਜ਼ੂਰੀ ਲਈ ਕਾਫ਼ੀ ਔਖੇ ਨਿਯਮ ਲਾਗੂ ਹਨ।

ਸੋਮਵਾਰ ਨੂੰ ਚੀਨ ਤੇ ਭਾਰਤ ਦੇ ਵਿਦੇਸ਼ ਮੰਤਰੀਆਂ ਦੀ ਨਵੀਂ ਦਿੱਲੀ'ਚ ਮੁਲਾਕਾਤ ਹੋਰ ਹੀ ਹੈ। ਮੰਗਲਵਾਰ ਨੂੰ ਚੀਨ ਦੇ ਵਿਦੇਸ਼ ਮੰਤਰੀ ਪ੍ਰਧਾਨ ਮੰਤਰੀ ਮੋਦੀ ਨਾਲ ਵੀ ਮੁਲਾਕਾਤ ਕਰ ਰਹੇ ਹਨ। ਪ੍ਰਧਾਨ ਮੰਤਰੀ ਮੋਦੀ ਵੀ ਛੇਤੀ ਹੀ ਚੀਨ ਦਾ ਦੌਰਾ ਕਰਨ ਵਾਲੇ ਹਨ। ਇਸ ਬਦਲਦੇ ਮਾਹੌਲ 'ਚ ਚੀਨ ਦੇ ਨਾਲ ਭਾਰਤ ਦੀ ਵਪਾਰਕ ਭਾਈਵਾਲੀ ਵੱਧ ਸਕਦੀ ਹੈ। ਇਸ ਪੜਾਅ 'ਚ ਹੀ ਖਪਤਕਾਰ ਵਸਤੂ, ਨਵੀਨੀਕਰਨੀ ਊਰਜਾ ਜਿਵੇਂ ਸਾਧਾਰਨ ਸੈਕਟਰ 'ਚ ਚੀਨ ਦੀਆਂ ਕੰਪਨੀਆਂ ਦੇ ਨਿਵੇਸ਼ ਪ੍ਰਸਤਾਵ 'ਤੇ ਸਰਕਾਰ ਵਿਚਾਰ ਕਰ ਸਕਦੀ ਹੈ। ਪਰ, ਰਣਨੀਤਕ ਸੈਕਟਰ 'ਚ ਚੀਨ ਦੀਆਂ ਕੰਪਨੀਆਂ ਲਈ ਨਿਵੇਸ਼ ਦਾ ਦਰਵਾਜ਼ਾ ਨਹੀਂ ਖੁੱਲ੍ਹੇਗਾ। ਚੀਨ ਦੇ ਨਿਵੇਸ਼ ਪ੍ਰਸਤਾਵ ਨਾਲ ਜੁੜੇ ਨਿਯਮਾਂ 'ਚ ਢਿੱਲ ਦੇ ਕੇ ਭਾਰਤ ਚੀਨ ਦੇ ਬਾਜ਼ਾਰ




'ਚ ਭਾਰਤੀ ਵਸਤਾਂ ਦਾ ਦਾਖ਼ਲਾ ਵਧਾਉਣ ਦੀ ਗੱਲ ਕਰ ਸਕਦਾ ਹੈ।

ਵਣਜ ਤੇ ਇੰਡਸਟਰੀ ਮੰਤਰੀ ਪੀਯੂਸ਼ ਗੋਇਲ ਨੇ ਅਗਲੇ 100 ਦਿਨਾਂ 'ਚ ਕੀਤੇ ਜਾਣ ਵਾਲੇ ਵੱਡੇ ਆਰਥਿਕ ਬਦਲਾਵਾਂ ਨੂੰ ਲੈ ਕੇ ਆਪਣੇ ਮੰਤਰਾਲੇ ਦੇ ਅਧਿਕਾਰੀਆਂ ਨਾਲ ਸੋਮਵਾਰ ਨੂੰ ਅਹਿਮ ਬੈਠਕ ਕੀਤੀ। ਗੋਇਲ ਨੇ ਕਿਹਾ ਕਿ ਉਨ੍ਹਾਂ ਦਾ ਮੰਤਰਾਲਾ ਦੇਸ਼ ਦੇ ਆਰਥਿਕ ਵਾਧੇ ਨੂੰ ਹੋਰ ਤੇਜ਼ ਕਰਨ ਲਈ ਅਗਲੇ 100 ਦਿਨਾਂ ਦੇ ਏਜੰਡੇ 'ਤੇ ਕੰਮ ਕਰ ਰਿਹਾ ਹੈ। ਸਰਕਾਰ ਈਜ਼ ਆਫ ਡੂਇੰਗ ਬਿਜ਼ਨਸ ਤੇ ਈਜ਼ ਆਫ ਲਿਵਿੰਗ ਨੂੰ ਉਤਸ਼ਾਹਤ ਕਰਨ ਲਈ ਕਦਮ ਚੁੱਕ ਰਿਹਾ ਹੈ। ਅਸੀਂ ਸਮੂਹਿਕ ਰੂਪ ਨਾਲ ਸੰਕਲਪ ਲਿਆ ਹੈ ਕਿ ਅਗਲੇ 100 ਦਿਨਾਂ 'ਚ ਅਸੀਂ 15 ਅਗਸਤ ਨੂੰ ਪ੍ਰਧਾਨ ਮੰਤਰੀ ਮੋਦੀ ਵਲੋਂ ਦਿੱਤੇ ਗਏ ਸੱਦੇ ਦੀ ਪਾਲਣਾ ਕਰਾਂਗੇ, ਜਿਸਦਾ ਮਕਸਦ ਤੇਜ਼ ਆਰਥਿਕ ਵਿਕਾਸ ਤੇ 2047 ਤੱਕ ਭਾਰਤ ਨੂੰ ਵਿਕਸਤ ਦੇਸ਼ ਬਣਾਉਣਾ ਹੈ।ਸ

## ਪ੍ਰਧਾਨ ਮੰਤਰੀ ਨੇ ਸੁਧਾਰਾਂ ਬਾਰੇ ਉੱਚ ਪੱਧਰੀ ਬੈਠਕ ਕੀਤੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਇਕ ਉੱਚ ਪੱਧਰੀ ਬੈਠਕ ਦੀ ਪ੍ਰਧਾਨਗੀ ਕੀਤੀ, ਜਿਸ 'ਚ ਕੇਂਦਰੀ ਮੰਤਰੀ, ਸਕੱਤਰ ਤੇ ਅਰਥ ਸ਼ਾਸਤਰੀ ਸ਼ਾਮਲ ਹੋਏ। ਇਸ ਬੈਠਕ 'ਚ ਅਗਲੀ ਪੀੜ੍ਹੀ ਦੇ ਸੁਧਾਰਾਂ ਦੇ ਰੋਡਮੈਪ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਬੈਠਕ 'ਚ ਕੇਂਦਰੀ ਮੰਤਰੀ ਰਾਜਨਾਥ ਸਿੰਘ, ਅਮਿਤ ਸ਼ਾਹ, ਨਿਤਨ ਗਡਕਰੀ, ਨਿਰਮਲਾ ਸੀਤਾਰਮਨ, ਸ਼ਿਵਰਾਜ ਸਿੰਘ ਚੌਹਾਨ, ਪੀਯੂਸ਼ ਗੋਇਲ ਤੇ ਲੱਲਣ ਸਿੰਘ ਸ਼ਾਮਲ ਹੋਏ। ਮੋਦੀ ਨੇ ਐਕਸ 'ਤੇ ਪੋਸਟ ਕੀਤਾ, ਅਗਲੀ ਪੀੜ੍ਹੀ ਦੇ ਸੁਧਾਰਾਂ ਦੇ ਰੋਡਮੈਪ 'ਤੇ ਚਰਚਾ ਲਈ ਇਕ ਬੈਠਕ ਦੀ ਪ੍ਰਧਾਨਗੀ ਕੀਤੀ। ਅਸੀਂ ਸਾਰੇ ਖੇਤਰਾਂ 'ਚ ਤੇਜ਼ੀ ਨਾਲ ਸੁਧਾਰ ਲਈ ਪ੍ਰਤੀਬੱਧ ਹਾਂ, ਜਿਸ ਨਾਲ ਈਜ਼ ਆਫ ਲਿਵਿੰਗ ਤੇ ਈਜ਼ ਆਫ ਡੂਇੰਗ ਬਿਜ਼ਨੇਸ ਨੂੰ ਬੜ੍ਹਾਵਾ ਮਿਲੇਗਾ ਤੇ ਖ਼ੁਸ਼ਹਾਲੀ ਆਵੇਗੀ। ਪੀਐੱਮ ਮੋਦੀ ਦੇ ਆਜ਼ਾਦੀ ਦਿਹਾੜੇ ਦੇ ਸੰਬੋਧਨ 'ਚ ਪ੍ਰਮੁੱਖ ਐਲਾਨਾਂ 'ਚ ਅਗਲੀ ਪੀੜ੍ਹੀ ਦੇ ਸੁਧਾਰਾਂ ਦਾ ਮੁੱਦਾ ਵੀ ਸ਼ਾਮਿਲ ਸੀ। ਪੀਐੱਮ ਨੇ 103 ਮਿੰਟ ਦੇ ਸੰਬੋਧਨ ਦਾ ਇਕ ਵੱਡਾ ਹਿੱਸਾ ਸੈਮੀਕਡੰਕਟਰ ਤੋਂ ਲੈ ਕੇ ਖਾਦ ਤੱਕ ਕਈ ਖੇਤਰਾਂ 'ਚ ਭਾਰਤ ਨੂੰ ਆਤਮ ਨਿਰਭਰ ਬਣਾਉਣ 'ਤੇ ਕੇਂਦਰਤ ਸੀ।

## ਨਵਾਂ ਅਕਾਲੀ ਦਲ ...

(ਪਹਿਲੇ ਸਫ਼ੇ ਦਾ ਬਾਕੀ)

ਸਮੇਤ ਆਈਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਜਥੇਦਾਰ ਹਰਬੰਸ ਸਿੰਘ ਮੰਝਪੁਰ, ਅਮਰੀਕ ਸਿੰਘ ਸ਼ਾਹਪੁਰ, ਕਸ਼ਮੀਰ ਸਿੰਘ ਅਤੇ ਗੁਰਵਿੰਦਰ ਸਿੰਘ ਸ਼ਾਮਪੁਰਾ (ਸਾਰੇ ਸ਼੍ਰੋਮਣੀ ਕਮੇਟੀ ਮੈਂਬਰ), ਡਾ: ਅਵਤਾਰ ਕੌਰ ਅਜਨਾਲਾ, ਅਜੇਪਾਲ ਸਿੰਘ ਮੀਰਾਂਕੋਟ, ਕੈਟੀ ਪਰਮਪਾਲ ਸਿੰਘ ਅਜਨਾਲਾ, ਸਾਬਕਾ ਚੇਅਰਮੈਨ ਬਲਜੀਤ ਸਿੰਘ ਚਮਿਆਰੀ,ਨਰਿੰਦਰ ਸਿੰਘ ਮਹਿਲਾਂਵਾਲਾ ਤੇ ਐਡ. ਜਤਿੰਦਰ ਸਿੰਘ ਚੌਹਾਨ, ਜਥੇਦਾਰ ਬਲਦੇਵ ਸਿੰਘ ਭੋਏਵਾਲੀ, ਦਿਲਬਾਗ ਸਿੰਘ ਲੰਗੋਮਾਹਲ, ਬਲਜੀਤ ਸਿੰਘ ਕੋਟਲੀ ਅੰਬ, ਅਮਰਜੀਤ ਸਿੰਘ ਨੰਗਲ, ਸਵਰਨ ਸਿੰਘ ਚੱਕਡੋਗਰਾਂ, ਬੀਬੀ ਰਣਬੀਰ ਕੌਰ ਰਾਣੋ, ਬੀਬੀ ਕੁਲਬੀਰ ਕੌਰ ਅਜਨਾਲਾ, ਮਨਜੀਤ ਸਿੰਘ ਬਿੱਟੂ ਕਮੀਰਪੁਰਾ, ਪੂਰਨ ਸਿੰਘ ਪੂੰਗਾ, ਗੁਰਨਾਮ ਸਿੰਘ ਮਾਛੀਵਾਹਲਾ, ਕੁਲਵੰਤ ਸਿੰਘ ਵੰਝਾਂਵਾਲਾ, ਮੁਖਤਾਰ ਸਿੰਘ ਮੁਕਾਮ, ਬ੍ਰਿਜ ਭੂਸ਼ਨ, ਹਿੰਦਾ ਰਿਆੜ, ਬਲਕਾਰ ਸਿੰਘ ਰਿਆੜ, ਬਿੱਟੂ ਪੰਜਗਰਾਈਂ, ਕੁਲਰਾਜ ਸਿੰਘ, ਕੁਲਵੰਤ ਸਿੰਘ ਦਿਆਲਪੁਰਾ ਅਤੇ ਰਾਣਾ ਉੱਗਰ ਔਲਖ ਆਦਿ ਹਾਜ਼ਰ ਸਨ ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ

ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)

ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਕਹਾਣੀਕਾਰ ਅਤੇ ਆਲੋਚਕ ਡਾ. ਬਲਦੇਵ ਸਿੰਘ ਧਾਲੀਵਾਲ ਨੂੰ ਸਟੇਟ ਐਵਾਰਡ

### *ਕਹਾਣੀ ਲੇਖਕ ਅਤੇ ਆਲੋਚਕ ਵਜੋਂ ਸਾਹਿਤ ਖੇਤਰ ਵਿਚ ਪਾਏ ਗਏ ਯੋਗਦਾਨ ਸਦਕਾ ਕੀਤਾ ਸਨਮਾਨਿਤ*

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਅਧਿਆਪਕ ਅਤੇ ਪ੍ਰਸਿੱਧ ਕਹਾਣੀਕਾਰ ਅਤੇ ਆਲੋਚਕ ਡਾ. ਬਲਦੇਵ ਸਿੰਘ ਧਾਲੀਵਾਲ ਨੂੰ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਫਰੀਦਕੋਟ ਵਿਖੇ ਹੋਏ ਰਾਜ ਪੱਧਰੀ



ਸੁਤੰਤਰਤਾ ਦਿਵਸ ਸਮਾਗਮ ਵਿਚ 'ਸਟੇਟ ਐਵਾਰਡ' ਦੇ ਕੇ ਸਨਮਾਨਿਆ ਗਿਆ।

ਡਾ. ਬਲਦੇਵ ਸਿੰਘ ਧਾਲੀਵਾਲ ਨੇ ਇਹ ਖੁਸ਼ੀ ਸਾਂਝੀ ਕਰਦਿਆਂ ਦੱਸਿਆ ਕਿ ਕਹਾਣੀ ਲੇਖਕ ਅਤੇ ਆਲੋਚਕ ਵਜੋਂ ਸਾਹਿਤ ਖੇਤਰ ਵਿਚ ਪਾਏ ਗਏ ਯੋਗਦਾਨ ਸਦਕਾ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਡਾ. ਬਲਦੇਵ ਸਿੰਘ ਧਾਲੀਵਾਲ ਪ੍ਰਸਿੱਧ ਪੰਜਾਬੀ ਬੁੱਧੀਜੀਵੀ ਹਨ, ਜਿਨ੍ਹਾਂ ਨੇ ਪੰਜਾਬੀ ਸਿਰਜਣਾਤਮਕ ਲੇਖਣ ਖੋਜ, ਸਾਹਿਤਕ ਆਲੋਚਨਾ ਅਤੇ ਪੰਜਾਬੀ ਸਾਹਿਤ ਦੇ ਅਧਿਆਪਨ ਵਿਚ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਪਿਛਲੇ 45 ਸਾਲਾਂ ਵਿਚ 48 ਕਿਤਾਬਾਂ, ਕਈ ਖੋਜ ਪ੍ਰੋਜੈਕਟ ਅਤੇ ਪੇਪਰ ਆਦਿ ਪ੍ਰਕਾਸ਼ਿਤ ਕਰਵਾ ਕੇ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਸਿੱਖਿਆ-ਸ਼ਾਸਤਰ ਨੂੰ ਅਮੀਰ ਬਣਾਇਆ ਹੈ। ਇੱਕ ਰਚਨਾਤਮਕ ਲੇਖਕ ਵਜੋਂ ਉਨ੍ਹਾਂ ਵੱਲੋਂ




ਕਵਿਤਾ, ਛੋਟੀਆਂ ਕਹਾਣੀਆਂ, ਵਾਰਤਕ ਅਤੇ ਯਾਤਰਾ ਬਿਰਤਾਂਤਾਂ ਦੀਆਂ 8 ਕਿਤਾਬਾਂ ਪ੍ਰਕਾਸ਼ਿਤ ਕਰਵਾਈਆਂ ਗਈਆਂ ਹਨ। ਉਨ੍ਹਾਂ ਦੀਆਂ ਛੋਟੀਆਂ ਕਹਾਣੀਆਂ ਜਿਵੇਂ 'ਆਟ, ਐਡਮ ਅਤੇ ਈਵ', 'ਓਪਰੀ ਹਵਾ', 'ਦਹਿਸ਼ਤਗਰਦ' ਆਦਿ ਰਾਹੀਂ ਹਰੀ ਕ੍ਰਾਂਤੀ ਦੁਆਰਾ ਲਿਆਂਦੇ ਗਏ ਨਵੇਂ ਆਰਥਿਕ ਅਤੇ ਵਿਦਿਅਕ ਮੌਕਿਆਂ ਦੀ ਉਪਲਬਧਤਾ ਕਾਰਨ, ਪੇਂਡੂ ਤੋਂ ਸ਼ਹਿਰੀ ਖੇਤਰਾਂ ਵਿਚ ਸੀਮਾਂਤ ਪੰਜਾਬ ਦੇ ਕਿਸਾਨ ਅਤੇ ਖੇਤੀਬਾੜੀ ਮਜ਼ਦੂਰਾਂ ਦੇ ਵਧੇ ਹੋਏ ਪ੍ਰਵਾਸ ਵਿਚ ਸ਼ਾਮਲ ਸੱਭਿਆਚਾਰਕ ਅਤੇ ਆਰਥਿਕ ਤਣਾਅ ਦੀ ਪੇਸ਼ਕਾਰੀ ਹੋਈ ਹੈ।

ਪ੍ਰੋ. ਧਾਲੀਵਾਲ ਨੇ ਇਨਾਮ ਪ੍ਰਾਪਤੀ ਦੇ ਪਲਾਂ ਨੂੰ 'ਗੌਰਵਮਈ ਅਹਿਸਾਸ ਦੇ ਛਿਣ' ਐਲਾਨਦਿਆਂ ਦੱਸਿਆ ਕਿ ਇਸ ਮੌਕੇ ਦੀ ਵਿਸ਼ੇਸ਼ ਖੁਸ਼ੀ ਦੀ ਗੱਲ ਇਹ ਵੀ ਸੀ ਕਿ ਸਨਮਾਨਿਤ ਵਿਅਕਤੀਆਂ ਵਿਚੋਂ ਲੇਖਕ ਸਿਰਫ਼ ਉਹ ਹੀ ਸਨ, ਇਸ ਲਈ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਸਮੁੱਚੇ ਪੰਜਾਬੀ ਲੇਖਕ ਭਾਈਚਾਰੇ ਦੀ ਪ੍ਰਤੀਨਿਧਤਾ ਕੀਤੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਾਹਿਬ ਨੇ ਇਸ ਗੱਲ ਦੀ ਪ੍ਰਸ਼ੰਸਾ ਵੀ ਕੀਤੀ ਅਤੇ ਉਨ੍ਹਾਂ ਦੀਆਂ ਪ੍ਰਮੁੱਖ ਲਿਖਤਾਂ ਦਾ ਸੈੱਟ ਵੀ ਸਵੀਕਾਰ ਕੀਤਾ।

ਉਨ੍ਹਾਂ ਕਿਹਾ ਕਿ ਉਹ ਪੰਜਾਬ ਸਰਕਾਰ ਦੇ ਨਾਲ਼-ਨਾਲ਼ ਲੇਖਕ ਭਾਈਚਾਰੇ ਦੇ ਵੀ ਸ਼ੁਕਰਗੁਜ਼ਾਰ ਹਨ ਜਿਨ੍ਹਾਂ ਨੇ ਉਨ੍ਹਾਂ ਦੀ ਬਹੁ-ਪੱਖੀ ਲੇਖਕ ਵਜੋਂ ਅਹਿਮ ਪਛਾਣ ਬਣਾਉਣ ਵਿਚ ਸਮੇਂ-ਸਮੇਂ ਆਪਣੀ ਭੂਮਿਕਾ ਬਾਖ਼ੂਬੀ ਨਿਭਾਈ ਹੈ, ਜਿਸ ਸਦਕਾ ਉਨ੍ਹਾਂ ਨੂੰ ਸਰਕਾਰ ਦਾ ਇਹ ਗੌਰਵਮਈ ਥਾਪੜਾ ਮਿਲ ਸਕਿਆ ਹੈ।

## ਸਟਰਲਿੰਗ ਹਾਈਟਸ ਦੀ ਸੰਗਤ ਨੇ ਮਾਣਿਆ ਪਿਕਨਿਕ ਦਾ ਅਨੰਦ







ਸਟਰਲਿੰਗ ਹਾਈਟਸ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਲੰਘੇ ਸ਼ਨਿਚਰਵਾਰ ਨੂੰ ਸੰਗਤ ਲਈ ਪਿਕਨਿਕ ਦਾ ਪ੍ਰਬੰਧ ਕੀਤਾ ਗਿਆ ਸੀ। ਅਰਦਾਸ ਨਾਲ ਪਿਕਨਿਕ ਦੀ ਸ਼ੁਰੂਆਤ ਕੀਤੀ ਗਈ ਤੇ ਉਪਰੰਤ ਸੰਗਤ ਵਿਚ ਆਏ ਬੱਚਿਆਂ ਨੇ ਵੱਖ ਵੱਖ ਖੇਡਾਂ ਖੇਡ ਕੇ ਪਿਕਨਿਕ ਦਾ ਅਨੰਦ ਮਾਣਿਆ। ਸੰਗਤ ਲਈ ਖਾਣ-ਪੀਣ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ ਅਤੇ ਸੰਗਤ ਨੇ ਲਾਈਨਾਂ ਵਿਚ ਲੱਗ ਕੇ ਨਿਊ ਦਿੱਲੀ ਹੱਟ ਦੇ ਬਿੱਟੂ ਵਲੋਂ ਲਾਏ ਸਟਾਲ ਤੋਂ ਗਰਮ-ਗਰਮ ਜਲੇਬੀਆਂ, ਪਕੌੜਿਆਂ, ਕੁਲਚੇ-ਛੋਲਿਆਂ ਦਾ ਭਰਪੂਰ ਮਜ਼ਾ ਲਿਆ। ਸੰਗਤ ਨੇ ਛੱਲੀਆਂ ਅਤੇ ਖੋਏ ਵਾਲੀ ਕੁਲਫੀ ਦਾ ਵੀ ਅਨੰਦ ਮਾਣਿਆ। ਪਿਕਨਿਕ ਵਾਲੇ ਦਿਨ ਭਾਵੇਂ ਕਾਫੀ ਗਰਮੀ ਸੀ ਪਰ ਫਿਰ ਵੀ ਵੱਡੀ ਗਿਣਤੀ ਸੰਗਤ ਪੁੱਜੀ ਹੋਈ ਸੀ ਅਤੇ ਸਾਰਿਆਂ ਨੇ ਰਲ-ਮਿਲ ਕੇ ਜਿੱਥੇ ਗੱਲਾਂ-ਬਾਤਾਂ ਕੀਤੀਆਂ ਉਥੇ ਹੀ ਬੱਚਿਆਂ ਨੇ ਖੇਡਾਂ ਖੇਡ ਕੇ ਇਸ ਪਿਕਨਿਕ ਨੂੰ ਯਾਦਗਾਰੀ ਬਣਾ ਦਿੱਤਾ।

## ਨਿਊਯਾਰਕ ਵਿਚ ਸਾਹਿਤਕ ਮੀਟਿੰਗ ਦਾ ਆਯੋਜਨ

**ਨਿਊਯਾਰਕ:** ਪੰਜਾਬੀ ਦੇ ਪ੍ਰਸਿੱਧ ਸ਼ਾਇਰ ਅਮਰੀਕ ਗ਼ਾਫ਼ਿਲ ਅਤੇ ਉਨ੍ਹਾਂ ਦੀ ਕਵਿੱਤਰੀ ਪਤਨੀ ਅੰਜੂ ਰੱਤੀ ਦੇ ਯਤਨਾਂ ਸਦਕਾ ਇੱਥੋਂ ਦੇ ਸ਼ਹਿਰ ਐਲਮਾਂਟ ਵਿਚ ਸਾਹਿਤਕ ਮੀਟਿੰਗ ਕੀਤੀ



ਗਈ। ਡਾਕਟਰ ਰਾਮਜੀ ਦਾਸ ਸੇਠੀ ਹੋਰਾਂ ਦੀ ਸਦਾਰਤ ਵਿਚ ਹੋਏ ਸਮਾਗਮ ਵਿਚ ਡਾਕਟਰ ਸ਼ਸ਼ੀ ਕਾਂਤ ਉੱਪਲ ਵਿਸ਼ੇਸ਼ ਮਹਿਮਾਨ ਸਨ। ਪ੍ਰਧਾਨਗੀ ਮੰਡਲ ਵਿਚ ਸ਼ਾਇਰ ਮੋਹਨ ਸਿੰਘ ਭੰਵਰਾ ਸੁਸ਼ੋਭਿਤ ਸਨ।

ਮੀਟਿੰਗ ਦੀ ਸ਼ੁਰੂਆਤ ਵਿਚ ਸ਼ਮ੍ਹਾ ਰੌਸ਼ਨ ਕਰਨ ਦੀ ਰਸਮ ਡਾਕਟਰ ਰਾਮਜੀ ਦਾਸ ਸੇਠੀ ਨੇ ਅਦਾ ਕੀਤੀ। ਅਮਰੀਕ ਗ਼ਾਫ਼ਿਲ ਨੇ ਹਰਦਿਲ ਅਜ਼ੀਜ਼ ਗਾਇਕ ਮੇਸ਼ੀ ਬੰਗੜ ਦਾ ਤੁਆਰਫ਼ ਕਰਵਾਇਆ ਤੇ ਗ਼ਜ਼ਲ-ਗਾਇਨ ਵਾਸਤੇ ਸੱਦਾ ਦਿੱਤਾ। ਮੇਸ਼ੀ ਬੰਗੜ ਨੇ ਆਪਣੀ ਸੁਰੀਲੀ ਤੇ ਪੁਰਸੋਜ਼ ਆਵਾਜ਼ ਵਿਚ ਡਾਕਟਰ ਰਾਮਜੀ ਦਾਸ ਸੇਠੀ, ਅਮਰੀਕ ਗ਼ਾਫ਼ਿਲ ਅਤੇ ਸੁਰਿੰਦਰ ਸੋਹਲ ਦਾ ਕਲਾਮ ਪੇਸ਼ ਕੀਤਾ। ਉਪਰੰਤ ਅਸ਼ਮੀਤ ਕੌਰ ਅਤੇ ਮਨਰੀਤ ਕੌਰ ਨੇ ਸ਼ਬਦ ਗਾਇਨ ਕਰ ਕੇ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ।

ਅਗਲੇ ਦੌਰ ਵਿਚ ਸੁਰਿੰਦਰ ਸੋਹਲ ਨੇ ਆਪਣੇ ਨਵ-ਪ੍ਰਕਾਸ਼ਿਤ ਨਾਵਲ 'ਰਹੱਸ ਸੁਨਹਿਰੀ ਮਹੱਲ ਦਾ' ਦੀ ਸਿਰਜਣ-ਪ੍ਰਕਿਰਿਆ ਬਾਰੇ ਭਾਵ-ਪੂਰਤ ਲੇਖ ਸਾਂਝਾ ਕੀਤਾ। ਮਨਮੋਹਨ ਪੂਨੀ ਨੇ 15 ਅਗਸਤ ਦੇ ਸੰਦਰਭ ਵਿਚ ਵਿਚਾਰ ਪ੍ਰਗਟ ਕੀਤੇ ਅਤੇ ਮੰਗਤ ਰਾਮ ਪਾਸਲਾ ਦੀ ਨਜ਼ਮ ਵੀ ਸੁਣਾਈ।

ਅਗਲਾ ਦੌਰ ਸੰਜੀਦਾ ਕਾਵਿਕ ਮਾਹੌਲ ਵਾਲ਼ਾ ਸੀ। ਇਸ ਵਿਚ ਮੋਹਨ ਸਿੰਘ ਭੰਵਰਾ, ਡਾ. ਸ਼ਸ਼ੀ ਕਾਂਤ ਉੱਪਲ, ਅਮਰੀਕ ਗ਼ਾਫ਼ਿਲ, ਡਾਕਟਰ ਰਾਮਜੀ ਦਾਸ ਸੇਠੀ ਅਤੇ ਇਜਾਜ਼ ਭੱਟੀ ਨੇ ਆਪਣੀਆਂ ਖ਼ੂਬਸੂਰਤ ਉਰਦੂ-ਪੰਜਾਬੀ ਗ਼ਜ਼ਲਾਂ ਤੇ ਨਜ਼ਮਾਂ ਨਾਲ਼ ਸਮਾਂ ਬੰਨ੍ਹ ਦਿੱਤਾ।

ਮੇਜ਼ਬਾਨ ਅੰਜੂ ਰੱਤੀ ਨੇ ਨਜ਼ਮ ਦੇ ਨਾਲ-ਨਾਲ ਕਾਵਿਕ ਭਾਸ਼ਾ ਵਿਚ ਡੁੱਬਿਆ ਆਪਣੇ ਸ਼ਹਿਰ ਬੰਗਾ ਬਾਰੇ ਲਲਿਤ ਨਿਬੰਧ ਪੜ੍ਹ ਕੇ ਸਰੋਤਿਆਂ ਦਾ ਧਿਆਨ ਖਿੱਚਿਆ। ਬੰਗਾ ਸ਼ਹਿਰ ਦੀ ਮੰਜ਼ਰ-ਕਸ਼ੀ ਏਨੀ ਕਮਾਲ ਦੀ ਕੀਤੀ ਗਈ ਸੀ ਕਿ ਨਿਊਯਾਰਕ ਵਿਚ ਬੈਠੇ ਸਰੋਤਿਆਂ ਨੂੰ ਬੰਗਾ ਦੇ ਦਰਸ਼ਨ ਕਰਵਾ ਦਿੱਤੇ। ਸਮਾਗਮ ਦੀ ਸਿਖਰ ਰੀਟਾ ਕੋਹਲੀ ਵੱਲੋਂ ਪੇਸ਼ 'ਜ਼ਿੰਦਗੀ ਮੇਂ ਤੋ ਸਭ ਪਿਆਰ ਕੀਆ ਕਰਤੇ ਹੈਂ' ਰਚਨਾ ਦੀ ਦਿਲ-ਖਿਚਵੀਂ ਪੇਸ਼ਕਸ਼ ਸੀ।

ਇਸ ਸਮਾਗਮ ਨੂੰ ਚਾਰ ਚੰਨ ਲਾਉਣ ਵਾਸਤੇ ਪ੍ਰੋ. ਜਸਵੀਰ ਸਿੰਘ ਉੱਭੀ, ਸ਼ੀਲਾ ਰਾਣੀ ਸ਼ਰਮਾ, ਤਿਲਕ ਰਾਜ ਸ਼ਰਮਾ, ਅਨੀਕੇਤ ਪ੍ਰਾਸ਼ਰ, ਅਕਸ਼ਿਤਾ ਪ੍ਰਾਸ਼ਰ, ਜੱਗਾ ਸਿੰਘ, ਪਰਮਜੀਤ ਕੌਰ, ਦਲੇਰ ਸਿੰਘ, ਰੁਪਿੰਦਰ ਕੌਰ, ਪ੍ਰੇਮ ਪ੍ਰਸਾਦ, ਜੂਡੀ ਪ੍ਰਸਾਦ, ਨਵਰੀਤ ਕੌਰ, ਹਰਸੀਰਤ ਕੌਰ ਆਦਿ ਹਾਜ਼ਰ ਸਨ।

ਅੰਤ ਵਿਚ ਮੇਜ਼ਬਾਨ ਅਮਰੀਕ ਗ਼ਾਫ਼ਿਲ ਨੇ ਆਏ ਸਾਹਿਤਕਾਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਪ੍ਰੀਤੀ-ਭੋਜ ਵਰਤਾਇਆ ਗਿਆ। ਸਟੇਜ ਦੀ ਕਾਰਵਾਈ ਅਮਰੀਕ ਗ਼ਾਫ਼ਿਲ ਨੇ ਬਹੁਤ ਹੀ ਸਲੀਕੇ ਨਾਲ ਨਿਭਾਈ।

## ਔੜ ਬਲਾਕ ਨੂੰ ਤੋੜਨ ਵਿਰੁੱਧ ਸੈਂਕੜੇ ਲੋਕਾਂ ਵਲੋਂ ਪ੍ਰਦਰਸ਼ਨ

### *ਇਕੱਠ ਵਿਚ ਗੂੰਜੇ ਬਲਾਕ ਨੂੰ ਮੁੜ ਬਹਾਲ ਕਰਨ ਦੇ ਨਾਅਰੇ*

**ਔੜ:** 'ਔੜ ਬਲਾਕ ਬਚਾਓ ਸੰਘਰਸ਼ ਕਮੇਟੀ' ਦੇ ਸੱਦੇ 'ਤੇ ਬਲਾਕ ਦਫ਼ਤਰ ਔੜ ਅੱਗੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ ਜਿਸ ਵਿਚ ਇਲਾਕੇ ਦੇ ਪਿੰਡਾਂ ਦੇ ਸਰਪੰਚ, ਪੰਚਾਇਤ ਮੈਂਬਰ, ਸਮਾਜ ਸੇਵੀ ਸੰਸਥਾਵਾਂ ਅਤੇ ਰਾਜਨੀਤਕ ਪਾਰਟੀਆਂ ਦੇ ਆਗੂ, ਔਰਤਾਂ ਅਤੇ ਪਿੰਡਾਂ ਦੇ ਹੋਰ ਲੋਕ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਇਕੱਠ



ਨੂੰ ਬਸਪਾ ਦੇ ਸੂਬਾਈ ਆਗੂ ਪ੍ਰਵੀਨ ਬੰਗਾ, ਸੰਘਰਸ਼ ਕਮੇਟੀ ਦੇ ਮੈਂਬਰ ਰਾਜ ਕੁਮਾਰ ਮਾਹਲ ਖ਼ੁਰਦ, ਰੂਪ ਲਾਲ ਧੀਰ, ਬੂਟਾ ਸਿੰਘ ਮਹਿਮੂਦਪੁਰ, ਨਿੰਦਰਪਾਲ ਸਰਪੰਚ ਮਾਈਦਿੱਤਾ, ਤਲਵਿੰਦਰ ਸਿੰਘ ਸ਼ੇਰਗਿੱਲ ਸਰਪੰਚ ਗੁਣਾਚੌਰ, ਸੀਟੂ ਦੇ ਸੂਬਾਈ ਆਗੂ ਮਹਾਂ ਸਿੰਘ ਰੌੜੀ, ਐਸਜੀਪੀਸੀ ਮੈਂਬਰ ਮਹਿੰਦਰ ਸਿੰਘ ਹੁਸੈਨਪੁਰ, ਭਾਜਪਾ ਦੇ ਹਲਕਾ ਇੰਚਾਰਜ ਪ੍ਰਿਤਪਾਲ ਬਜਾਜ, ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ, ਸਾਬਕਾ ਵਿਧਾਇਕ ਚੌਧਰੀ ਮੋਹਣ ਸਿੰਘ, ਪਰਮ ਸਿੰਘ ਖ਼ਾਲਸਾ, ਗੁਰਵਿੰਦਰ ਸਿੰਘ ਛੋਕਰ ਸਰਕਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸਾਬਕਾ ਸਰਪੰਚ ਮਨੋਹਰ ਕਮਾਮ, ਮਨਜੀਤ ਸਿੰਘ ਅੜਕ ਸਰਪੰਚ ਚਾਹਲ ਖ਼ੁਰਦ, ਨੰਬਰਦਾਰ ਕੇਸਰ ਸਿੰਘ ਮੱਲ੍ਹੀ, ਕਮੇਟੀ ਮੈਂਬਰ ਮਾਸਟਰ ਸੱਤਪਾਲ ਰਟੈਂਡਾ ਪ੍ਰਧਾਨ ਹਲਕਾ ਬੰਗਾ, ਕਮਲਜੀਤ ਦੁੱਗਲ ਸਰਪੰਚ ਔੜ, ਵਿਜੇ ਕੁਮਾਰ ਗੁਣਾਚੌਰ, ਪ੍ਰਿੰਸੀਪਲ ਨਛੱਤਰ ਸੁਮਨ, ਕਾ. ਚਰਨਜੀਤ ਸਿੰਘ ਜ਼ਿਲ੍ਹਾ ਸਕੱਤਰ ਸੀ.ਪੀ.ਐਮ., ਜੋਗਿੰਦਰ ਸਿੰਘ ਔੜ, ਚਰਨਜੀਤ ਮੰਢਾਲੀ, ਪੰਚ ਗੁਰਦੀਪ ਕੌਰ ਔੜ, ਕਿਰਤੀ ਕਿਸਾਨ ਯੂਨੀਅਨ ਦੇ ਇਲਾਕਾ ਪ੍ਰਧਾਨ ਸੁਰਿੰਦਰ ਸਿੰਘ ਮਹਿਰਮਪੁਰ, ਪ੍ਰੈੱਸ ਰਿਪੋਰਟਰ ਸੁਖਵਿੰਦਰ ਸਿੰਘ ਅਤੇ ਹੋਰ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਔੜ ਬਲਾਕ ਨੂੰ ਖ਼ਤਮ ਕਰਨ ਦਾ ਜੋ ਫ਼ੈਸਲਾ ਲਿਆ ਗਿਆ ਹੈ, ਉਹ ਕਿਸੇ ਵੀ ਤਰ੍ਹਾਂ ਲੋਕ ਹਿਤੈਸ਼ੀ ਅਤੇ ਤਰਕਪੂਰਨ ਨਹੀਂ ਹੈ। ਕੋਈ ਵੀ ਫ਼ੈਸਲਾ ਲੋਕਾਂ ਅਤੇ ਇਲਾਕੇ ਦੇ ਹਿਤਾਂ ਨੂੰ ਸਾਹਮਣੇ ਰੱਖ ਕੇ ਲਿਆ ਜਾਣਾ ਚਾਹੀਦਾ ਹੈ ਨਾ ਕਿ ਵਿਧਾਨ-ਸਭਾ ਹਲਕੇ ਦੀਆਂ ਕੁਝ ਕੁ ਤਕਨੀਕੀ ਮੁਸ਼ਕਲਾਂ ਨੂੰ ਮੁੱਖ ਰੱਖ ਕੇ। ਇਲਾਕੇ ਦੇ ਲੋਕ ਦੂਰਅੰਦੇਸ਼ ਬਜ਼ੁਰਗ ਆਗੂਆਂ ਵੱਲੋਂ ਵੱਡੀ ਘਾਲਣਾ ਘਾਲ਼ ਕੇ ਸਥਾਪਤ ਕੀਤੇ ਬਲਾਕ ਨੂੰ ਤੋੜਨ ਦੇ ਨਾਦਰਸ਼ਾਹੀ ਫ਼ਰਮਾਨ ਨੂੰ ਸਵੀਕਾਰ ਨਹੀਂ ਕਰਨਗੇ। ਸਾਰੀਆਂ ਪਾਰਟੀਆਂ ਅਤੇ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਰਾਜਨੀਤੀ ਤੋਂ ਉੱਪਰ ਉੱਠ ਕੇ ਅਤੇ ਇਲਾਕੇ ਦੇ ਹਿਤਾਂ ਦੀ ਰਾਖੀ ਲਈ ਸੰਘਰਸ਼ ਦਾ ਡੱਟ ਕੇ ਸਾਥ ਦੇਣਗੇ।

ਇਕੱਠ ਵਿਚ ਹਾਜ਼ਰ ਸੈਂਕੜੇ ਲੋਕਾਂ ਨੇ ਸਰਵਸੰਮਤੀ ਨਾਲ ਮਤਾ ਪਾਸ ਕਰਕੇ ਮੰਗ ਕੀਤੀ ਕਿ ਇਲਾਕੇ ਦੇ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਬਲਾਕ ਨੂੰ ਤੋੜਨ ਦਾ ਫ਼ੈਸਲਾ ਤੁਰੰਤ ਰੱਦ ਕੀਤਾ ਜਾਵੇ ਅਤੇ ਔੜ ਬਲਾਕ ਨੂੰ ਮੁੜ ਬਹਾਲ ਕੀਤਾ ਜਾਵੇ। ਸੰਘਰਸ਼ ਕਮੇਟੀ ਨੇ ਐਲਾਨ ਕੀਤਾ ਕਿ ਵੱਧ ਤੋਂ ਵੱਧ ਲੋਕਾਂ ਨੂੰ ਲਾਮਬੰਦ ਕਰਕੇ ਇਸ ਲੋਕ ਵਿਰੋਧੀ ਫ਼ੈਸਲੇ ਦਾ ਵਿਰੋਧ ਕੀਤਾ ਜਾਵੇਗਾ। ਸੰਘਰਸ਼ ਕਮੇਟੀ, ਪੰਚਾਇਤਾਂ ਅਤੇ ਹੋਰ ਆਗੂ ਵਫ਼ਦ ਦੇ ਰੂਪ 'ਚ ਡਿਪਟੀ ਕਮਿਸ਼ਨਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਮਿਲ ਕੇ ਮਤੇ ਦੀ ਕਾਪੀ ਪੰਜਾਬ ਸਰਕਾਰ ਨੂੰ ਭੇਜਣ ਲਈ ਸੌਂਪਣਗੇ ਅਤੇ ਬਲਾਕ ਨੂੰ ਬਹਾਲ ਨਾ ਕੀਤੇ ਜਾਣ ਦੀ ਸੂਰਤ 'ਚ ਆਉਣ ਵਾਲੇ ਦਿਨਾਂ ਵਿਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

# ਇਸ ਮਹੀਨੇ ਹੋਣ ਵਾਲੀ ਭਾਰਤ-ਅਮਰੀਕਾ ਵਪਾਰਕ ਗੱਲਬਾਤ ਰੱਦ

**ਨਵੀਂ ਦਿੱਲੀ:** ਅਮਰੀਕੀ ਵਪਾਰਕ ਨੁਮਾਇੰਦਿਆਂ ਦੀ 25-29 ਅਗਸਤ ਤੱਕ ਤਜਵੀਜ਼ਸ਼ੁਦਾ ਨਵੀਂ ਦਿੱਲੀ ਯਾਤਰਾ ਰੱਦ ਕਰ ਦਿੱਤੀ ਗਈ ਹੈ। ਇਸ ਨਾਲ ਤਜਵੀਜ਼ਸ਼ੁਦਾ ਵਪਾਰਕ ਸਮਝੌਤੇ 'ਤੇ ਗੱਲਬਾਤ 'ਚ ਦੇਰੀ ਹੋਵੇਗੀ ਤੇ 27 ਅਗਸਤ ਤੱਕ ਭਾਰਤੀ ਵਸਤਾਂ 'ਤੇ ਵਾਧੂ ਅਮਰੀਕੀ ਟੈਰਿਫ ਤੋਂ ਰਾਹਤ ਮਿਲਣ ਦੀ ਉਮੀਦ ਖ਼ਤਮ ਹੋ ਗਈ ਹੈ। ਤਜਵੀਜ਼ਸ਼ੁਦਾ ਦੁਵੱਲੇ ਵਪਾਰ ਸਮਝੌਤੇ ਲਈ ਗੱਲਬਾਤ ਹੁਣ ਕਿਸੇ ਅਗਲੀ ਤਰੀਕ ਨੂੰ ਹੋਵੇਗੀ, ਜਿਸ 'ਤੇ ਹਾਲੇ ਫ਼ੈਸਲਾ ਹੋਣਾ ਬਾਕੀ ਹੈ। ਨਵੀਂ ਦਿੱਲੀ ਸਥਿਤ ਅਮਰੀਕੀ ਦੂਤਘਰ ਨੇ ਕਿਹਾ ਕਿ ਉਸ ਕੋਲ ਵਪਾਰ ਤੇ ਟੈਰਿਫ ਗੱਲਬਾਤ ਦੇ ਸਬੰਧ 'ਚ ਕੋਈ ਵਧੇਰੇ ਜਾਣਕਾਰੀ ਨਹੀਂ ਹੈ। ਅਮਰੀਕੀ ਵਪਾਰ ਪ੍ਰਤੀਨਿਧੀ ਇਸ ਮਾਮਲੇ ਨੂੰ ਦੇਖ ਰਹੇ ਹਨ। ਭਾਰਤ ਦੇ ਵਪਾਰ ਮੰਤਰਾਲੇ ਨੇ ਰਾਇਟਰ ਨੂੰ ਈਮੇਲ ਦਾ ਤੁਰੰਤ ਜਵਾਬ ਨਹੀਂ ਦਿੱਤਾ।



ਇਸ ਮਹੀਨੇ ਦੀ ਸ਼ੁਰੂਆਤ 'ਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਵਸਤਾਂ 'ਤੇ 25 ਫ਼ੀਸਦੀ ਵਾਧੂ ਟੈਰਿਫ ਲਗਾਇਆ ਸੀ। ਉਨ੍ਹਾਂ ਨਵੀਂ ਦਿੱਲੀ ਵੱਲੋਂ ਰੂਸੀ ਤੇਲ ਦੀ ਲਗਾਤਾਰ ਦਰਾਮਦ ਦਾ ਹਵਾਲਾ ਦਿੰਦੇ ਹੋਏ ਇਹ ਕਦਮ ਚੁੱਕਿਆ ਸੀ, ਜਿਸ ਨਾਲ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਵੱਧ ਗਿਆ ਸੀ।

# ਭਾਰਤ ਪਰਤੇ ਪੁਲਾੜ ਯਾਤਰੀ ਸੁਭਾਸ਼ ਸ਼ੁਕਲਾ

**ਨਵੀਂ ਦਿੱਲੀ:** ਪੁਲਾੜ ਯਾਤਰੀ ਸੁਭਾਸ਼ ਸ਼ੁਕਲਾ ਐਤਵਾਰ ਸਵੇਰੇ ਭਾਰਤ ਪਰਤ ਆਏ। ਕੌਮਾਂਤਰੀ ਪੁਲਾੜ ਸਟੇਸ਼ਨ (ਆਈ.ਐੱਸ.ਐੱਸ.) ਦੀ ਉਨ੍ਹਾਂ ਦੀ ਇਤਿਹਾਸਕ ਯਾਤਰਾ ਦਾ ਜਸ਼ਨ ਮਨਾਉਣ ਲਈ ਦਿੱਲੀ ਏਅਰਪੋਰਟ 'ਤੇ ਵੱਡੀ ਗਿਣਤੀ ਵਿਚ ਲੋਕਾਂ ਨੇ ਤਿਰੰਗਾ ਲਹਿਰਾਉਂਦੇ ਤੇ ਢੋਲ ਵਜਾਉਂਦੇ ਹੋਏ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ। ਸੁਭਾਸ਼ ਤੇ ਉਨ੍ਹਾਂ ਦੇ ਬੈਕਅੱਪ ਪੁਲਾੜ ਯਾਤਰੀ ਪ੍ਰਸ਼ਾਂਤ ਬਾਲਕ੍ਰਿਸ਼ਨਨ ਨਾਇਰ ਦਾ ਸਵਾਗਤ ਕੇਂਦਰੀ ਮੰਤਰੀ ਜਿਤੇਂਦਰ ਸਿੰਘ, ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਤੇ ਇਸਰੋ ਦੇ ਚੇਅਰਮੈਨ ਵੀ ਨਾਰਾਇਣਨ ਨੇ ਜਿਤੇਂਦਰ ਸਿੰਘ ਵੱਲੋਂ ਏਅਰ ਪੋਰਟ 'ਤੇ ਉਨ੍ਹਾਂ ਦਾ ਸਵਾਗਤ ਕਰਨ ਤੋਂ ਬਾਅਦ ਪੋਸਟ ਕੀਤੇ ਗਏ ਸਵਾਗਤੀ ਸੰਦੇਸ਼ ਦੇ ਜਵਾਬ ਵਿਚ ਸੁਭਾਸ਼ ਨੇ ਐਕਸ 'ਤੇ ਲਿਖਿਆ, 'ਧੰਨਵਾਦ ਸਰ। ਘਰ ਵਾਪਸ ਆ ਕੇ ਸੱਚਮੁੱਚ ਚੰਗਾ ਲੱਗ ਰਿਹਾ ਹੈ। ਪੁਲਾੜ ਉਡਾਣ ਲਈ ਅਮਰੀਕਾ ਵਿਚ ਲਗਪਗ ਇਕ ਸਾਲ ਦੀ ਸਿਖਲਾਈ ਤੇ ਬਾਅਦ ਦੇਸ਼ ਵਾਪਸ ਆਏ ਸੁਭਾਸ਼ ਦਾ ਸਵਾਗਤ ਕਰਨ ਲਈ ਏਅਰਪੋਰਟ 'ਤੇ ਉਨ੍ਹਾਂ ਦੀ ਪਤਨੀ ਕਾਮਨਾ ਤੇ ਪੁੱਤਰ ਕਿਆਸ ਵੀ ਮੌਜੂਦ ਸਨ। ਢੋਲ-ਨਗਾਰਿਆਂ ਦੀ ਧੁਨ ਨਾਲ ਸੁਭਾਸ਼ ਦਾ ਸਵਾਗਤ ਕਰਨ ਲਈ ਏਅਰਪੋਰਟ 'ਤੇ ਤਿਰੰਗਾ ਲਹਿਰਾਉਂਦੇ ਹੋਏ ਵੱਡੀ ਭੀੜ ਇਕੱਠੀ ਹੋਈ ਸੀ।



ਸਰਕਾਰ ਨੇ ਸੁਭਾਸ਼ ਦੀ ਭਾਰਤ ਵਾਪਸੀ ਦੇ ਮੱਦੇਨਜ਼ਰ ਸੋਮਵਾਰ ਨੂੰ ਲੋਕ ਸਭਾ ਵਿਚ 'ਕੌਮਾਂਤਰੀ ਪੁਲਾੜ ਸਟੇਸ਼ਨ 'ਤੇ ਭਾਰਤ ਦੇ ਪਹਿਲੇ ਪੁਲਾੜ ਯਾਤਰੀ- 2047 ਤੱਕ ਵਿਕਸਤ ਭਾਰਤ ਲਈ ਪੁਲਾੜ ਪ੍ਰੋਗਰਾਮਦੀ ਮਹੱਤਵਪੂਰਨ ਭੂਮਿਕਾ' ਵਿਸ਼ੇ 'ਤੇ ਇਕ ਵਿਸ਼ੇਸ਼ ਚਰਚਾ ਦੀ ਤਜਵੀਜ਼ ਰੱਖੀ ਹੈ। ਸੁਭਾਸ਼ ਦੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣ ਅਤੇ ਆਪਣੇ ਗ੍ਰਹਿ ਨਗਰ ਲਖਨਊ ਜਾਣ ਦੀ ਉਮੀਦ ਹੈ। 22-23 ਅਗਸਤ ਨੂੰ ਰਾਸ਼ਟਰੀ ਦਿਵਸ ਸਮਾਗਮ ਵਿਚ ਹਿੱਸਾ ਲੈਣ ਲਈ ਉਨ੍ਹਾਂ ਦੇ ਰਾਜਧਾਨੀ ਵਾਪਸ ਆਉਣ ਦੀ ਵੀ ਸੰਭਾਵਨਾ ਹੈ।

ਸੁਭਾਸ਼ ਸ਼ੁਕਲਾ ਐਕਸੀਓਮ-4 ਨਿੱਜੀ ਪੁਲਾੜ ਮਿਸ਼ਨ ਦਾ ਹਿੱਸਾ ਸਨ ਜੋ 25 ਜੂਨ ਨੂੰ ਫਲੋਰੀਡਾ ਤੋਂ ਰਵਾਨਾ ਹੋਇਆ ਸੀ ਅਤੇ 26 ਜੂਨ ਨੂੰ ਕੌਮਾਂਤਰੀ ਪੁਲਾੜ ਸਟੇਸ਼ਨ 'ਤੇ ਪਹੁੰਚਿਆ ਸੀ। ਉਹ 15 ਜੁਲਾਈ ਨੂੰ ਧਰਤੀ 'ਤੇ ਵਾਪਸ ਆ ਗਏ ਸਨ।


ਤਿੰਨ ਹੋਰ ਪੁਲਾੜ ਯਾਤਰੀਆਂ- ਪੈਗੀ ਵਿਟਸਨ (ਅਮਰੀਕਾ), ਸਲਾਵੋਜ਼ ਉਜ਼ਨਾਨਸਕੀ- ਵਿਸਨੀਵਸਕੀ (ਪੋਲੈਂਡ) ਤੇ ਟਿਬੋਰ ਕਾਪੂ (ਹੰਗਰੀ) ਨਾਲ ਸੁਭਾਸ਼ ਨੇ 18 ਦਿਨਾਂ ਦੇ ਮਿਸ਼ਨ ਦੌਰਾਨ 60 ਤੋਂ ਵੱਧ ਪ੍ਰਯੋਗ ਕੀਤੇ ਅਤੇ 20 ਆਊਟਰੀਚ ਸੈਸ਼ਨ ਕਰਵਾਏ ਗਏ।

# 'ਭਾਰਤ ਦੀ ਵੰਡ ਲਈ ਜਿਨਾਹ, ਕਾਂਗਰਸ ਤੇ ਮਾਊਂਟਬੈਟਨ ਦੋਸ਼ੀ'

## 'ਵੰਡ ਦੀ ਦਹਿਸ਼ਤ ਦਾ ਯਾਦਗਾਰੀ ਦਿਵਸ' ਮਨਾਉਣ ਲਈ ਜਾਰੀ ਵਿਸ਼ੇਸ਼ ਮੌਡਿਊਲ 'ਚ ਦਾਅਵਾ

**ਨਵੀਂ ਦਿੱਲੀ:** ਕੌਮੀ ਸਿੱਖਿਆ ਖੋਜ ਤੇ ਸਿਖਲਾਈ ਕੌਂਸਲ (ਐੱਨ.ਸੀ.ਈ.ਆਰ.ਟੀ.) ਨੇ "ਵੰਡ ਦੀ ਦਹਿਸ਼ਤ ਦਾ ਯਾਦਗਾਰੀ ਦਿਵਸ" ਮਨਾਉਣ ਲਈ ਇੱਕ ਵਿਸ਼ੇਸ਼ ਮੌਡਿਊਲ ਜਾਰੀ ਕੀਤਾ ਹੈ। ਇਸ ਮੌਡਿਊਲ ਵਿੱਚ ਭਾਰਤ ਦੀ ਵੰਡ ਲਈ ਮੁਹੰਮਦ ਅਲੀ ਜਿਨਾਹ, ਕਾਂਗਰਸ ਅਤੇ ਤਤਕਾਲੀ ਵਾਇਸਰਾਏ ਲਾਰਡ ਮਾਊਂਟਬੈਟਨ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਐੱਨਸੀਈਆਰਟੀ ਨੇ ਦੋ ਵੱਖਰੇ ਮੌਡਿਊਲ ਪ੍ਰਕਾਸ਼ਿਤ ਕੀਤੇ ਹਨ - ਇੱਕ ਕਲਾਸ 6ਵੀਂ ਤੋਂ 8ਵੀਂ (ਮਿਡਲ ਸਟੇਜ) ਲਈ ਅਤੇ ਦੂਜਾ ਕਲਾਸ 9ਵੀਂ ਤੋਂ 12ਵੀਂ (ਸੈਕੰਡਰੀ ਸਟੇਜ) ਲਈ। ਇਹ ਅੰਗਰੇਜ਼ੀ ਅਤੇ ਹਿੰਦੀ ਵਿੱਚ ਪੂਰਕ ਸਰੋਤ ਹਨ ਜੋ ਕਿ ਨਿਯਮਤ ਪਾਠ ਪੁਸਤਕਾਂ ਦਾ ਹਿੱਸਾ ਨਹੀਂ ਹਨ ਅਤੇ ਪ੍ਰਾਜੈਕਟਾਂ, ਪੋਸਟਰਾਂ, ਚਰਚਾਵਾਂ ਅਤੇ ਬਹਿਸਾਂ ਰਾਹੀਂ ਵਰਤੇ ਜਾਣ ਲਈ ਹਨ। ਦੋਵੇਂ ਮੌਡਿਊਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 2021 ਦੇ ਉਸ ਸੁਨੇਹੇ ਨਾਲ ਸ਼ੁਰੂ ਹੁੰਦੇ ਹਨ, ਜਿਸ ਵਿੱਚ ਵੰਡ ਦੀ ਦਹਿਸ਼ਤ ਦਾ ਯਾਦਗਾਰੀ ਦਿਵਸ ਮਨਾਉਣ ਦਾ ਐਲਾਨ ਕੀਤਾ ਗਿਆ ਸੀ।

ਇਸ ਮੌਡਿਊਲ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਵੰਡ ਤੋਂ ਬਾਅਦ ਕਸ਼ਮੀਰ ਇੱਕ ਨਵੀਂ ਸਮੱਸਿਆ ਬਣ ਕੇ ਸਾਹਮਣੇ ਆਇਆ, ਜੋ ਕਿ ਪਹਿਲਾਂ ਕਦੇ ਭਾਰਤ ਵਿੱਚ ਨਹੀਂ ਸੀ ਅਤੇ ਜਿਸ ਨੇ ਦੇਸ਼ ਦੀ ਵਿਦੇਸ਼ ਨੀਤੀ ਲਈ ਇੱਕ ਚੁਣੌਤੀ ਖੜ੍ਹੀ ਕੀਤੀ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕੁਝ ਦੇਸ਼, ਪਾਕਿਸਤਾਨ ਨੂੰ ਲਗਾਤਾਰ ਮਦਦ ਦਿੰਦੇ ਰਹਿੰਦੇ ਹਨ




ਅਤੇ ਕਸ਼ਮੀਰ ਦੇ ਮੁੱਦੇ 'ਤੇ ਭਾਰਤ 'ਤੇ ਦਬਾਅ ਪਾਉਂਦੇ ਹਨ। ਮੌਡਿਊਲ ਵਿੱਚ ਕਿਹਾ ਗਿਆ ਹੈ, "ਭਾਰਤ ਦੀ ਵੰਡ ਗਲਤ ਵਿਚਾਰਾਂ ਕਾਰਨ ਹੋਈ। ਭਾਰਤੀ ਮੁਸਲਮਾਨਾਂ ਦੀ ਪਾਰਟੀ ਮੁਸਲਿਮ ਲੀਗ ਨੇ 1940 ਵਿੱਚ ਲਾਹੌਰ 'ਚ ਇੱਕ ਕਾਨਫਰੰਸ ਕੀਤੀ।

"ਵੰਡ ਦੇ ਦੋਸ਼ੀ" ਸਿਰਲੇਖ ਵਾਲੇ ਇੱਕ ਭਾਗ ਵਿੱਚ ਐੱਨ.ਸੀ.ਈ.ਆਰ.ਟੀ ਦੇ ਮੌਡਿਊਲ ਵਿੱਚ ਕਿਹਾ ਗਿਆ ਹੈ, "ਅੰਤ ਵਿੱਚ 15 ਅਗਸਤ 1947 ਨੂੰ ਭਾਰਤ ਵੰਡਿਆ ਗਿਆ ਪਰ ਇਹ ਸਿਰਫ਼ ਇੱਕ ਵਿਅਕਤੀ ਦਾ ਕੰਮ ਨਹੀਂ ਸੀ। ਭਾਰਤ ਦੀ ਵੰਡ ਲਈ ਤਿੰਨ ਤੱਤ ਜ਼ਿੰਮੇਵਾਰ ਸਨ: ਜਿਨਾਹ ਜਿਸ ਨੇ ਇਸ ਦੀ ਮੰਗ ਕੀਤੀ, ਦੂਜਾ ਤੱਤ ਕਾਂਗਰਸ ਸੀ ਜਿਸ ਨੇ ਇਸ ਨੂੰ ਸਵੀਕਾਰ ਕੀਤਾ ਤੇ ਤੀਜਾ ਮਾਊਂਟਬੈਟਨ ਜਿਸ ਨੇ ਇਸ ਨੂੰ ਲਾਗੂ ਕੀਤਾ।ਪਰ ਮਾਊਂਟਬੈਟਨ ਇੱਕ ਵੱਡੀ ਗਲਤੀ ਦਾ ਦੋਸ਼ੀ ਸਾਬਿਤ ਹੋਇਆ।" ਮੌਡਿਊਲ 'ਚ ਜਿਨਾਹ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਮੌਡਿਊਲ ਵਿੱਚ ਸਰਦਾਰ ਵੱਲਭਭਾਈ ਪਟੇਲ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਭਾਰਤ ਦੀ ਸਥਿਤੀ ਵਿਸਫੋਟਕ ਹੋ ਗਈ ਸੀ। ਇਸ ਵਿੱਚ ਮਹਾਤਮਾ ਗਾਂਧੀ ਦੇ ਰੁਖ ਦਾ ਹਵਾਲਾ ਵੀ ਦਿੱਤਾ ਗਿਆ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਉਹ ਵੰਡ ਦੇ ਵਿਰੁੱਧ ਸਨ ਪਰ ਕਾਂਗਰਸ ਦੇ ਫੈਸਲੇ ਦਾ ਹਿੰਸਾ ਨਾਲ ਵਿਰੋਧ ਨਹੀਂ ਕਰਨਗੇ।

ਮੌਡਿਊਲ ਵਿੱਚ ਕਿਹਾ ਗਿਆ ਹੈ, "ਤਤਕਾਲੀ ਵਾਇਸਰਾਏ ਮਾਊਂਟਬੈਟਨ ਨੇ ਸੱਤਾ ਤਬਦੀਲੀ ਦੀ ਤਰੀਕ ਨੂੰ ਜੂਨ 1948 ਤੋਂ ਅਗਸਤ 1947 ਤੱਕ ਐਡਵਾਂਸ ਕਰ ਦਿੱਤਾ। ਉਸ ਨੇ ਇਸ ਲਈ ਸਾਰਿਆਂ ਨੂੰ ਰਾਜ਼ੀ ਕਰ ਲਿਆ। ਇਸ ਕਾਰਨ ਵੰਡ ਤੋਂ ਪਹਿਲਾਂ ਪੂਰੀ ਤਿਆਰੀ ਨਹੀਂ ਹੋ ਸਕੀ। ਵੰਡ ਦੀਆਂ ਸਰਹੱਦਾਂ ਦਾ ਨਿਰਧਾਰਨ ਵੀ ਜਲਦਬਾਜ਼ੀ ਵਿੱਚ ਕੀਤਾ ਗਿਆ। ਇਸ ਲਈ, ਸਰ ਰੈਡਕਲਿਫ਼ ਨੂੰ ਸਿਰਫ਼ ਪੰਜ ਹਫਤੇ ਦਿੱਤੇ ਗਏ। ਪੰਜਾਬ ਵਿੱਚ 15 ਅਗਸਤ 1947 ਤੋਂ ਦੋ ਦਿਨ ਬਾਅਦ ਵੀ ਲੱਖਾਂ ਲੋਕਾਂ ਨੂੰ ਪਤਾ ਨਹੀਂ ਸੀ ਕਿ ਉਹ ਭਾਰਤ ਵਿੱਚ ਹਨ ਜਾਂ ਪਾਕਿਸਤਾਨ ਵਿੱਚ। ਅਜਿਹੀ ਜਲਦਬਾਜ਼ੀ ਇੱਕ ਵੱਡੀ ਲਾਪ੍ਰਵਾਹੀ ਸੀ।"

# ਟਾਈਟਲਰ ਨਾਲ ਤਸਵੀਰ ਸਾਂਝੀ ਕਰਨ 'ਤੇ ਰਾਹੁਲ ਗਾਂਧੀ ਦੀ ਨਿਖੇਧੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ- ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਨੇ ਕਿਹਾ ਹੈ ਕਿ ਕਾਂਗਰਸ ਦੇ ਮੀਤ ਪ੍ਰਧਾਨ ਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੂੰ ਸਿੱਖ ਕਤਲੇਆਮ ਦੇ ਮੁਲਜ਼ਮ ਜਗਦੀਸ਼ ਟਾਈਟਲਰ ਤੇ ਹੋਰਾਂ ਦੀ ਪੁਸ਼ਤਪਨਾਹੀ ਦਾ ਕੋਈ ਅਫਸੋਸ ਨਹੀਂ ਹੈ ਬਲਕਿ ਇਹ ਤਾਂ ਇਨ੍ਹਾਂ ਨਾਲ ਤਸਵੀਰਾਂ ਖਿਚਵਾ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ। ਉਨ੍ਹਾਂ ਕਿਹਾ ਕਿ ਕੱਲ੍ਹ ਆਜ਼ਾਦੀ ਦਿਹਾੜੇ 'ਤੇ ਵੀ ਰਾਹੁਲ ਗਾਂਧੀ ਦੀ ਜਗਦੀਸ਼ ਟਾਈਟਲਰ ਨਾਲ ਤਸਵੀਰ ਖੂਬ ਵਾਇਰਲ ਹੋਈ। ਉਨ੍ਹਾਂ ਕਿਹਾ ਕਿ ਜਗਦੀਸ਼ ਟਾਈਟਲਰ ਵਾਂਗ ਰਾਹੁਲ ਗਾਂਧੀ ਅਕਸਰ ਕਮਲ ਨਾਥ ਨਾਲ ਵੀ ਸਟੇਜਾਂ ਸਾਂਝੀਆਂ ਕਰਦੇ ਨਜ਼ਰ ਆਉਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਕੌਮ ਕਦੇ ਵੀ ਕਾਂਗਰਸ ਅਤੇ ਇਸ ਦੇ ਆਗੂਆਂ ਰਾਹੁਲ ਗਾਂਧੀ ਤੇ ਹੋਰਨਾਂ ਨੂੰ ਮੁਆਫ਼ ਨਹੀਂ ਕਰ ਸਕਦੀ ਤੇ ਉਹ ਇਨਸਾਫ਼ ਲੈਣ ਲਈ ਹਮੇਸ਼ਾ ਡਟ ਕੇ ਲੜਦੇ ਰਹਿਣਗੇ।


## ਮਿਲਵਾਕੀ ਅਤੇ ਰਸੀਨ (ਵਿਸਕਾਨਸਿਨ) ਵਿਚ ਕਾਮਿਆਂ ਦੀ ਲੋੜ ਹੈ

**ਮਿਲਵਾਕੀ ਅਤੇ ਰਸੀਨ (ਵਿਸਕਾਨਸਿਨ) ਵਿਚ ਤਜਰਬੇਕਾਰ ਕੁੱਕ (ਜੋ ਭਾਰਤੀ ਅਤੇ ਅਮਰੀਕਨ ਖਾਣਾ ਬਣਾ ਸਕੇ), ਬੈਂਕੁਇਟ ਮੈਨੇਜਰ, ਅਕਾਊਂਟੈਂਟ, ਆਫਿਸ ਮੈਨੇਜਰ ਅਤੇ ਗੈਸ ਸਟੇਸ਼ਨ ਲਈ ਕਾਮਿਆਂ ਦੀ ਲੋੜ ਹੈ।**

* ਵਧੀਆ ਤਨਖਾਹ

* ਪਾਰਟਨਰਸ਼ਿਪ ਵੀ ਕੀਤੀ ਜਾ ਸਕਦੀ ਹੈ।

**ਸੰਪਰਕ ਕਰੋ: ਅਜੀਤ ਸਿੰਘ ਵਾਲੀਆ**

**ਫੋਨ: 414-588-0554, E-mail: jasonsingh@aol.com**

# 'ਵੋਟ ਚੋਰੀ' ਵਰਗੇ ਸ਼ਬਦਾਂ ਦੀ ਵਰਤੋਂ ਸੰਵਿਧਾਨ ਦਾ ਅਪਮਾਨ: ਚੋਣ ਕਮਿਸ਼ਨ

**ਨਵੀਂ ਦਿੱਲੀ:** "ਵੋਟ ਚੋਰੀ" ਜਿਹੇ ਗ਼ਲਤ ਸ਼ਬਦਾਂ ਦੀ ਵਰਤੋਂ ਸੰਵਿਧਾਨ ਦਾ ਅਪਮਾਨ ਹੈ। ਚੋਣ ਕਮਿਸ਼ਨ ਲਈ ਸਾਰੀਆਂ ਸਿਆਸੀ ਪਾਰਟੀਆਂ ਇਕ ਬਰਾਬਰ ਹਨ, ਉਸ ਲਈ ਕੋਈ ਵੀ ਸੱਤਾ ਜਾਂ ਵਿਰੋਧੀ ਧਿਰ ਨਹੀਂ ਹੈ।

ਚੋਣ ਕਮਿਸ਼ਨ ਨੇ ਐਤਵਾਰ ਨੂੰ ਦਿੱਲੀ ਵਿਖੇ ਇਕ ਤਫਸੀਲੀ ਪ੍ਰੈੱਸ ਕਾਨਫ਼ਰੰਸ ਕਰ ਕੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵਲੋਂ ਲਗਾਏ ਦੋਸ਼ਾਂ ਨੂੰ ਨਾ ਸਿਰਫ਼ ਸਿਰੇ ਤੋਂ ਖਾਰਜ ਕੀਤਾ, ਸਗੋਂ ਮੁੜ ਦੁਹਰਾਉਂਦਿਆਂ ਬਿਨਾਂ ਰਾਹੁਲ ਗਾਂਧੀ ਦਾ ਨਾਂਅ ਲਏ ਇਹ ਵੀ ਕਿਹਾ ਕਿ ਜਾਂ ਤਾਂ ਹਲਫ਼ਨਾਮਾ ਦੇਣਾ ਹੋਏਗਾ ਜਾਂ ਦੇਸ਼ ਤੋਂ ਮੁਆਫ਼ੀ ਮੰਗਣੀ ਹੋਵੇਗੀ।

ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਚੋਣ ਕਮਿਸ਼ਨਰਾਂ, ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਕੁਮਾਰ ਨਾਲ ਕੀਤੀ ਤਕਰੀਬਨ 1 ਘੰਟੇ 40 ਮਿੰਟ ਦੀ ਪ੍ਰੈੱਸ ਕਾਨਫ਼ਰੰਸ 'ਚ ਅਸਿੱਧੇ ਢੰਗ ਨਾਲ ਰਾਹੁਲ ਗਾਂਧੀ ਵਲੋਂ 'ਵੋਟ ਚੋਰੀ' ਦੇ ਦਾਅਵੇ ਵਾਲੀ ਕਾਨਫਰੰਸ 'ਚ ਦਿਖਾਏ ਅੰਕੜੇ ਦਾ ਜ਼ਿਕਰ ਕਰਦਿਆਂ ਕਿਹਾ ਕਿ 'ਪ੍ਰੈਜ਼ੈਂਟੇਸ਼ਨ' 'ਚ ਦਿਖਾਇਆ ਗਿਆ ਡੇਟਾ ਸਾਡਾ (ਕਮਿਸ਼ਨ ਦਾ) ਨਹੀਂ ਹੈ। 'ਵੋਟ ਚੋਰੀ' ਦੇ ਦੋਸ਼ਾਂ 'ਤੇ ਹਲਫ਼ਨਾਮਾ ਦੇਣ ਜਾਂ ਦੇਸ਼ ਤੋਂ ਮੁਆਫ਼ੀ ਮੰਗਣ।

ਮੁੱਖ ਚੋਣ ਕਮਿਸ਼ਨਰ ਨੇ ਅੱਗੇ ਇਹ ਵੀ ਕਿਹਾ ਕਿ ਜੇਕਰ ਸੱਤ ਦਿਨਾਂ 'ਚ ਹਲਫ਼ਨਾਮਾ ਨਹੀਂ ਮਿਲਿਆ ਤਾਂ ਦੋਸ਼ਾਂ ਨੂੰ ਬੇਬੁਨਿਆਦ ਸਮਝਿਆ ਜਾਏਗਾ। ਰਾਹੁਲ ਗਾਂਧੀ ਵਲੋਂ 7 ਅਗਸਤ ਨੂੰ ਕੀਤੀ ਉਸ ਪ੍ਰੈੱਸ ਕਾਨਫ਼ਰੰਸ, ਜਿਸ 'ਚ ਕਰਨਾਟਕ ਦੇ 8 ਮਹਾਦੇਵਪੁਰਾ ਵਿਧਾਨ ਸਭਾ ਹਲਕੇ 'ਚੋਂ ਇਕ ਲੱਖ ਤੋਂ ਵੱਧ ਫਰਜ਼ੀ ਵੋਟ ਹੋਣ ਦਾ ਦਾਅਵਾ ਕੀਤਾ ਸੀ, ਤੋਂ ਬਾਅਦ ਇਹ ਚੋਣ ਕਮਿਸ਼ਨ ਵਲੋਂ ਕੀਤੀ ਪਹਿਲੀ ਪ੍ਰੈੱਸ ਕਾਨਫਰੰਸ ਹੈ, ਜਿਸ 'ਚ ਕਮਿਸ਼ਨ ਨੇ ਪਹਿਲੇ ਅੱਧੇ ਘੰਟੇ 'ਚ ਆਪਣੀ ਗੱਲ ਰੱਖੀ ਅਤੇ ਉਸ ਤੋਂ ਬਾਅਦ 1 ਘੰਟਾ 10 ਮਿੰਟ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੱਤੇ।

ਦਿਲਚਸਪ ਗੱਲ ਇਹ ਵੀ ਹੈ ਕਿ ਕਮਿਸ਼ਨ ਵਲੋਂ ਇਹ ਪ੍ਰੈੱਸ ਕਾਨਫਰੰਸ ਉਸ ਦਿਨ ਕੀਤੀ ਗਈ, ਜਿਸ ਦਿਨ ਰਾਹੁਲ ਗਾਂਧੀ ਨੇ ਬਿਹਾਰ 'ਚ ਵਿਸ਼ੇਸ਼ ਰੈਲੀ ਕੀਤੀ।

ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਕਾਨਫਰੰਸ ਦੀ ਸ਼ੁਰੂਆਤ ਵੋਟਰਾਂ ਦੇ ਨਾਂਅ ਦਿੱਤੇ ਇਕ ਸੰਦੇਸ਼ ਰਾਹੀਂ




ਕਰਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਮੁਤਾਬਿਕ ਭਾਰਤ ਦੇ ਹਰ (18 ਸਾਲ ਤੋਂ ਵੱਧ ਉਮਰ ਦੇ) ਨਾਗਰਿਕ ਨੂੰ ਵੋਟਰ ਬਣਨਾ ਚਾਹੀਦਾ ਹੈ ਅਤੇ ਵੋਟ ਵੀ ਪਾਉਣਾ ਚਾਹੀਦਾ ਹੈ।

ਉਨ੍ਹਾਂ ਕਮਿਸ਼ਨ ਦੇ ਸਾਰੀਆਂ ਪਾਰਟੀਆਂ ਪ੍ਰਤੀ ਇਕੋ ਜਿਹੇ ਭਾਵ ਰੱਖਣ ਦਾ ਦਾਅਵਾ ਕਰਦਿਆਂ 'ਕਿਹਾ ਕਿ ਸਾਰੀਆਂ ਸਿਆਸੀ ਪਾਰਟੀਆਂ ਦਾ' ਜਨਮ ਚੋਣ ਕਮਿਸ਼ਨ 'ਚ ਰਜਿਸਟ੍ਰੇਸ਼ਨ ਦੇ ਨਾਲ ਹੀ ਹੁੰਦਾ ਹੈ। ਅਜਿਹੇ 'ਚ ਚੋਣ ਕਮਿਸ਼ਨ ਕਿਸੇ ਪਾਰਟੀ ਪ੍ਰਤੀ ਗਲਤ ਭਾਵਨਾ ਕਿਵੇਂ ਰੱਖ ਸਕਦਾ ਹੈ। ਕਮਿਸ਼ਨ ਦਾ ਇਹ ਬਿਆਨ ਰਾਹੁਲ ਗਾਂਧੀ ਵਲੋਂ ਲਗਾਏ ਉਨ੍ਹਾਂ ਦੋਸ਼ਾਂ ਦੇ ਜਵਾਬ 'ਚ ਸੀ, ਜਿਸ 'ਚ ਉਨ੍ਹਾਂ ਨੇ ਕਮਿਸ਼ਨ ਨੂੰ ਭਾਜਪਾ ਦੇ ਪੱਖ 'ਚ ਕੰਮ ਕਰਨ ਨੂੰ ਕਿਹਾ ਸੀ।

ਮੁੱਖ ਚੋਣ ਕਮਿਸ਼ਨਰ ਨੇ ਕਿਹਾ ਕਿ ਸਾਨੂੰ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਕੌਣ ਕਿਹੜੀ ਸਿਆਸੀ ਪਾਰਟੀ ਨਾਲ ਤਾਅਲੁੱਕ ਰੱਖਦਾ ਹੈ। ਚੋਣ ਕਮਿਸ਼ਨ ਅੱਗੇ ਸੱਤਾ ਅਤੇ ਵਿਰੋਧੀ ਧਿਰ ਇਕ ਬਰਾਬਰ ਹੈ।

ਉਨ੍ਹਾਂ ਅੱਗੇ ਸਖ਼ਤ ਲਹਿਜ਼ੇ 'ਚ ਇਹ ਵੀ ਕਿਹਾ ਦੋਹਰੀ ਵੋਟਿੰਗ ਅਤੇ 'ਵੋਟ ਚੋਰੀ' ਦੇ ਬੇਬੁਨਿਆਦ ਦੋਸ਼ਾਂ ਨਾਲ ਨਾ ਤਾਂ ਚੋਣ ਕਮਿਸ਼ਨ ਅਤੇ ਨਾ ਹੀ ਵੋਟਰਾਂ ਨੂੰ ਕੋਈ ਡਰ ਹੈ। ਨਾਲ ਹੀ ਸਵਾਲੀਆ ਅੰਦਾਜ਼ 'ਚ ਕਿਹਾ ਕਿ ਚੋਣ ਅਮਲ 'ਚ ਇਕ ਕਰੋੜ ਤੋਂ ਵੱਧ ਮੁਲਾਜ਼ਮ ਲੱਗੇ ਹਨ, ਕੀ ਇੰਨੇ ਪਾਰਦਰਸ਼ੀ ਅਮਲ 'ਚ 'ਵੋਟ ਚੋਰੀ' ਹੋ ਸਕਦੀ ਹੈ?

# ਸਿਮਰਨ ਵਾਲੀਆ ਤੇ ਸਾਥੀਆਂ ਵਲੋਂ ਗੁਰਦੁਆਰਾ ਪੈਲਾਟਾਈਨ ਵਿਖੇ ਅੱਖਾਂ ਦਾ ਜਾਂਚ ਕੈਂਪ



**ਸ਼ਿਕਾਗੋ:** 'ਪੰਜਾਬ ਟਾਈਮਜ਼' ਦੇ ਸਲਾਹਕਾਰ ਬੋਰਡ ਦੇ ਮੈਂਬਰ ਸ. ਪਰਮਿੰਦਰ ਸਿੰਘ ਵਾਲੀਆ ਦੀ ਹੋਣਹਾਰ ਧੀ ਸਿਮਰਨ ਵਾਲੀਆ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਗੁਰਦੁਆਰਾ ਪੈਲਾਟਾਈਨ ਵਿਖੇ ਅੱਖਾਂ ਦਾ ਜਾਂਚ ਕੈਂਪ ਲਾਇਆ। ਇਸ ਕਾਰਜ ਵਿਚ ਗੁਰਦੁਆਰਾ ਸਾਹਿਬ ਦੇ ਸਾਬਕਾ ਫਾਇਨਾਂਸ ਸੈਕਟਰੀ ਪ੍ਰੇਮਪਾਲ ਸਿੰਘ ਨੇ ਉਨ੍ਹਾਂ ਨੂੰ ਸਹਿਯੋਗ ਦਿੱਤਾ। ਇਸ ਮੌਕੇ ਵੱਡੀ ਗਿਣਤੀ ਸੰਗਤ ਨੇ ਇਸ ਵਾਲੰਟੀਅਰ ਟੀਮ ਕੋਲੋਂ ਅੱਖਾਂ ਦੀ ਜਾਂਚ ਕਰਵਾਈ, ਜਿਨ੍ਹਾਂ ਨੂੰ ਅੱਖਾਂ ਦੀ ਦੇਖਭਾਲ ਵਾਸਤੇ ਵੱਖ-ਵੱਖ ਸੁਝਾਅ ਦਿੱਤੇ ਗਏ।

ਜ਼ਿਕਰਯੋਗ ਹੈ ਕਿ ਸਿਮਰਨ ਵਾਲੀਆ ਨੇ ਡਾਕਟਰੀ ਦੀ ਪੜ੍ਹਾਈ ਕੀਤੀ ਹੈ ਅਤੇ ਹੁਣ ਉਹ ਲਗਪਗ ਅੱਖਾਂ ਦੀ ਡਾਕਟਰ ਬਣ ਚੁੱਕੀ ਹੈ। ਉਨ੍ਹਾਂ ਦੀ ਟੀਮ ਵਲੋਂ ਕੀਤੇ ਇਸ ਭਲਾਈ ਦੇ ਕਾਰਜ ਦੀ ਸੰਗਤ ਵਲੋਂ ਭਰਪੂਰ ਸ਼ਲਾਘਾ ਕੀਤੀ ਗਈ।












# ਬਿਹਾਰ ’ਚ ਵੋਟ ਚੋਰੀ ਦੀ ਸਾਜ਼ਿਸ਼ ਨੂੰ ਨਹੀਂ ਹੋਣ ਦਿਆਂਗੇ ਸਫ਼ਲ: ਰਾਹੁਲ ਗਾਂਧੀ

## ‘ਇੰਡੀਆ’ ਗੱਠਜੋੜ ਵਲੋਂ ‘ਵੋਟਰ ਅਧਿਕਾਰ ਯਾਤਰਾ’ ਸ਼ੁਰੂ



**ਸਾਸਾਰਾਮ (ਬਿਹਾਰ):**ਬਿਹਾਰ ਵਿਧਾਨ ਸਭਾ ਚੋਣਾਂ ‘ਚ ਸਿਰਫ਼ ਤਿੰਨ ਮਹੀਨੇ ਰਹਿਣ ਦੇ ਮੱਦੇਨਜ਼ਰ ਤੇ ਵਿਰੋਧੀ ਧਿਰਾਂ ਵਲੋਂ ਚੋਣ ਕਮਿਸ਼ਨ ਤੇ ਭਾਜਪਾ ‘ਤੇ ਚੋਣਾਂ ‘ਚੋਰੀ’ ਦੇ ਲਾਏ ਦੋਸ਼ਾਂ ਦਰਮਿਆਨ ‘ਇੰਡੀਆ’ ਗੱਠਜੋੜ ਵਲੋਂ ਵੋਟਰਾਂ ਦੇ ਅਧਿਕਾਰ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ‘ਵੋਟਰ ਅਧਿਕਾਰ ਯਾਤਰਾ’ ਦੀ ਸ਼ੁਰੂਆਤ ਕੀਤੀ ਗਈ।

ਲੋਕ ਸਭਾ ‘ਚ ਵਿਰੋਧੀ ਧਿਰ ਦੇ ਨੇਤਾ ਤੇ ਕਾਗਰਸੀ ਆਗੂ ਰਾਹੁਲ ਗਾਂਧੀ ਨੇ ਆਰ. ਜੇ. ਡੀ.ਦੇ ਤੇਜਸਵੀ ਯਾਦਵ ਅਤੇ ਹੋਰ ‘ਇੰਡੀਆ’ ਗੱਠਜੋੜ ਦੇ ਨੇਤਾਵਾਂ ਦੇ ਨਾਲ ਸਾਸਾਰਾਮ ਦੀ ਬਿਆਡਾ ਗਰਾਊਂਡ ਤੋਂ 1300 ਕਿਲੋਮੀਟਰ ਲੰਬੀ ਯਾਤਰਾ ਸ਼ੁਰੂ ਕੀਤੀ, ਜੋ 16 ਦਿਨਾਂ ਬਾਅਦ 1 ਸਤੰਬਰ ਨੂੰ ਪਟਨਾ ‘ਚ ਇਕ ਰੈਲੀ ਨਾਲ ਸਮਾਪਤ ਹੋਵੇਗੀ।

‘ਐਕਸ’ ‘ਤੇ ਪੋਸਟ ‘ਚ ਰਾਹੁਲ ਗਾਂਧੀ ਨੇ ਕਿਹਾ ਕਿ 16 ਦਿਨ, 20 ਤੋਂ ਜ਼ਿਆਦਾ ਜ਼ਿਲ੍ਹੇ, 1300 ਕਿਲੋਮੀਟਰ ਲੰਬੀ ’’ਵੋਟਰ ਅਧਿਕਾਰ ਯਾਤਰਾ’’ ਨਾਲ ਅਸੀਂ ਲੋਕਾਂ ‘ਚ ਆ ਰਹੇ ਹਾਂ। ਇਹ ਸਭ ਤੋਂ ਬੁਨਿਆਦੀ ਲੋਕਤੰਤਰੀ ਅਧਿਕਾਰ ‘ਇਕ ਵਿਅਕਤੀ, ਇਕ ਵੋਟ’ ਦੀ ਰੱਖਿਆ ਲਈ ਲੜਾਈ ਹੈ। ਸ਼ੁਰੂਆਤੀ ਸਮਾਗਮ ‘ਚ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੂਰਾ ਦੇਸ਼ ਹੁਣ ਜਾਣਦਾ ਹੈ ਕਿ ਚੋਣ ਕਮਿਸ਼ਨ ਭਾਜਪਾ ਨਾਲ ਮਿਲੀਭੁਗਤ ਕਰਕੇ ਚੋਣਾਂ ‘ਚੋਰੀ’ ਕਰ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ‘ਇੰਡੀਆ’ ਗੱਠਜੋੜ ਵੋਟਰ ਸੂਚੀਆਂ ਦੀ ‘ਵਿਸ਼ੇਸ਼ ਤੀਬਰ ਸੋਧ’ (ਐਸ.ਆਈ.ਆਰ.) ਰਾਹੀਂ ਵੋਟਰ ਜੋੜ ਕੇ ਅਤੇ ਹਟਾ ਕੇ ਬਿਹਾਰ ਵਿਧਾਨ ਸਭਾ ਚੋਣਾਂ ‘ਚੋਰੀ’ ਕਰਨ ਦੀ ‘ਸਾਜਿਸ਼’ ਨੂੰ ਸਫਲ ਨਹੀਂ ਹੋਣ ਦੇਵੇਗਾ। ਰਾਹੁਲ ਨੇ ਕਿਹਾ ਕਿ ‘ਵੋਟ ਚੋਰੀ’ ਦਾ ਪਰਦਾਫਾਸ਼ ਕਰਨ ਵਾਲੀ ਉਨ੍ਹਾਂ ਦੀ ਪ੍ਰੈਸ ਕਾਨਫਰੰਸ ਤੋਂ ਬਾਅਦ ਹਲਫ਼ਨਾਮਾ ਦੇਣ ਲਈ ਕਿਹਾ ਗਿਆ ਸੀ ਪਰ ਪ੍ਰੈਸ ਕਾਨਫਰੰਸ ‘ਚ ਦਾਅਵਾ ਕਰਨ ਵਾਲੇ ਭਾਜਪਾ ਨੇਤਾਵਾਂ ਵਲੋਂ ਅਜਿਹੀ ਕੋਈ ਮੰਗ ਨਹੀਂ ਕੀਤੀ ਗਈ। ਉਨ੍ਹਾਂ ਦੋਸ਼’ ਲਗਾਇਆ ਕਿ ਪੂਰੇ ਦੇਸ਼ ਵਿਚ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਚੋਰੀ ਕੀਤੀਆਂ ਜਾ ਰਹੀਆਂ ਹਨ ਤੇ ਉਨ੍ਹਾਂ (ਭਾਜਪਾ) ਦੀ ਆਖਰੀ ਸਾਜਿਸ਼ ਬਿਹਾਰ ‘ਚ ਚੋਣਾਂ ਚੋਰੀ ਕਰਨ ਲਈ ਐਸ.ਆਈ.ਆਰ. ਰਾਹੀਂ ਵੋਟਰਾਂ ਦੇ ਨਾਂਅ ਹਟਾਉਣ ਅਤੇ ਜੋੜਨ ਦੀ ਹੈ।

ਰਾਹੁਲ ਨੇ ਕਿਹਾ ਕਿ ਬਿਹਾਰ ਦੇ ਲੋਕ ਉਨ੍ਹਾਂ ਨੂੰ ਚੋਣਾਂ ਚੋਰੀ ਨਹੀਂ ਕਰਨ ਦੇਣਗੇ। ਗਰੀਬਾਂ ਕੋਲ ਸਿਰਫ ਵੋਟ ਦੀ ਤਾਕਤ ਹੈ ਅਤੇ ਉਹ ਉਨ੍ਹਾਂ ਨੂੰ ਚੋਣਾਂ ਚੋਰੀ ਨਹੀਂ ਕਰਨ ਦੇਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਸੰਵਿਧਾਨ ਨੂੰ ਬਚਾਉਣ ਦੀ ਲੜਾਈ ਹੈ। ਸਮਾਗਮ ਚ ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ, ਆਰ.ਜੇ.ਡੀ. ਮੁਖੀ ਲਾਲੂ ਪ੍ਰਸਾਦ, ਬਿਹਾਰ ਵਿਧਾਨ ਸਭਾ ‘ਚ ਵਿਰੋਧੀ ਧਿਰ ਦੇ ਨੇਤਾ ਭੇਜਸਵੀ ਯਾਦਵ ਆਦਿ ਨੇ ਸ਼ਿਰਕਤ ਕੀਤੀ।

# ਸੀ.ਪੀ. ਰਾਧਾਕ੍ਰਿਸ਼ਣਨ ਉਪ ਰਾਸ਼ਟਰਪਤੀ ਲਈ ਐੱਨ.ਡੀ.ਏ. ਦੇ ਉਮੀਦਵਾਰ



ਮੋਦੀ ਨੇ ਰਾਧਾਕ੍ਰਿਸ਼ਣਨ ਨੂੰ ਉਪ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਬਣਾਏ ਜਾਣ ‘ਤੇ ਵਧਾਈ ਦਿੱਤੀ ਹੈ।

**ਨਵੀਂ ਦਿੱਲੀ:**ਮਹਾਰਾਸ਼ਟਰ ਦੇ ਉਪ ਰਾਜਪਾਲ ਚੰਦਰਪੁਰਮ ਪੋਨੁਸਾਮੀ ਰਾਧਾਕ੍ਰਿਸ਼ਣਨ ਸੱਤਾਧਾਰੀ ਐੱਨਡੀਏ ਵੱਲੋਂ ਉਪ ਰਾਸ਼ਟਰਪਤੀ ਦੇ ਅਹੁਦੇ ਦੇ ਉਮੀਦਵਾਰ ਹੋਣਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ‘ਚ ਐਤਵਾਰ ਨੂੰ ਭਾਜਪਾ ਸੰਸਦੀ ਬੋਰਡ ਦੀ ਬੈਠਕ ‘ਚ ਉਨ੍ਹਾਂ ਨੂੰ ਉਪ ਰਾਸ਼ਟਰਪਤੀ ਦੇ ਅਹੁਦੇ ਦਾ ਉਮੀਦਵਾਰ ਬਣਾਉਣ ‘ਤੇ ਸਹਿਮਤੀ ਬਣੀ। ਸੰਸਦੀ ਬੋਰਡ ਦੀ ਬੈਠਕ ਤੋਂ ਬਾਅਦ ਭਾਜਪਾ ਪ੍ਰਧਾਨ ਜੇਪੀ ਨੱਡਾ ਨੇ ਕਿਹਾ ਕਿ ਵਿਚਾਰ-ਵਟਾਂਦਰੇ ਤੋਂ ਬਾਅਦ ਰਾਧਾਕ੍ਰਿਸ਼ਣਨ ਦੇ ਨਾਂ ‘ਤੇ ਫ਼ੈਸਲਾ ਲਿਆ ਗਿਆ। ਅਸੀਂ ਚਾਹੁੰਦੇ ਹਾਂ ਕਿ ਅਗਲਾ ਉਪ ਰਾਸ਼ਟਰਪਤੀ ਸਰਬਸੰਮਤੀ ਨਾਲ ਚੁਣਿਆ ਜਾਵੇ। ਇਸ ਲਈ ਅਸੀਂ ਵਿਰੋਧੀ ਪਾਰਟੀਆਂ ਨਾਲ ਸੰਪਰਕ ਕੀਤਾ ਹੈ। ਉਨ੍ਹਾਂ ਕਿਹਾ ਕਿ ਰਾਧਾਕ੍ਰਿਸ਼ਣਨ ਦਾ ਤਾਮਿਲਨਾਡੂ ‘ਚ ਸਮਾਜ ਦੇ ਸਾਰੇ ਵਰਗਾਂ ‘ਚ ਸਨਮਾਨ ਹੈ। ਪ੍ਰਧਾਨ ਮੰਤਰੀ


# ਆਜ਼ਾਦੀ ਦਿਵਸ ਮੌਕੇ ਕਿਰਪਾਨਧਾਰੀ ਨੂੰ ਲਾਲ ਕਿਲ੍ਹੇ ’ਚ ਦਾਖ਼ਲ ਹੋਣ ਤੋਂ ਰੋਕਿਆ



**ਚੰਡੀਗੜ੍ਹ:**ਪੰਜਾਬ ਦੇ ਨਾਭਾ ਬਲਾਕ ਦੇ ਇਕ ਅੰਮ੍ਰਿਤਧਾਰੀ ਸਰਪੰਚ, ਜਿਸ ਨੂੰ ਆਜ਼ਾਦੀ ਦਿਵਸ ਦੇ ਜਸ਼ਨਾਂ ਲਈ ਦਿੱਲੀ ਬੁਲਾਇਆ ਗਿਆ ਸੀ, ਨੂੰ 15 ਅਗਸਤ ਨੂੰ ਕਿਰਪਾਨ ਪਹਿਨਣ ਕਾਰਨ ਲਾਲ ਕਿਲ੍ਹੇ ‘ਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ। ਪਿੰਡ ਕਲਸਾਣਾ ਦੇ ਸਰਪੰਚ ਤੇ ਅੰਮ੍ਰਿਤਧਾਰੀ ਸਿੱਖ ਗੁਰਧਿਆਨ ਸਿੰਘ ਉਨ੍ਹਾਂ ਲੋਕਾਂ ‘ਚ ਸ਼ਾਮਿਲ ਸਨ, ਜਿਨ੍ਹਾਂ ਨੂੰ ਜਲ ਸ਼ਕਤੀ ਮੰਤਰਾਲੇ ਵਲੋਂ ਆਪਣੇ ਪਿੰਡ ‘ਚ ਪਾਣੀ ਦੇ ਟ੍ਰੀਟਮੈਂਟ ਪਲਾਂਟ ਅਤੇ ਜਨਤਕ ਸਫਾਈ ਸਹੂਲਤਾਂ ਲਈ ਠੋਸ ਉਪਰਾਲੇ ਕਰਨ ਅਤੇ ਸਵੱਛਤਾ ‘ਚ ਮਿਸਾਲੀ ਕੰਮ ਲਈ ਸਨਮਾਨਿਤ ਕੀਤਾ ਜਾਣਾ ਸੀ।

ਆਜ਼ਾਦੀ ਦਿਵਸ ਪਰੇਡ ਦੇਖਣ ਲਈ ਵੀ.ਆਈ.ਪੀ. ਵਜੋਂ ਸੱਦਾ ਦਿੱਤੇ ਜਾਣ ਦੇ ਬਾਵਜੂਦ ਗੁਰਧਿਆਨ ਸਿੰਘ ਨੂੰ ਸੁਰੱਖਿਆ ਕਰਮਚਾਰੀਆਂ ਨੇ ਲਾਲ ਕਿਲ੍ਹੇ ਦੇ ਗੇਟ ਨੰਬਰ 5 ‘ਤੇ ਕਿਰਪਾਨ ਰੱਖਣ ‘ਤੇ ਪਾਬੰਦੀਆਂ ਦਾ ਹਵਾਲਾ ਦਿੰਦੇ ਹੋਏ ਰੋਕ ਦਿੱਤਾ ਗਿਆ। ਗੁਰਧਿਆਨ ਸਿੰਘ ਨੇ ਕਿਰਪਾਨ ਦੀ ਧਾਰਮਿਕ ਮਹੱਤਤਾ ਬਾਰੇ ਦੱਸਿਆ, ਜੋ ਕਿ ਸਿੱਖ ਧਰਮ ਦੇ ਪੰਜ ਕਕਾਰਾਂ ‘ਚੋਂ ਇਕ ਹੈ ਪਰ ਉਸ ਨੂੰ ਕਿਹਾ ਗਿਆ ਕਿ ਉਹ ਇਸ ਨੂੰ ਬਾਹਰ ਛੱਡ ਸਕਦਾ ਹੈ ਅਤੇ ਬਾਅਦ ‘ਚ ਇਸ ਨੂੰ ਵਾਪਸ ਲੈ ਸਕਦਾ ਹੈ । ਇਹ ਦੱਸਦੇ ਹੋਏ ਕਿ ਉਸ ਦਾ ਧਰਮ ਕਿਰਪਾਨ ਹਟਾਉਣ ਦੀ ਇਜਾਜ਼ਤ ਨਹੀਂ ਦਿੰਦਾ, ਗੁਰਧਿਆਨ ਸਿੰਘ ਨੇ ਅੰਦਰ ਨਾ ਜਾਣ ਦੀ ਚੋਣ ਕੀਤੀ।

## ਲੋਕਾਂ ਦੇ ਹੱਕ ਸੁਰੱਖਿਅਤ ਨਹੀਂ: ਖੜਗੇ



ਕਾਂਗਰਸ ਦੇ ਗੜ੍ਹ ਸਾਸਾਰਾਮ ‘ਚ ਸੰਬੋਧਨ ਕਰਦਿਆਂ ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ ਨੇ ਚੋਣ ਕਮਿਸ਼ਨ ‘ਤੇ ਕੇਂਦਰ ਦੀ ‘ਖਤਰਨਾਕ’ ਨਰਿੰਦਰ ਮੋਦੀ ਸਰਕਾਰ ਦੇ ‘ਏਜੰਟ’ ਵਾਂਗ ਕੰਮ ਕਰਨ ਦਾ ਦੋਸ਼ ਲਗਾਇਆ, ਜਿਸ ਨੇ ਸੰਵਿਧਾਨ ਅਤੇ ਲੋਕਾਂ ਦੇ ਵੋਟ ਪਾਉਣ ਦੇ ਅਧਿਕਾਰ ਲਈ ‘ਖਤਰਾ’ ਪੈਦਾ ਕਰ ਦਿੱਤਾ ਹੈ। ਖੜਗੇ ਨੇ ਰਾਹੁਲ ਗਾਂਧੀ ਦੇ ਉਸ ਭਾਸ਼ਣ ਦਾ ਹਵਾਲਾ ਦਿੱਤਾ, ਜਿਸ ‘ਚ ਦੋਸ਼ ਲਗਾਇਆ ਕਿ ਮਹਾਰਾਸ਼ਟਰ ਦੇ ਲੋਕ ਸਭਾ ਚੋਣਾਂ ਅਤੇ ਕੁਝ ਮਹੀਨਿਆਂ ਬਾਅਦ ਹੋਈਆਂ ਵਿਧਾਨ ਸਭਾ ਚੋਣਾਂ ਦੇ ਵਿਚਕਾਰ ਦੀ ਮਿਆਦ ਦਾ 1 ਕਰੋੜ ਵੋਟਰਾਂ ਦੇ ਨਾਂਅ ਸ਼ਾਮਿਲ ਕੀਤੇ ਗਏ ਸਨ ਅਤੇ ਅਜਿਹਾ ਲੱਗਦਾ ਹੈ ਕਿ ਸਾਰਿਆਂ ਨੇ ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਨੂੰ ਵੋਟ ਦਿੱਤੀ ਹੈ।

## ਬਿਹਾਰ ਚੋਣਾਂ ਵਿਚ ਐਨ.ਡੀ.ਏ. ਸਰਕਾਰ ਨੂੰ ਹਰਾ ਦੇਵਾਂਗੇ: ਲਾਲੂ




ਆਰ.ਜੇ.ਡੀ. ਪ੍ਰਧਾਨ ਲਾਲੂ ਪ੍ਰਸਾਦ ਨੇ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ‘ਚ ਬਿਹਾਰ ‘ਚ ਭਾਜਪਾ ਦੀ ਅਗਵਾਈ ਵਾਲੀ ਐਨ. ਡੀ. ਏ. ਸਰਕਾਰ ਨੂੰ ‘ਇੰਡੀਆ’ ਗਠਜੋੜ ਹਰਾ ਦੇਵੇਗਾ। ਸਾਸਾਰਾਮ ‘ਚ ‘ਵੋਟਰ ਅਧਿਕਾਰ ਯਾਤਰਾ’ ਦੀ ਸ਼ੁਰੂਆਤ ਤੋਂ ਬਾਅਦ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਐਨ.ਡੀ.ਏ. ਸਰਕਾਰ ਨੂੰ ਸੱਤਾ ਤੋਂ ਬਾਹਰ ਕਰਨਾ ਪਵੇਗਾ। ਆਰ.ਜੇ.ਡੀ. ਸੁਪਰੀਮੋ ਨੇ ਕਿਹਾ ਕਿ ਸੰਯੁਕਤ ‘ਇੰਡੀਆ’ ਗਠਜੋੜ ਵਿਧਾਨ ਸਭਾ ਚੋਣਾਂ ‘ਚ ਰਾਜ ‘ਚੋਂ ਐਨ.ਡੀ.ਏ. ਸਰਕਾਰ ਨੂੰ ਹਰਾ ਦੇਵੇਗਾ। ਇਸ ਤੋਂ ਪਹਿਲਾਂ ਪਟਨਾ ‘ਚ ਉਨ੍ਹਾਂ ਨੇ ਦੋਸ਼ ਲਗਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਧੀਨ ਦੇਸ਼ ਵਿਚ ਮੌਜੂਦਾ ਸਥਿਤੀ ਐਮਰਜੈਂਸੀ ਦੇ ਸਮੇਂ ਨਾਲੋਂ ਵੀ ਮਾੜੀ ਹੈ।

# ਪਾਕਿਸਤਾਨ ’ਚ ਪਿਕਨਿਕ ਮਨਾਉਣ ਆਏ ਲੋਕਾਂ ’ਤੇ ਗੋਲੀ; 7 ਦੀ ਮੌਤ



**ਅੰਮ੍ਰਿਤਸਰ:**ਪਾਕਿਸਤਾਨ ਦੇ ਖ਼ੈਬਰ ਪਖਤੂਨਖਵਾ ਸੂਬੇ ‘ਚ ਪਿਕਨਿਕ ਤੋਂ ਵਾਪਸ ਆ ਰਹੇ ਦੋਸਤਾਂ ਦੇ ਇਕ ਸਮੂਹ ‘ਤੇ ਅਣਪਛਾਤੇ ਬੰਦੂਕਧਾਰੀਆਂ ਨੇ ਘਾਤ ਲਗਾ ਕੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਉਨ੍ਹਾਂ ‘ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ। ਹਮਲੇ ‘ਚ ਘੱਟੋ-ਘੱਟ 7 ਲੋਕ ਮਾਰੇ ਗਏ ਤੇ ਇਕ ਜ਼ਖ਼ਮੀ ਹੋ ਗਿਆ। ਪੁਲਿਸ ਨੇ ਦੱਸਿਆ ਕਿ ਪੀੜਤਾਂ ‘ਤੇ ਸਨਿਚਰਵਾਰ ਦੇਰ ਰਾਤ ਕੋਹਾਟ ਜ਼ਿਲ੍ਹੇ ਦੇ ਉਪਨਗਰ ਰੇਗੀ ਸ਼ਿਨੋ ਖੇਲ ‘ਚ ਹਮਲਾ ਕੀਤਾ ਗਿਆ । ਉਹ ਟਾਂਡਾ ਡੈਮ ਤੋਂ ਆਪਣੇ ਜੱਦੀ ਪਿੰਡ ਖਾਰਾ ਘਾਰੀ ਮੁਹੰਮਦ ਜ਼ਾਈ ਵਾਪਸ ਆ ਰਹੇ ਸਨ ਜਦੋਂ ਹਮਲਾਵਰਾਂ ਨੇ ਗੋਲੀਬਾਰੀ ਕੀਤੀ। ਪੁਲਿਸ ਨੇ ਪੁਸ਼ਟੀ ਕੀਤੀ ਕਿ ਮ੍ਰਿਤਕ ਅਤੇ ਜ਼ਖ਼ਮੀ ਸਾਰੇ ਦੋਸਤ ਸਨ। ਅਧਿਕਾਰੀਆਂ ਨੇ ਕਿਹਾ ਕਿ ਹਮਲਾਵਰਾਂ ਦੀ ਭਾਲ ਲਈ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ।’

## ਛੇਤਰੀ ਲਈ ਦਰਵਾਜ਼ੇ ਹਮੇਸ਼ਾ ਖੁੱਲ੍ਹੇ: ਜਮੀਲ



**ਬੈਂਗਲੁਰੂ:**ਭਾਰਤੀ ਫੁੱਟਬਾਲ ਟੀਮ ਦੇ ਨਵ-ਨਿਯੁਕਤ ਮੁੱਖ ਕੋਚ ਖਾਲਿਦ ਜਮੀਲ ਨੇ ਸੁਨੀਲ ਛੇਤਰੀ ਨੂੰ ਸੀ.ਏ.ਐਫ.ਏ. ਨੇਸ਼ਨਜ਼ ਕੱਪ ਰਾਸ਼ਟਰੀ ਕੈਂਪ ਤੋਂ ਬਾਹਰ ਰੱਖਣ ‘ਤੇ ਕਿਹਾ ਕਿ ਛੇਤਰੀ ਲਈ ਹਮੇਸ਼ਾ ਦਰਵਾਜ਼ੇ ਖੁੱਲ੍ਹੇ ਹਨ। ਉਨ੍ਹਾਂ ਕਿਹਾ ਕਿ ਇਹ ਅਕਤੂਬਰ ‘ਚ ਹੋਣ ਵਾਲੇ ਮਹੱਤਵਪੂਰਨ ਏਸ਼ੀਅਨ ਕੱਪ ਕੁਆਲੀਫਾਈਂਗ ਦੌਰ ਦੇ ਮੈਚਾਂ ਲਈ ਸਿਰਫ਼ ਇਕ ਤਿਆਰੀ ਟੂਰਨਾਮੈਂਟ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨ ਜਮੀਲ ਨੇ ਸੀ.ਏ.ਐਫ.ਏ. ਨੇਸ਼ਨਜ਼ ਕੱਪ ਲਈ 35 ਸੰਭਾਵੀ ਖਿਡਾਰੀਆਂ ਦੀ ਸੂਚੀ ਜਾਰੀ ਕੀਤੀ, ਜਿਸ ‘ਚ ਛੇਤਰੀ ਦਾ ਨਾਮ ਸ਼ਾਮਲ ਨਹੀਂ ਸੀ।

# ਗੁਜਰਾਤ ’ਚ ਸੜਕ ਹਾਦਸਾ; 7 ਮੌਤਾਂ



**ਸੁਰੇਂਦਰਨਗਰ:**ਗੁਜਰਾਤ ਦੇ ਸੁਰੇਂਦਰਨਗਰ ਜ਼ਿਲ੍ਹੇ ‘ਚ ਐਤਵਾਰ ਨੂੰ ਇਕ ਹਾਈਵੇਅ ‘ਤੇ ਐਸ.ਯੂ.ਵੀ. ਨਾਲ ਟਕਰਾਉਣ ਤੋਂ ਬਾਅਦ ਇਕ ਕਾਰ ਨੂੰ ਅੱਗ ਲੱਗਣ ਕਾਰਨ ਇਸ ਵਿਚ ਸਵਾਰ ਸੱਤ ਵਿਅਕਤੀਆਂ ਦੀ ਸੜ ਜਾਣ ਕਾਰਨ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਵਧਵਨ ਥਾਣੇ ਦੇ ਇੰਸਪੈਕਟਰ ਪੀ. ਬੀ. ਜਡੇਜਾ ਨੇ ਕਿਹਾ ਕਿ ਦੁਪਹਿਰ 3:30 ਵਜੇ ਦੇ ਕਰੀਬ ਦੇਦਾਦਾਰਾ ਪਿੰਡ ਨੇੜੇ ਵਾਪਰੀ ਇਸ ਘਟਨਾ ਤੋਂ ਬਾਅਦ ਕਾਰ ‘ਚ ਸਵਾਰ ਸੱਤ ਵਿਅਕਤੀ ਜ਼ਿੰਦਾ ਸੜ ਗਏ ਜਦੋਂ ਕਿ ਐਸ.ਯੂ.ਵੀ. ‘ਚ ਸਵਾਰ ਤਿੰਨ ਵਿਅਕਤੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ। ਇਸ ਹਾਦਸੇ ਕਾਰਨ ਹਾਈਵੇਅ ‘ਤੇ ਟ੍ਰੈਫਿਕ ਜਾਮ ਹੋ ਗਿਆ। ਸਥਾਨਕ ਫਾਇਰ ਬ੍ਰਿਗੇਡ ਟੀਮਾਂ ਬਚਾਅ ਕਾਰਜਾਂ ਲਈ ਮੌਕੇ ‘ਤੇ ਪਹੁੰਚ ਗਈਆਂ।

# ਗਾਜ਼ਾ ’ਚ ਜੰਗਬੰਦੀ ਲਈ ਇਜ਼ਰਾਈਲ ’ਚ ਪ੍ਰਦਰਸ਼ਨ



**ਯਰੂਸ਼ਲਮ:** ਇਜ਼ਰਾਈਲ ਦੇ ਹਜ਼ਾਰਾਂ ਨਾਗਰਿਕਾਂ ਨੇ ਗਾਜ਼ਾ ਯੁੱਧ ਖਤਮ ਕਰਨ ਤੇ ਹਮਾਸ ਦੇ ਕਬਜ਼ੇ ‘ਚ ਕੈਦੀਆਂ ਨੂੰ ਮੁਕਤ ਕਰਨ ਲਈ ਨੇਤਨਯਾਹੂ ਸਰਕਾਰ ਦੇ ਖ਼ਿਲਾਫ਼ ਦੇਸ਼ ਪੱਧਰੀ ਪ੍ਰਦਰਸ਼ਨ ਕੀਤੇ।

ਇਸ ਦੌਰਾਨ ਸੜਕਾਂ ਜਾਮ ਹੋ ਗਈਆਂ ਤੇ ਵਪਾਰ ਠੱਪ ਹੋ ਗਿਆ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ‘ਤੇ ਦਬਾਅ ਬਣਾਉਣ ਲਈ ਲੋਕਾਂ ਨੇ ਤੁਰੰਤ ਹਮਾਸ ਨਾਲ ਸਮਝੌਤਾ ਕਰਨ ਦੀ ਮੰਗ ਕੀਤੀ। ਪੁਲਿਸ ਨੇ ਭੀੜ ਨੂੰ ਹਟਾਉਣ ਲਈ ਪਾਣੀ ਦੀਆਂ ਬੁਛਾੜਾਂ ਮਾਰੀਆਂ ਤੇ 38 ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ।

ਇਜ਼ਰਾਈਲ ‘ਚ ਦੋ ਸਮੂਹਾਂ ਨੇ ਐਤਵਾਰ ਨੂੰ ਇਕ ਦਿਨ ਦਾ ਅੰਦੋਲਨ ਕੀਤਾ।

# ਪ੍ਰਧਾਨ ਮੰਤਰੀ ਨੇ ਆਰ.ਐਸ.ਐਸ. ਨੂੰ ਦੇਸ਼ ਸੇਵਾ ਲਈ ਸਲਾਹਿਆ



**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਲਾਲ ਕਿਲ੍ਹੇ ਦੀ ਫਸੀਲ ਤੋਂ ਸੰਬੋਧਨ ਦੌਰਾਨ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦੀ ਸਥਾਪਨਾ ਦੇ100 ਵਰ੍ਹੇ ਪੂਰੇ ਹੋਣ ਦਾ ਜ਼ਿਕਰ ਕਰਦਿਆਂ ਇਸ ਨੂੰ ‘ਦੁਨੀਆ ਦਾ ਸਭ ਤੋਂ ਵੱਡੀ ਐੱਨ ਜੀ.ਓ. ਕਰਾਰ ਦਿੱਤਾ ਅਤੇ ਦੇਸ਼ ਸੇਵਾ ਪ੍ਰਤੀ ਸਮਰਪਣ ਲਈ ਇਸ ਦੇ ਵਾਲੰਟੀਅਰਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਆਖਿਆ ਕਿ ਰਾਸ਼ਟਰ ਦਾ ਨਿਰਮਾਣ ਸਿਰਫ਼ ਸਰਕਾਰ ਜਾਂ ਸੱਤਾ ‘ਚ ਬੈਠੇ ਲੋਕਾਂ ਨੇ ਹੀ ਨਹੀਂ ਕੀਤਾ।

ਪ੍ਰਧਾਨ ਮੰਤਰੀ ਨੇ ਕਿਹਾ, “ਆਰ.ਐੱਸ.ਐੱਸ. ਦਾ ਜਨਮ 100 ਸਾਲ ਪਹਿਲਾਂ ਹੋਇਆ ਸੀ। ਸੌ ਵਰ੍ਹਿਆਂ ਦੀ ਦੇਸ਼ ਸੇਵਾ ਬਹੁਤ ਹੀ ਮਾਣ ਵਾਲਾ ਕੰਮ ਹੈ। ਪਿਛਲੇ 100 ਸਾਲਾਂ ‘ਚ ਵਿਅਕਤੀ ਨਿਰਮਾਣ ਤੋਂ ਲੈ ਕੇ ਰਾਸ਼ਟਰ ਨਿਰਮਾਣ ਦਾ ਟੀਚਾ ਲੈ ਕੇ ਮਾਂ ਭਾਰਤੀ ਦੀ ਭਲਾਈ ਲਈ ਲੱਖਾਂ ਸਵੈਮ ਸੇਵਕਾਂ ਨੇ ਆਪਣਾ ਜੀਵਨ ਸਮਰਪਿਤ ਕੀਤਾ ਹੈ।”

ਉਨ੍ਹਾਂ ਕਿਹਾ ਕਿ ਸੇਵਾ, ਸਮਰਪਣ, ਸੰਗਠਨ ਤੇ ਬੇਮਿਸਾਲ ਅਨੁਸ਼ਾਸਨ ਆਰ.ਐੱਸ.ਐੱਸ. ਦੀ ਪਛਾਣ ਹਨ, ਜਿਸ ਸਦਕਾ ਇਹ ਦੁਨੀਆ ਦੀ ਸਭ ਤੋਂ ਵੱਡੀ ਐੱਨ.ਜੀ.ਓ. ਹੈ। ਦੇਸ਼ ਨੂੰ ਸੰਗਠਨ ਦੇ ਇੱਕ ਸਦੀ ਦੇ ਸੇਵਾ ਦੇ ਸਫ਼ਰ ‘ਤੇ ਮਾਣ ਹੈ ਤੇ ’’ਇਹ ਸਾਨੂੰ ਪ੍ਰੇਰਦਾ ਰਹੇਗਾ।’’

ਪ੍ਰਧਾਨ ਮੰਤਰੀ ਮੋਦੀ ਨੇ ਪਾਕਿਸਤਾਨ ਤੇ ਚੀਨ ਤੋਂ ਵਧਦੀਆਂ ਸੁਰੱਖਿਆ ਚੁਣੌਤੀਆਂ ਦੇ ਮੱਦੇਨਜ਼ਰ ਭਾਰਤ ਦੀਆਂ ਅਹਿਮ ਫੌਜੀ ਤੇ ਸਿਵਲ ਸੰਸਥਾਵਾਂ ਦੀ ਰੱਖਿਆ ਤੇ ਕਿਸੇ ਵੀ ਦੁਸ਼ਮਣ ਤੋਂ ਖ਼ਤਰੇ ਦੀ ਸਥਿਤੀ ‘ਚ ਫ਼ੈਸਲਾਕੁਨ ਜਵਾਬ ਦੇਣ ਲਈ ਸਵਦੇਸ਼ੀ ਰੱਖਿਆ ਪ੍ਰਣਾਲੀ ਵਿਕਸਿਤ ਕਰਨ ਲਈ 10 ਸਾਲਾ “ਸੁਦਰਸ਼ਨ ਚੱਕਰ ਪ੍ਰਾਜੈਕਟ” ਦਾ ਐਲਾਨ ਵੀ ਕੀਤਾ।

## ਭਾਰਤ ਨਾਲ ਕਾਰੋਬਾਰ ਲਈ ਚੀਨ ਨੇ ਧਾਰੀ ਚੁੱਪੀ



**ਨਵੀਂ ਦਿੱਲੀ:** ਚੀਨ ਵੱਲੋਂ ਭਾਰਤ ਨਾਲ ਕੂਟਨੀਤਿਕ ਰਿਸ਼ਤਿਆਂ ਨੂੰ ਸੁਧਾਰਨ ਲਈ ਹਰ ਸੰਕੇਤ ਦਿੱਤਾ ਜਾ ਰਿਹਾ ਹੈ ਪਰ ਇਹ ਗੱਲ ਆਰਥਿਕ ਰਿਸ਼ਤਿਆਂ ਲਈ ਨਹੀਂ ਕਹੀ ਜਾ ਸਕਦੀ। ਖਾਸ ਕਰਕੇ ਰੇਅਰ ਅਰਥ ਮੈਗਨਿਟ ਅਤੇ ਕੁਝ ਹੋਰ ਦੁਰਲੱਭ ਧਾਤੂਆਂ ਦੀ ਸਪਲਾਈ ਖੋਲ੍ਹਣ ਦੇ ਮਾਮਲੇ ‘ਚ ਚੀਨ ਸਰਕਾਰ ਵੱਲੋਂ ਕੋਈ ਸੰਕੇਤ ਨਹੀਂ ਦਿੱਤਾ ਗਿਆ ਹੈ। ਇਸ ਸੰਦਰਭ ਵਿਚ ਸੋਮਵਾਰ ਸ਼ਾਮ ਨੂੰ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਅਤੇ ਉਨ੍ਹਾਂ ਦੇ ਬਲਾਕ ਸਮਕਾਲੀ ਵਾਂਗ ਯੀ ਦੀ ਦੁਵੱਲੀ ਮੁਲਾਕਾਤ ‘ਤੇ ਉਦਯੋਗ ਜਗਤ ਦੀ ਨਜ਼ਰ ਟਿਕੀ ਹੋਈ ਹੈ।

## ਆਰ.ਐੱਸ.ਐੱਸ.ਨੂੰ ਸਲਾਹੁਣ ’ਤੇ ਵਿਰੋਧੀ ਧਿਰਾਂ ਵਲੋਂ ਆਲੋਚਨਾ



**ਨਵੀਂ ਦਿੱਲੀ:** ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਲੰਘੇ ਦਿਨ ਆਜ਼ਾਦੀ ਦਿਵਸ ਮੌਕੇ ਭਾਸ਼ਣ ‘ਚ ਆਰ.ਐੱਸ.ਐੱਸ. ਨੂੰ ਸਲਾਹੁਣ ‘ਤੇ ਉਨ੍ਹਾਂ ਦੀ ਆਲੋਚਨਾ ਕੀਤੀ ਤੇ ਇਸ ਨੂੰ ‘ਬੇਹੱਦ ਪ੍ਰੇਸ਼ਾਨ ਕਰਨ ਵਾਲਾ’ ਅਤੇ ‘ਅਫਸੋਸਜਨਕ’ ਦੱਸਿਆ। ਕਾਂਗਰਸੀ ਆਗੂ ਜੈਰਾਮ ਰਮੇਸ਼ ਨੇ ਇਸ ਨੂੰ ਸੰਵਿਧਾਨ ਤੇ ਧਰਮ ਨਿਰਪੱਖ ਗਣਰਾਜ ਦੀ ਭਾਵਨਾ ਦੀ ‘ਉਲੰਘਣਾ’ ਕਰਾਰ ਦਿੱਤਾ ਹੈ। ਦੂਜੇ ਪਾਸੇ ਭਾਜਪਾ ਨੇ ਕਾਂਗਰਸ ਵੱਲੋਂ ਕੀਤੀ ਆਲੋਚਨਾ ਨੂੰ ਖਾਰਜ ਕਰਦਿਆਂ ਆਖਿਆ ਕਿ ਆਰ.ਐੱਸ.ਐੱਸ. ਦੀ ਵਿਚਾਰਧਾਰਾ ਭਾਰਤ ‘ਚ ਜਨਤਕ ਵਿਚਾਰ ਵਟਾਂਦਰੇ ਨੂੰ ਆਕਾਰ ਦੇ ਰਹੀ ਹੈ।

# ਬਿੱਲਾਂ ’ਤੇ ਜਲਦੀ ਫ਼ੈਸਲਾ ਲੈਣਾ ਸੰਵਿਧਾਨਕ ਮੁਖੀਆਂ ਦੀ ਨੈਤਿਕ ਜ਼ਿੰਮੇਵਾਰੀ ਕਰਾਰ



**ਨਵੀਂ ਦਿੱਲੀ:** ਪਿਛਲੇ ਲੰਬੇ ਸਮੇਂ ਤੋਂ ਇਹ ਗੱਲ ਵਿਵਾਦ ਬਣਦੀ ਰਹੀ ਹੈ ਕਿ ਰਾਸ਼ਟਰਪਤੀ ਤੇ ਰਾਜਪਾਲ ਨੂੰ ਵਿਧਾਨ ਸਭਾ ਵੱਲੋਂ ਪਾਸ ਕੀਤੇ ਬਿੱਲਾਂ ‘ਤੇ ਫ਼ੈਸਲਾ ਲੈਣ ਲਈ ਸਮਾਂ ਹੱਦ ‘ਚ ਲਿਆਂਦਾ ਜਾਣਾ ਚਾਹੀਦਾ ਹੈ। ਹਾਲਾਂਕਿ ਸੁਪਰੀਮ ਕੋਰਟ ਵੱਲੋਂ ਇਸ ਬਾਰੇ ਸਮਾਂ ਹੱਦ ਤੈਅ ਕਰਨ ਬਾਰੇ ਦਿੱਤੇ ਨਿਰਦੇਸ਼ਾਂ ‘ਤੇ ਕੇਂਦਰ ਨੂੰ ਇਤਰਾਜ਼ ਹੈ। ਕੇਂਦਰ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਕਰਨਾ ਸੰਵਿਧਾਨ ਦੇ ਉਲਟ ਹੈ। ਇਸ ਨਾਲ ਸੰਵਿਧਾਨਕ ਵਿਗਾੜ ਪੈਦਾ ਹੋ ਸਕਦੇ ਹਨ। ਇਸ ਬਾਰੇ ਕੇਂਦਰ ਨੇ ਸੁਪਰੀਮ ਕੋਰਟ ‘ਚ ਬਾਕਾਇਦਾ ਇਕ ਲਿਖਤੀ ਜਵਾਬ ਦਾਖ਼ਲ ਕੀਤਾ ਹੈ ਕਿ ਰਾਸ਼ਟਰਪਤੀ ਤੇ ਰਾਜਪਾਲ ‘ਤੇ ਬਿੱਲਾਂ ਬਾਰੇ ਫ਼ੈਸਲਾ ਲੈਣ ਲਈ ਕੋਈ ਸਮਾਂ ਹੱਦ ਨਹੀਂ ਲਗਾਉਣੀ ਚਾਹੀਦੀ। ਜੇਕਰ ਅਜਿਹਾ ਕੀਤਾ ਜਾਂਦਾ ਹੈ ਤਾਂ ਇਸ ਨਾਲ ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ ਵਿਚਾਲੇ ਜੋ ਸੰਤੁਲਨ ਹੈ, ਉਹ ਹਿੱਲ ਸਕਦਾ ਹੈ। ਰਾਸ਼ਟਰਪਤੀ ਤੇ ਰਾਜਪਾਲ ਲੋਕਤੰਤਰੀ ਸ਼ਾਸਨ ਦੇ ਸਭ ਤੋਂ ਉੱਚੇ ਸੰਕਲਪ ਹਨ। ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਕਿਸੇ ਵੀ ਬਿੱਲ ਨੂੰ ਪਾਸ ਕਰਨਾ, ਆਪਣੇ ਕੋਲ ਰੋਕ ਕੇ ਰੱਖਣਾ ਜਾਂ ਮੁੜ ਸੋਧ ਲਈ ਵਾਪਸ ਭੇਜਣਾ ਰਾਸ਼ਟਰਪਤੀ ਤੇ ਰਾਜਪਾਲ ਦੇ ਅਧਿਕਾਰ ਖੇਤਰ ‘ਚ ਹੈ। ਅਸਲ ‘ਚ ਇਹ ਮਾਮਲਾ ਅਪ੍ਰੈਲ 2024 ‘ਚ ਵੀ ਉੱਠਿਆ ਸੀ। ਉਦੋਂ ਵੀ ਸੁਪਰੀਮ ਕੋਰਟ ਨੇ ਇਸ ਪ੍ਰਕਿਰਿਆ ‘ਚ ਇਕ ਸਮਾਂ ਹੱਦ ਤੈਅ ਕਰਨ ਦਾ ਹੁਕਮ ਦਿੱਤਾ ਸੀ। ਸੁਪਰੀਮ ਕੋਰਟ ਦਾ ਕਹਿਣਾ ਸੀ ਕਿ ਰਾਸ਼ਟਰਪਤੀ ਨੂੰ ਤਿੰਨ ਮਹੀਨਿਆਂ ‘ਚ ਤੇ ਰਾਜਪਾਲ ਨੂੰ ਇਕ ਮਹੀਨੇ ‘ਚ ਬਿੱਲ ‘ਤੇ ਫ਼ੈਸਲਾ ਲੈਣਾ ਪਵੇਗਾ। ਕਿਸੇ ਵਿਸ਼ੇਸ਼ ਸਮੇਂ ਅਧੀਨ ਬਿੱਲਾਂ ‘ਤੇ ਰਾਜਪਾਲ ਜਾਂ ਰਾਸ਼ਟਰਪਤੀ ਦੀ ਮਨਜ਼ੂਰੀ ਜਾਂ ਕੋਈ ਇਤਰਾਜ਼ ਲੈਣ ‘ਚ ਕੋਈ ਹਰਜ਼ ਨਹੀਂ ਹੈ ਪਰ ਇਹ ਉਸ ਬਿੱਲ ‘ਤੇ ਵੀ ਨਿਰਭਰ ਕਰਦਾ ਹੈ ਕਿ ਉਸ ਦਾ ਦੇਸ਼ ਜਾਂ ਲੋਕਹਿੱਤ ਲਈ ‘ਸੁਭਾਅ’ ਕਿਹੋ ਜਿਹਾ ਹੈ। ਸੂਬਿਆਂ ਦੀਆਂ ਵਿਧਾਨ ਸਭਾਵਾਂ ‘ਚ ਪਾਸ ਕੀਤੇ ਗਏ ਬਹੁਤ ਸਾਰੇ ਬਿੱਲ ਰਾਸ਼ਟਰਪਤੀ ਜਾਂ ਰਾਜਪਾਲ ਕੋਲ ਵਿਚਾਰਨ ਲਈ ਭੇਜੇ ਜਾਂਦੇ ਹਨ ਤੇ ਸਿਖਰਲੀ ਅਦਾਲਤ ਨੇ ਉਸ ਵੇਲੇ ਵੀ ਇਹੀ ਕਿਹਾ ਸੀ ਕਿ ਜੇਕਰ ਕਿਸੇ ਕਾਰਨ ਮਿਆਦ ਤੋਂ ਬਾਅਦ ਵੀ ਦੇਰੀ ਹੁੰਦੀ ਹੈ ਤਾਂ ਉਸ ਬਾਰੇ ਉਚਿਤ ਕਾਰਨ ਵੀ ਦਰਜ ਕਰਵਾਉਣੇ ਪੈਣਗੇ। ਇਸ ਦੇ ਨਾਲ ਹੀ ਸਬੰਧਤ ਸੂਬੇ ਨੂੰ ਵੀ ਇਸ ਬਾਰੇ ਜਾਣਕਾਰੀ ਹਿੱਤ ਸੂਚਿਤ ਕਰਨਾ ਪਵੇਗਾ। ਕੇਂਦਰ ਦੇ ਇਤਰਾਜ਼ ਇਸ ਲਈ ਵੀ ਵਿਚਾਰਨਯੋਗ ਹਨ ਕਿਉਂਕਿ ਉਹ ਨਹੀਂ ਚਾਹੁੰਦਾ ਕਿ ਰਾਸ਼ਟਰਪਤੀ ਅਤੇ ਰਾਜਪਾਲ ਦੇ ਅਹੁਦਿਆਂ ਦੀ ‘ਉੱਚ ਮਾਣ- ਮਰਿਆਦਾ’ ਕਿਸੇ ਸਮਾਂਬੱਧ ਕਾਰਵਾਈ ਅਧੀਨ ਲਿਆਂਦੀ ਜਾਵੇ। ਦੂਜੇ ਪਾਸੇ ਇਹ ਗੱਲ ਵੀ ਨਹੀਂ ਭੁੱਲਣੀ ਚਾਹੀਦੀ ਕਿ ਸੂਬਿਆਂ ਦੀਆਂ ਵਿਧਾਨ ਸਭਾਵਾਂ ‘ਚ ਪਾਸ ਬਹੁਤ ਸਾਰੇ ਬਿੱਲ ਕਈ ਵਾਰ ਅੰਦਰੂਨੀ ਸਿਆਸਤ ਦੀ ਭੇਟ ਚੜ੍ਹਨ ਮਗਰੋਂ ਜਾਂ ਤਾਂ ਲਟਕ ਜਾਂਦੇ ਹਨ ਤੇ ਬਹੁਤੀ ਵਾਰ ਉਨ੍ਹਾਂ ‘ਤੇ ਵੇਲੇ ਸਿਰ ਕੋਈ ਫ਼ੈਸਲਾ ਨਹੀਂ ਹੁੰਦਾ। ਅਜਿਹੀਆਂ ਬੀਤੇ ਸਮੇਂ ‘ਚ ਕਈ ਉਦਾਹਰਣਾਂ ਮਿਲਦੀਆਂ ਹਨ, ਜਿਨ੍ਹਾਂ ‘ਚ ਸੂਬਿਆਂ ਦੇ ਪਾਸ ਬਿੱਲਾਂ ਦੀਆਂ ਫਾਈਲਾਂ ਰਾਜਪਾਲ ਜਾਂ ਰਾਸ਼ਟਰਪਤੀ ਦੇ ਟੇਬਲਾਂ ‘ਤੇ ਪਈਆਂ ਧੂੜ ਫੱਕਦੀਆਂ ਰਹਿੰਦੀਆਂ ਹਨ। ਇਸ ਪਿੱਛੇ ਬਹੁਤੀ ਵਾਰ ਸਿਆਸੀ ਕਾਰਨ ਹੁੰਦੇ ਹਨ ਤੇ ਕਈ ਵਾਰ ਇਹ ਰਾਜਪਾਲ ਜਾਂ ਸੂਬਿਆਂ ਦੇ ਮੁੱਖ ਮੰਤਰੀਆਂ ਦੀਆਂ ਆਪਸੀ ‘ਕਿੜਾਂ’ ਕਾਰਨ ਵੀ ਲਟਕਣ ਲਈ ਮਜਬੂਰ ਹੋ ਜਾਂਦੇ ਹਨ। ਕਿਸੇ ਵੀ ਸੂਬੇ ਵੱਲੋਂ ਪਾਸ ਕੀਤਾ ਗਿਆ ਕੋਈ ਬਿੱਲ ਜੇਕਰ ਅਹਿਮ ਹੋਣ ਦੇ ਨਾਲ ਮਨੁੱਖਤਾ ਦੀ ਭਲਾਈ ਲਈ ਹੈ ਤਾਂ ਇਸ ਨੂੰ ਕਿਸੇ ਵੀ ਕੀਮਤ ‘ਤੇ ਰੋਕਿਆ ਜਾਂ ਲਟਕਾਇਆ ਨਹੀਂ ਜਾਣਾ ਚਾਹੀਦਾ ਸਗੋਂ ਨੈਤਿਕ ਜਿੰਮੇਵਾਰੀ ਸਮਝਦੇ ਹੋਏ ਛੇਤੀ ਫ਼ੈਸਲਾ ਲੈਣ ਦੀ ਪ੍ਰਕਿਰਿਆ ਹੇਠ ਲਿਆਂਦਾ ਜਾਣਾ ਚਾਹੀਦਾ ਹੈ।

## ਅਕਾਲੀ-ਭਾਜਪਾ ਗਠਜੋੜ ਦੀ ਹੈ ਸੰਭਾਵਨਾ: ਮਲੂਕਾ



**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਹੈ ਕਿ ਪੰਜਾਬ ‘ਚ ਅਕਾਲੀ ਦਲ ਤੇ ਭਾਜਪਾ ਵਿਚਕਾਰ ਗਠਜੋੜ ਸੰਭਵ ਹੈ ਤੇ ਦੋਵਾਂ ਪਾਰਟੀਆਂ ਦੇ ਨੇਤਾ ਇਸ ਦਿਸ਼ਾ ‘ਚ ਇਕਜੁੱਟ ਹਨ। ਉਨ੍ਹਾਂ ਇਹ ਵਿਚਾਰ ਬਠਿੰਡਾ ‘ਚ ਲੈਂਡ ਪੂਲਿੰਗ ਨੀਤੀ ‘ਤੇ ਪ੍ਰੈਸ ਕਾਨਫਰੰਸ ਦੌਰਾਨ ਪ੍ਰਗਟਾਇਆ। ਮਲੂਕਾ ਨੇ ਕਿਹਾ ਕਿ ਜੇਕਰ ਸੂਬਾ ਤੇ ਕੇਂਦਰ ‘ਚ ਇਕ ਹੀ ਪਾਰਟੀ ਜਾਂ ਗਠਜੋੜ ਦੀ ਸਰਕਾਰ ਹੁੰਦੀ ਹੈ, ਤਾਂ ਵਿਕਾਸ ਦੀ ਰਫ਼ਤਾਰ ਤੇਜ਼ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਅਕਾਲੀ ਦਲ ਤੇ ਭਾਜਪਾ ਵਿਚਕਾਰ ਜ਼ਿਆਦਾ ਮਤਭੇਦ ਨਹੀਂ ਹੈ ਤੇ ਪਹਿਲਾਂ ਵੀ ਦੋਵੇਂ ਪਾਰਟੀਆਂ ਲੰਬੇ ਸਮੇਂ ਤੱਕ ਗਠਜੋੜ ‘ਚ ਰਹੀਆਂ ਹਨ। ਗਠਜੋੜ ਦੀ ਦੀ ਕੁੰਜੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਕੋਲ ਹੈ। ਇਨ੍ਹਾਂ ਤਿੰਨਾਂ ਵਿਚਕਾਰ ਸਮਹਿਤੀ ਨਾਲ ਹੀ ਗਠਜੋੜ ਸੰਭਵ ਹੋ ਸਕੇਗਾ।

# ਭਾਜਪਾ ਦੇ ਝੰਡੇ ਵਾਲੀ ਗੱਡੀ ਨੇ 10 ਦਰੜੇ; ਇਕ ਮੌਤ





**ਲਖਨਊ:** ਸ਼ਰਾਬ ਦੇ ਨਸ਼ੇ ‘ਚ ਭਾਜਪਾ ਦਾ ਝੰਡਾ ਲੱਗੀ ਸਕਾਰਪੀਓ ਚਲਾ ਰਹੇ ਬਦਮਾਸ਼ ਨੇ ਸ਼ਨਿਚਰਵਾਰ ਦੇਰ ਰਾਤ ਤੇਲੀਬਾਗ਼ ਸਥਿਤ ਹਨੂੰਮਾਨ ਮੰਦਰ ਨੇੜੇ 10 ਤੋਂ ਜ਼ਿਆਦਾ ਲੋਕਾਂ ਨੂੰ ਦਰੜ ਦਿੱਤਾ। ਹਾਦਸੇ ‘ਚ ਇਕ ਵਿਅਕਤੀ ਦੀ ਮੌਤ ਹੋ ਗਈ। ਇਕ ਸਿਪਾਹੀ ਨੇ ਬਾਈਕ ‘ਤੇ ਕਰੀਬ ਢਾਈ ਕਿਲੋਮੀਟਰ ਤੱਕ ਪਿੱਛਾ ਕੀਤਾ। ਅਖ਼ੀਰ ਸਕਾਰਪੀਓ ਦਾ ਟਾਇਰ ਫਟਿਆ ਤਾਂ ਉਹ ਰੁਕਿਆ। ਇਸ ‘ਤੇ ਲੋਕਾਂ ਨੇ ਮੁਲਜ਼ਮ ਨੂੰ ਫੜ ਕੇ ਉਸ ਦੀ ਮਾਰਕੁੱਟ ਕੀਤੀ। ਸਮਰ ਸਿੰਘ ਨਾਂ ਦੇ ਇਸ ਮੁਲਜ਼ਮ ‘ਤੇ ਅਗਵਾ, ਲੁੱਟ ਤੇ ਡਕੈਤੀ ਦੇ ਪਹਿਲਾਂ ਹੀ ਨੌਂ ਮਾਮਲੇ ਦਰਜ ਹਨ। ਘਟਨਾ ਤੋਂ ਬਾਅਦ ਥਾਣੇ ਪੁੱਜੀ ਪਤਨੀ ਨੇ ਕਿਹਾ ਕਿ ਪਤੀ ਨੂੰ ਜੇਲ੍ਹ ਭੇਜ ਦਿਓ, ਇਸ ਤੋਂ ਤੰਗ ਆ ਚੁੱਕੀ ਹਾਂ। ਉਸ ਨੇ ਦੱਸਿਆ ਕਿ ਜਨਮ ਅਸ਼ਟਮੀ ‘ਤੇ ਸ਼ਰਾਬ ਪੀਣ ਕਾਰਨ ਉਸ ਨੇ ਪਤੀ ਨੂੰ ਟੋਕਿਆ ਸੀ ਜਿਸ ਪਿੱਛੋਂ ਉਸ ਨਾਲ ਲੜ ਕੇ ਉਹ ਘਰੋਂ ਨਿਕਲ ਆਇਆ। ਪੁਲਿਸ ਪੁੱਛਗਿੱਛ ‘ਚ ਮੁਲਜ਼ਮ ਨੇ ਦੱਸਿਆ ਕਿ ਗੱਡੀ ਨੂੰ ਟੋਲ ਨਾ ਲੱਗੇ ਇਸ ਲਈ ਭਾਜਪਾ ਦਾ ਝੰਡਾ ਲਗਾਇਆ ਸੀ। ਸਕਾਰਪੀਓ ‘ਤੇ ਪਹਿਲਾਂ ਹੀ ਤਿੰਨ ਚਾਲਾਨ ਹਨ।

## ਛੋਟੇ ਅਪਰਾਧਾਂ ’ਚ ਸਜ਼ਾ ਦੀ ਮੱਦ ਹੋਵੇਗੀ ਖ਼ਤਮ

**ਨਵੀਂ ਦਿੱਲੀ:** ਜੀਵਨ ਤੇ ਵਪਾਰ ਨੂੰ ਸੁਖਾਲਾ ਬਣਾਉਣ ਦੇ ਮਕਸਦ ਨਾਲ ਕੁਝ ਛੋਟੇ ਅਪਰਾਧਾਂ ‘ਚ ਸਜ਼ਾ ਦੀ ਮੱਦ ਖ਼ਤਮ ਕਰਨ ਵਾਲਾ ਜਨਵਿਸ਼ਵਾਸ (ਸੋਧ) ਬਿੱਲ, 2025 (2.0) ਸੋਮਵਾਰ ਨੂੰ ਲੋਕ ਸਭਾ ਵਿਚ ਵਣਜ ਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਵੱਲੋਂ ਪੇਸ਼ ਕੀਤਾ ਜਾਵੇਗਾ। ਇਸ ਬਿੱਲ ਜ਼ਰੀਏ 350 ਤੋਂ ਵੱਧ ਮੱਦਾਂ ‘ਚ ਸੋਧ ਦੀ ਤਜਵੀਜ਼ ਹੈ। ਇਸ ਕਦਮ ਨਾਲ ਦੇਸ਼ ਵਿਚ ਵਪਾਰ ਲਈ ਜ਼ਿਆਦਾ ਅਨੁਕੂਲ ਤੇ ਨਾਗਰਿਕ-ਕੇਂਦਰਿਤ ਮਾਹੌਲ ਬਣਾਉਣ ਵਿਚ ਮਦਦ ਮਿਲੇਗੀ।

ਇਹ ਬਿੱਲ ਦੇਸ਼ ਦੇ ਕਾਰੋਬਾਰੀ ਮਾਹੌਲ ਨੂੰ ਬਿਹਤਰ ਬਣਾਉਣ ਦੀ ਸਰਕਾਰ ਦੀ ਕੋਸ਼ਿਸ਼ ਦਾ ਹਿੱਸਾ ਹੈ। ਲੋਕ ਸਭਾ ਦੀ ਵੈੱਬਸਾਈਟ ‘ਤੇ ਪ੍ਰਕਾਸ਼ਿਤ ਹੇਠਲੇ ਸਦਨ ਦੀ ਕਾਰਜਸੂਚੀ ਮੁਤਾਬਕ, ਵਣਜ ਤੇ ਉਦਯੋਗ ਮੰਤਰੀ ਜਨਵਿਸ਼ਵਾਸ (ਮੱਦਾਂ ‘ਚ ਸੋਧ) ਬਿੱਲ, 2025 ਪੇਸ਼ ਕਰਨਗੇ। ਇਸ ਦਾ ਮਕਸਦ ਜੀਵਨ ਤੇ ਵਪਾਰ ਨੂੰ ਸੁਖਾਲਾ ਬਣਾਉਣ ਲਈ ਵਿਸ਼ਵਾਸ-ਆਧਾਰਤ ਸ਼ਾਸਨ ਨੂੰ ਹੋਰ ਬਿਹਤਰ ਬਣਾਉਣ ਲਈ ਛੋਟੇ ਅਪਰਾਧਾਂ ਵਿਚ ਸਜ਼ਾ ਦੀ ਮੱਦ ਖ਼ਤਮ ਕਰਨ ਅਤੇ ਕੁਝ ਨਿਯਮਾਂ ਵਿਚ ਸੋਧ ਕਰਨਾ ਹੈ।

ਪੰਜਾਬ ਟਾਈਮਜ਼

23 ਅਗਸਤ, ਸ਼ਨਿਚਰਵਾਰ

# 'ਵੋਟ ਚੋਰੀ' ਦਾ ਮਸਲਾ

ਭਾਰਤ ਵਿਚ 'ਵੋਟ ਚੋਰੀ' ਦਾ ਮਸਲਾ ਪੂਰੀ ਤਰ੍ਹਾਂ ਭਖਿਆ ਹੋਇਆ ਹੈ। ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਅਤੇ ਚੋਣ ਕਮਿਸ਼ਨ ਆਹਮੋ-ਸਾਹਮਣੇ ਹਨ। ਰਾਹੁਲ ਗਾਂਧੀ ਲਗਾਤਾਰ ਭਾਰਤੀ ਚੋਣ ਕਮਿਸ਼ਨ ਉੱਤੇ ਦੋਸ਼ ਲਗਾ ਰਹੇ ਹਨ ਕਿ ਭਾਰਤੀ ਚੋਣ ਕਮਿਸ਼ਨ ਅਤੇ ਭਾਜਪਾ ਆਪਸ ਵਿਚ ਰਲੇ ਹੋਏ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਰਾਹੁਲ ਗਾਂਧੀ ਜਨਤਕ ਰੂਪ ਵਿਚ ਇਹ ਇਲਜ਼ਾਮ ਲਗਾ ਰਹੇ ਹਨ। ਬੀਤੀ 31 ਜੁਲਾਈ ਨੂੰ ਕਰਨਾਟਕ ਦੀ ਮਹਾਂਦੇਵਪੁਰਾ ਸੀਟ ਨੂੰ ਲੈ ਕੇ ਉਨ੍ਹਾਂ ਨੇ ਇਕ ਲੱਖ ਵੋਟਾਂ ਦੀ ਚੋਰੀ ਹੋਣ ਦਾ ਇਲਜ਼ਾਮ ਵੀ ਲਗਾਇਆ, ਸੂਚੀਆਂ ਦਾ ਜਿਹੜਾ ਵਿਸਥਾਰ ਜਨਤਕ ਕੀਤਾ, ਉਸ ਸੰਬੰਧੀ ਚੋਣ ਕਮਿਸ਼ਨ ਨੇ ਸਪੱਸ਼ਟ ਕਿਹਾ ਹੈ ਕਿ ਇਹ ਸੂਚੀਆਂ ਚੋਣ-ਕਮਿਸ਼ਨ ਦੀਆਂ ਨਹੀਂ ਹਨ, ਪਰ ਰਾਹੁਲ ਗਾਂਧੀ ਨੇ ਇਸ ਮਸਲੇ 'ਤੇ ਲਗਾਤਾਰ ਹਮਲਾਵਰ ਰੁਖ਼ ਅਖ਼ਤਿਆਰ ਕੀਤਾ ਹੋਇਆ ਹੈ। ਹੁਣ ਉਨ੍ਹਾਂ ਨੇ ਬਿਹਾਰ ਵਿਚ 'ਵੋਟ ਅਧਿਕਾਰ ਯਾਤਰਾ' ਵੀ ਸ਼ੁਰੂ ਕਰ ਦਿੱਤੀ ਹੈ ਅਤੇ ਵਾਰ-ਵਾਰ ਦੋਸ਼ ਲਗਾਇਆ ਹੈ ਕਿ ਬਿਹਾਰ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਰਾਹੀਂ ਕਮਿਸ਼ਨ 'ਵੋਟ ਚੋਰੀ' ਕਰਨ ਦੀ ਸਾਜ਼ਿਸ਼ ਰਚ ਰਿਹਾ ਹੈ। ਵੋਟਰ ਸੂਚੀਆਂ ਦੀ ਸੁਧਾਈ ਦੇ ਕਾਰਜ ਵਿਚ ਲੱਖਾਂ ਅਧਿਕਾਰੀ ਅਤੇ ਕਰਮਚਾਰੀ ਲੱਗੇ ਹੋਏ ਹਨ। ਏਨੇ ਵਿਸ਼ਾਲ ਪ੍ਰਬੰਧ ਵਿਚ ਵੋਟਾਂ ਚੋਰੀ ਕੀਤੇ ਜਾਣਾ ਕੋਈ ਸੌਖਾ ਕਾਰਜ ਨਹੀਂ ਹੋ ਸਕਦਾ। ਰਾਹੁਲ ਗਾਂਧੀ ਲੋਕ ਸਭਾ ਵਿਚ ਇਕ ਜ਼ਿੰਮੇਵਾਰੀ ਵਾਲਾ ਫ਼ਰਜ਼ ਨਿਭਾਅ ਰਹੇ ਹਨ। ਉਨ੍ਹਾਂ ਨੂੰ ਆਪਣੀ ਹਰ ਗੱਲ ਸੋਚ ਸਮਝ ਕੇ ਅਤੇ ਤੱਥਾਂ ਸਹਿਤ ਰੱਖਣ ਦੇ ਨਾਲ-ਨਾਲ ਸੰਵਿਧਾਨਕ ਪ੍ਰਕਿਰਿਆ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ।

ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਰਨਾਟਕ ਵਿਚ ਕਾਂਗਰਸ ਦੀ ਜਿੱਤ ਹੋਈ ਸੀ ਅਤੇ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀਆਂ ਸੀਟਾਂ ਤਿੰਨ ਗੁਣਾਂ ਵਧ ਗਈਆਂ ਸਨ ਜਦਕਿ ਭਾਜਪਾ ਦੀਆਂ ਸੀਟਾਂ ਪਹਿਲਾਂ ਨਾਲੋਂ ਸੁੰਗੜ ਗਈਆਂ ਸਨ ਅਤੇ ਉਸ ਨੂੰ ਸਰਕਾਰ ਬਣਾਉਣ ਲਈ ਹੋਰ ਪਾਰਟੀਆਂ ਦਾ ਸਹਾਰਾ ਲੈਣਾ ਪਿਆ ਸੀ। ਭਾਰਤੀ ਚੋਣ ਕਮਿਸ਼ਨ ਇਕ ਸੰਵਿਧਾਨਕ ਸੰਸਥਾ ਹੈ। ਜੇਕਰ ਕਿਸੇ ਪਾਰਟੀ ਜਾਂ ਆਗੂ ਨੂੰ ਕਿਸੇ ਵੀ ਚੋਣ ਹਲਕੇ 'ਚ ਕੋਈ ਸ਼ਿਕਾਇਤ ਹੁੰਦੀ ਹੈ ਤਾਂ ਉਸ ਵਲੋਂ ਲਿਖਤੀ ਰੂਪ ਵਿਚ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਜਾਣੀ ਚਾਹੀਦੀ ਹੈ ਜਾਂ ਕਮਿਸ਼ਨ ਦੇ ਮੈਂਬਰਾਂ ਨੂੰ ਮਿਲ ਕੇ ਹੋਈ ਗ਼ਲਤੀ ਜਾਂ ਕੀਤੇ ਗਏ ਘਪਲੇ ਦੀ ਜਾਣਕਾਰੀ ਦੇਣੀ ਚਾਹੀਦੀ ਹੈ। ਰਾਹੁਲ ਗਾਂਧੀ ਨੇ ਇਹ ਸੰਵਿਧਾਨਕ ਰਸਤਾ ਅਪਣਾਉਣ ਦੀ ਥਾਂ ਜਨਤਕ ਮੰਚਾਂ ਨੂੰ ਚੁਣਿਆ ਹੈ ਜਾਂ ਮਹਿਜ਼ ਇਸ ਬਾਰੇ ਬਿਆਨਬਾਜ਼ੀ ਕੀਤੀ ਹੈ, ਜਦੋਂ ਕਿ ਕਿਸੇ ਵੀ ਹੋਰ ਵਿਰੋਧੀ ਪਾਰਟੀ ਜਾਂ ਉਸ ਦੇ ਆਗੂ ਨੇ ਕਮਿਸ਼ਨ ਕੋਲ ਵੋਟਰ ਸੂਚੀਆਂ ਵਿਚ ਗੜਬੜੀ ਦੀ ਕੋਈ ਵਿਸਥਾਰ ਪੂਰਵਕ ਸ਼ਿਕਾਇਤ ਨਹੀਂ ਕੀਤੀ, ਪਰ ਸਰਕਾਰ ਨਾਲ ਆਪਣਾ ਵਿਰੋਧ ਜਤਾਉਣ ਲਈ ਕੁਝ ਵਿਰੋਧੀ ਪਾਰਟੀਆਂ ਇਸ ਮਸਲੇ ਨੂੰ ਲੈ ਕੇ ਗਲੀਆਂ ਅਤੇ ਬਾਜ਼ਾਰਾਂ ਵਿਚ ਮੁਜ਼ਾਹਰੇ ਕਰਨ ਦੀ ਨੀਤੀ 'ਤੇ ਚਲਦੀਆਂ ਹੋਈਆਂ ਲਗਾਤਾਰ ਉੱਚੀ ਆਵਾਜ਼ ਵਿਚ ਅਜਿਹੀ ਬਿਆਨਬਾਜ਼ੀ ਕਰ ਕੇ ਸਿਆਸੀ ਲਾਭ ਲੈਣ ਦਾ ਯਤਨ ਕਰਦੀਆਂ ਨਜ਼ਰ ਆ ਰਹੀਆਂ ਹਨ। ਇਸ ਸੰਬੰਧੀ ਹੁਣ ਚੋਣ ਕਮਿਸ਼ਨ ਨੇ ਇਕ ਪ੍ਰੈੱਸ ਕਾਨਫਰੰਸ ਵਿਚ ਆਪਣਾ ਸਪੱਸ਼ਟੀਕਰਨ ਦਿੱਤਾ ਹੈ ਅਤੇ ਵੋਟ ਚੋਰੀ ਕਰਨ ਦੇ ਦੋਸ਼ਾਂ ਨੂੰ ਬੇਹੱਦ ਮੰਦਭਾਗਾ ਕਿਹਾ ਹੈ। ਕਮਿਸ਼ਨ ਨੇ ਬਿਹਾਰ ਵੋਟਰ ਸੂਚੀਆਂ ਸੰਬੰਧੀ ਦ੍ਰਿੜ੍ਹਤਾ ਨਾਲ ਕਿਹਾ ਹੈ ਕਿ ਉਨ੍ਹਾਂ ਵਲੋਂ ਕੀਤਾ ਜਾ ਰਿਹਾ ਇਹ ਕੰਮ ਪੂਰੀ ਤਰ੍ਹਾਂ ਸਹੀ ਅਤੇ ਪਾਰਦਰਸ਼ੀ ਹੈ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਵੋਟਰ ਸੂਚੀ ਬਾਰੇ ਲਗਾਏ ਦੋਸ਼ਾਂ ਨੂੰ ਪੂਰੀ ਤਰ੍ਹਾਂ ਝੂਠੇ ਅਤੇ ਬੇਬੁਨਿਆਦ ਕਿਹਾ ਹੈ ਅਤੇ ਇਹ ਵੀ ਕਿਹਾ ਹੈ ਕਿ ਰਾਹੁਲ ਗਾਂਧੀ ਨੇ ਮਹਾਂਦੇਵਪੁਰਾ ਵਿਧਾਨ ਸਭਾ ਖੇਤਰ ਦੀ ਜਿਹੜੀ ਸੂਚੀ ਦਿਖਾਈ ਹੈ, ਉਹ ਕਮਿਸ਼ਨ ਦੀ ਨਹੀਂ ਹੈ। ਉਨ੍ਹਾਂ ਨੇ ਫਿਰ ਦੁਹਰਾਇਆ ਕਿ ਰਾਹੁਲ ਗਾਂਧੀ ਇਸ ਸੰਬੰਧੀ ਲਿਖਤੀ ਤੌਰ 'ਤੇ ਉਨ੍ਹਾਂ ਨੂੰ ਇਸ ਦਿਖਾਈ ਰਿਪੋਰਟ ਦੀ ਕਾਪੀ ਦੇਵੇ, ਜੇਕਰ ਉਸ ਨੇ ਲਿਖ਼ਤੀ ਤੌਰ 'ਤੇ 7 ਦਿਨਾਂ ਦੇ ਅੰਦਰ ਅਜਿਹੀ ਸੂਚੀ ਨਹੀਂ ਭੇਜੀ ਤਾਂ ਉਸ ਦੇ ਇਹ ਦੋਸ਼ ਬੇਬੁਨਿਆਦ ਮੰਨੇ ਜਾਣਗੇ। ਗਿਆਨੇਸ਼ ਕੁਮਾਰ ਨੇ ਇਹ ਵੀ ਕਿਹਾ ਕਿ ਰਾਹੁਲ ਲਗਾਤਾਰ ਦੇਸ਼ ਦੀ ਲੋਕਤੰਤਰੀ ਪ੍ਰਕਿਰਿਆ ਦੀ ਭਰੋਸੇਯੋਗਤਾ 'ਤੇ ਸਵਾਲ ਖੜ੍ਹੇ ਕਰ ਰਹੇ ਹਨ। ਇਸ ਸੰਬੰਧੀ ਕਮਿਸ਼ਨ ਮੂਕ ਦਰਸ਼ਕ ਨਹੀਂ ਬਣ ਸਕਦਾ ਅਤੇ ਇਹ ਵੀ ਕਿ ਕੋਈ ਝੂਠ ਜੇਕਰ ਵਾਰ-ਵਾਰ ਬੋਲਿਆ ਜਾਵੇ ਤਾਂ ਉਹ ਸੱਚ ਨਹੀਂ ਬਣ ਜਾਂਦਾ। ਉਨ੍ਹਾਂ ਕਿਹਾ ਕਿ ਕਾਨੂੰਨ ਅਨੁਸਾਰ ਜੇਕਰ ਸਮੇਂ 'ਤੇ ਵੋਟਰ ਸੂਚੀਆਂ ਦੀਆਂ ਗ਼ਲਤੀਆਂ ਨੂੰ ਸਾਂਝਾ ਨਾ ਕੀਤਾ ਜਾਏ ਅਤੇ ਵੋਟਰਾਂ ਵਲੋਂ ਆਪਣੇ ਉਮੀਦਵਾਰ ਚੁਣਨ ਦੇ 45 ਦਿਨਾਂ ਅੰਦਰ ਜੇਕਰ ਹਾਈ ਕੋਰਟ ਵਿਚ ਚੋਣ ਪਟੀਸ਼ਨ ਦਾਇਰ ਨਾ ਕੀਤੀ ਜਾਏ ਤਾਂ ਸਮਾਂ ਬੀਤਣ ਦੇ ਬਾਅਦ 'ਵੋਟ ਚੋਰੀ' ਵਰਗੇ ਗ਼ਲਤ ਸ਼ਬਦਾਂ ਦੀ ਵਰਤੋਂ ਕਿਸੇ ਜ਼ਿੰਮੇਵਾਰ ਵਿਅਕਤੀ ਵਲੋਂ ਨਹੀਂ ਕੀਤੀ ਜਾਣੀ ਚਾਹੀਦੀ।

ਕੀ ਚੋਣ ਕਮਿਸ਼ਨ ਸੱਚ ਬੋਲ ਰਿਹਾ ਹੈ? ਕੀ ਰਾਹੁਲ ਗਾਂਧੀ ਚੀਕ-ਚਿਹਾੜਾ ਪਾ ਕੇ ਲੋਕਾਂ ਨੂੰ ਭਰਮਾਉਣ ਦਾ ਹੀ ਯਤਨ ਕਰ ਰਿਹਾ ਹੈ? ਹੁਣ ਸਮਾਂ ਆ ਗਿਆ ਹੈ ਕਿ ਇਸ ਦੇ ਨਿਪਟਾਰੇ ਲਈ ਸਰਬਉੱਚ ਅਦਾਲਤ ਆਪਣਾ ਰੋਲ ਅਦਾ ਕਰੇ ਤਾਂ ਜੋ ਸਹੀ ਸੰਦਰਭ ਵਿਚ ਪੂਰੀ ਸਥਿਤੀ ਸਪੱਸ਼ਟ ਹੋ ਸਕੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕੜੀ ਦੇ ਨਵੇਂ ਮਾਲਕ !

ਦੋ ਦਸੰਬਰ ਨੂੰ ਹੋਇਆ ਸੀ ਹੁਕਮਨਾਮਾ 'ਅੱਡੋ ਅੱਡ ਚੁੱਲ੍ਹੇ' ਕਰ ਲਉ ਇੱਕ ਭਾਈ।
'ਝੂੰਦੇ ਹੁਣਾ' ਝੱਟ ਲਿਆ 'ਸਮੇਟ' ਚੁੱਲ੍ਹਾ, ਬਾਦਲ ਧੜੇ ਫੂਲਾ ਲਈ ਸੀ ਹਿੱਕ ਭਾਈ।
ਜੋ 'ਰਲਣ' ਲਈ ਆਏ 'ਸੁਧਾਰ' ਵਾਲੇ, ਕਹਿੰਦੇ ਕੱਢਾਂ'ਗੇ ਮਾਰ ਕੇ 'ਕਿੱਕ' ਭਾਈ।
ਪੰਥਕ ਜੋਸ਼ ਵਿਚ ਉਨ੍ਹਾਂ ਨੇ ਕਰੀ ਭਰਤੀ, ਪੰਜੇ ਮੈਂਬਰ ਜੋ ਦਿੱਤੇ ਸੀ 'ਟਿੱਕ' ਭਾਈ।
ਮਾਇਆ ਧੌਂਸ ਹੰਕਾਰ ਨਾਲ ਭਰੇ ਹੋਏ, ਵਾਂਗ ਧੁਖ ਰਹੇ ਹੁਣ ਗਿੱਲੀ ਲੱਕੜੀ ਦੇ।
ਮਿਲ ਕੇ ਪੰਥ ਨੇ 'ਨਵਾਂ ਪ੍ਰਧਾਨ' ਚੁਣਿਆਂ, 'ਮਾਲਕ ਹੋਰ' ਆ ਗਏ ਐ 'ਤੱਕੜੀ' ਦੇ!

# ਹੱਕਾਂ ਦੀ ਬਰਾਬਰੀ ਲਈ ਅੱਜ ਵੀ ਸੰਘਰਸ਼ਸ਼ੀਲ ਹਨ ਮਹਿਲਾਵਾਂ


**'ਕੌਮਾਂਤਰੀ ਮਹਿਲਾ ਬਰਾਬਰੀ ਦਿਵਸ' ਉਤੇ ਵਿਸ਼ੇਸ਼**

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ: 97816-46008

ਇਹ ਇਕ ਕੌੜਾ ਸੱਚ ਹੈ ਕਿ ਇਹ ਸੰਸਾਰ ਉੱਪਰੋਂ-ਉੱਪਰੋਂ ਤਾਂ ਇਹ ਢਕਵੰਜ ਰਚੀ ਬੈਠਾ ਹੈ ਕਿ ਅਜੋਕੀ ਦੁਨੀਆਂ ਵਿਚ ਮਹਿਲਾਵਾਂ ਨੂੰ ਪੁਰਸ਼ਾਂ ਦੇ ਬਰਾਬਰ ਹੱਕ ਹਾਸਿਲ ਹਨ ਪਰ ਹਕੀਕਤ ਸਭ ਨੂੰ ਪਤਾ ਹੈ ਕਿ ਹੱਕਾਂ ਦੀ ਬਰਾਬਰੀ ਹਿਤ ਮਹਿਲਾਵਾਂ ਸੰਸਾਰ ਪੱਧਰ 'ਤੇ ਅੱਜ ਵੀ ਸੰਘਰਸ਼ਸ਼ੀਲ ਹਨ। ਜੇਕਰ ਵੇਖਿਆ ਜਾਵੇ ਤਾਂ ਏਸ਼ਿਆਈ ਅਤੇ ਅਰਬ ਦੇਸ਼ਾਂ ਸਮੇਤ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਮਹਿਲਾਵਾਂ ਦੀ ਹਾਲਤ ਬੇਹੱਦ ਚਿੰਤਾਜਨਕ ਹੈ। ਅੱਜ ਬੇਸ਼ੱਕ ਇਕ ਪਾਸੇ ਦੁਨੀਆਂ ਭਰ ਵਿਚ 'ਕੌਮਾਂਤਰੀ ਮਹਿਲਾ ਬਰਾਬਰੀ ਦਿਵਸ' ਮਨਾਇਆ ਜਾ ਰਿਹਾ ਹੈ ਪਰ ਦੂਜੇ ਪਾਸੇ ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਵਿਚ ਅੱਜ ਪ੍ਰਤੀ ਮਿੰਟ ਕੋਈ ਮਹਿਲਾ ਬੇਪਤੀ ਸਹਿ ਰਹੀ ਹੈ ਜਾਂ ਫਿਰ ਕਿਸੇ ਜ਼ਾਲਮ ਹੱਥੋਂ ਸ਼ੋਸ਼ਣ ਜਾਂ ਕਤਲ ਦੀ ਸ਼ਿਕਾਰ ਬਣ ਰਹੀ ਹੈ। ਔਰਤਾਂ ਬੇਸ਼ੱਕ ਹਰੇਕ ਕਾਰਜ ਖੇਤਰ ਵਿਚ ਮਰਦਾਂ ਦੇ ਬਰਾਬਰ ਤੇ ਕਈ ਖੇਤਰਾਂ ਵਿਚ ਮਰਦਾਂ ਤੋਂ ਵੀ ਅੱਗੇ ਵਧ ਕੇ ਕੰਮ ਕਰ ਰਹੀਆਂ ਹਨ ਪਰ ਫਿਰ ਵੀ ਇਸ ਬੇਬਾਕ ਸੱਚ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ ਕਿ ਉਨ੍ਹਾਂ ਨਾਲ ਨਿੱਤ ਦਿਨ ਵਾਪਰਦੀਆਂ ਸ਼ਰਮਨਾਕ ਅਤੇ ਹੌਲਨਾਕ ਘਟਨਾਵਾਂ ਨੇ ਸਮੁੱਚੀ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਹੈ।

ਦਰਅਸਲ ਸੰਨ 1853 ਵਿਚ ਅਮਰੀਕਾ ਵਿਖੇ ਮਹਿਲਾਵਾਂ ਲਈ ਬਰਾਬਰੀ ਦਾ ਹੱਕ ਮੰਗਣ ਦੀ ਗੱਲ ਉੱਠੀ ਸੀ। ਲਗਪਗ 50 ਸਾਲ ਤੱਕ ਸੰਘਰਸ਼ ਕਰਦੀਆਂ ਰਹੀਆਂ ਮਹਿਲਾਵਾਂ ਦੀ ਮਿਹਨਤ ਉਸ ਵੇਲੇ ਰੰਗ ਲਿਆਈ ਜਦੋਂ ਸੰਨ 1920 ਵਿਚ ਉਨ੍ਹਾਂ ਨੂੰ ਪੁਰਸ਼ਾਂ ਦੇ ਬਰਾਬਰ ਹੱਕ ਮਿਲਣ ਦੀ ਸ਼ੁਰੂਆਤ ਹੋ ਗਈ। 26 ਅਗਸਤ, 1920 ਨੂੰ ਅਮਰੀਕਾ ਵਿਚ ਮਹਿਲਾਵਾਂ ਨੂੰ ਵੋਟ ਪਾਉਣ ਦਾ ਹੱਕ ਪ੍ਰਦਾਨ ਕੀਤਾ ਗਿਆ ਸੀ। ਇਸੇ ਇਤਿਹਾਸਕ ਸ਼ੁਰੂਆਤ ਨੂੰ ਸਦੀਵੀ ਤੌਰ 'ਤੇ ਯਾਦਗਾਰੀ ਬਣਾਉਣ ਲਈ ਪਹਿਲਾਂ ਅਮਰੀਕਾ ਅਤੇ ਫਿਰ ਦੁਨੀਆਂ ਭਰ ਵਿਚ 26 ਅਗਸਤ ਦਾ ਦਿਨ 'ਕੌਮਾਂਤਰੀ ਮਹਿਲਾ ਬਰਾਬਰੀ ਦਿਵਸ' ਵਜੋਂ ਮਨਾਉਣ ਦੀ ਅਰੰਭਤਾ ਹੋਈ ਸੀ। ਸਾਲ 2025 ਵਿਚ ਦੁਨੀਆਂ ਭਰ 'ਚ ਮਨਾਏ ਜਾ ਰਹੇ ਇਸ ਦਿਵਸ ਦਾ ਥੀਮ ਹੈ 'ਸਮਾਨਤਾ ਨੂੰ ਅਪਣਾਓ'। ਇਹ ਥੀਮ ਦੱਸਦਾ ਹੈ ਕਿ ਅੱਜ ਕੇਵਲ ਲਿੰਗਕ ਪੱਖੋਂ ਹੀ ਔਰਤਾਂ ਨੂੰ ਬਰਾਬਰੀ ਦਾ ਹੱਕ ਦੇਣ ਦੀ ਗੱਲ ਨਹੀਂ ਹੈ ਸਗੋਂ ਕਿਸੇ ਵੀ ਮੁਲਕ ਦੇ ਸਮਾਜਿਕ, ਆਰਥਿਕ ਅਤੇ ਸਿਆਸੀ ਵਿਕਾਸ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਵੀ ਮਹਿਲਾਵਾਂ ਨੂੰ ਪੁਰਸ਼ਾਂ ਦੇ ਬਰਾਬਰ ਅਧਿਕਾਰ ਦੇਣਾ ਜ਼ਰੂਰੀ ਹੋ ਗਿਆ ਹੈ। ਇਥੇ ਜ਼ਿਕਰਯੋਗ ਹੈ ਕਿ ਭਾਰਤ ਦੇ ਜ਼ਿਆਦਾਤਰ ਲੋਕਾਂ ਅਤੇ ਕੁਝ ਇਕ ਇਤਿਹਾਸਕਾਰਾਂ ਵੱਲੋਂ ਬਹੁਤ ਹੀ 'ਜ਼ਾਲਮ' ਆਖੇ ਜਾਂਦੇ ਬਰਤਾਨਵੀ ਅੰਗਰੇਜ਼ਾਂ ਨੇ ਆਪਣੇ ਸ਼ਾਸ਼ਨ ਕਾਲ ਵਿਚ ਹੀ ਭਾਰਤੀ ਮਹਿਲਾਵਾਂ ਨੂੰ ਵੋਟ ਪਾਉਣ ਦਾ ਜਾਂ ਆਪਣੀ ਰਾਇ ਰੱਖਣ ਦਾ ਅਧਿਕਾਰ ਦੇ ਦਿੱਤਾ ਸੀ।

ਜੇਕਰ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਮੁਲਕਾਂ ਵਿਚ ਮਹਿਲਾਵਾਂ ਦੀ ਹਾਲਤ ਬਹੁਤ ਬਦਤਰ ਹੈ। ਉਨ੍ਹਾਂ ਨੂੰ ਤਾਂ ਜੀਵਨ ਜਿਊਣ ਦਾ ਮੂਲ ਅਧਿਕਾਰ ਵੀ ਪੂਰੀ ਤਰ੍ਹਾਂ ਨਹੀਂ ਦਿੱਤਾ ਜਾ ਰਿਹਾ। ਇਨ੍ਹਾਂ ਮੁਲਕਾਂ ਵਿਚ ਮਹਿਲਾਵਾਂ ਦੀ ਸਿੱਖਿਆ ਅਤੇ ਨੌਕਰੀਪੇਸ਼ਾ ਹੋਣ ਦੇ ਵਿਸ਼ਿਆਂ 'ਤੇ ਕਈ ਪਾਬੰਦੀਆਂ ਹਨ ਅਤੇ ਉਨ੍ਹਾਂ ਨੂੰ ਉਪਭੋਗ ਦੀ ਵਸਤੂ ਜਾਂ ਬੱਚੇ ਪੈਦਾ ਕਰਨ ਦੀ ਮਸ਼ੀਨ ਵਜੋਂ ਹੀ ਲਿਆ ਜਾਂਦਾ ਹੈ। ਭਾਰਤ ਵਿਚ ਸਥਿਤੀ ਬਿਲਕੁਲ ਵਚਿੱਤਰ ਹੈ। ਇਥੇ ਸੰਵਿਧਾਨਕ ਤੌਰ 'ਤੇ ਔਰਤਾਂ ਨੂੰ ਤਕਰੀਬਨ ਸਾਰੇ ਅਧਿਕਾਰ ਪੁਰਸ਼ਾਂ ਦੇ ਬਰਾਬਰ ਹਾਸਿਲ ਹਨ ਪਰ ਫਿਰ ਵੀ ਕਦਮ-ਕਦਮ 'ਤੇ ਉਨ੍ਹਾਂ ਨਾਲ ਵਿਤਕਰਾ, ਅੱਤਿਆਚਾਰ ਅਤੇ ਵਿਭਚਾਰ ਕੀਤਾ ਜਾਂਦਾ ਹੈ। ਕੁਝ ਇਕ ਰਾਜਾਂ ਨੂੰ ਤਾਂ ਹੁਣ 'ਮਹਿਲਾਵਾਂ ਨਾਲ ਬਲਾਤਕਾਰ ਦੀ ਰਾਜਧਾਨੀ' ਤੱਕ ਦਾ ਦਰਜਾ ਦੇ ਦਿੱਤਾ ਗਿਆ ਹੈ। ਸਿਆਸੀ ਪਾਰਟੀਆਂ ਅਤੇ ਮੀਡੀਆ ਪਲੇਟਫਾਰਮ ਹੁਣ ਪੱਖਪਾਤੀ ਹੋ ਗਏ ਹਨ। ਉਹ ਬਲਾਤਕਾਰ ਦੀ ਕਿਸੇ ਖ਼ਾਸ ਘਟਨਾ ਜਾਂ ਕਿਸੇ ਖ਼ਾਸ ਸਿਆਸੀ ਦਲ ਨਾਲ ਸਬੰਧਿਤ ਸਰਕਾਰ ਵਾਲੇ ਸੂਬੇ ਅੰਦਰ ਵਾਪਰੀ ਬਲਾਤਕਾਰ ਜਾਂ ਦੁਸ਼ਕਰਮ ਦੀ ਘਟਨਾ ਨੂੰ ਚੀਕ-ਚੀਕ ਕੇ ਪੇਸ਼ ਕਰਨ ਅਤੇ ਕਿਸੇ ਦੂਜੇ ਦਲ ਦੀ ਸੱਤਾ ਵਾਲੇ ਰਾਜ ਦੀ ਘਟਨਾ ਬਾਰੇ ਇਕ ਲਫ਼ਜ਼ ਵੀ ਨਾ ਬੋਲਣ ਦਾ ਵਲ ਸਿੱਖ ਗਏ ਹਨ। ਅੱਜ ਸਾਡੀ ਨੈਤਿਕਤਾ ਦਾ ਪੱਧਰ ਇਸ ਕਦਰ ਡਿੱਗ ਪਿਆ ਹੈ ਕਿ ਬਲਾਤਕਾਰਾਂ 'ਤੇ ਵੀ ਸਿਆਸਤ ਹੋ ਰਹੀ ਹੈ ਜਦੋਂ ਕਿ ਮਹਿਲਾਵਾਂ ਨਾਲ ਹੋਣ ਵਾਲੇ ਦੁਸ਼ਕਰਮਾਂ ਦੀ ਇਕਜੁੱਟ ਹੋ ਕੇ ਨਿੰਦਾ ਅਤੇ ਰੋਕਥਾਮ ਲਈ ਸਖ਼ਤ ਕਦਮ




ਚੁੱਕੇ ਜਾਣ ਦੀ ਮੰਗ ਕੀਤੀ ਜਾਣੀ ਚਾਹੀਦੀ ਹੈ। 'ਕੁਲਦੀਪ ਸਿੰਘ ਸੇਂਗਰ', 'ਬ੍ਰਿਜ ਭੂਸ਼ਨ ਸ਼ਰਨ ਸਿੰਘ' ਜਾਂ 'ਡੇਰਾ ਮੁਖੀ ਰਾਮ ਰਹੀਮ' ਸਮੇਤ ਅਜਿਹੇ ਹੋਰ ਵਿਅਕਤੀ ਜੋ ਮਹਿਲਾਵਾਂ ਨਾਲ ਬੁਰਾ ਸਲੂਕ ਜਾਂ ਬਲਾਤਕਾਰ ਕੀਤੇ ਜਾਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ, ਪ੍ਰਤੀ ਸਿਆਸੀ ਦਲਾਂ ਵੱਲੋਂ ਨਰਮ ਰਵੱਈਆ ਵਿਖਾਇਆ ਜਾਣਾ ਇਹ ਸਾਬਿਤ ਕਰਦਾ ਹੈ ਕਿ ਮਹਿਲਾਵਾਂ ਦੀ ਬੇਪਤੀ ਲਈ ਸਿਆਸੀ ਆਗੂਆਂ ਵੱਲੋਂ ਵਹਾਏ ਜਾਂਦੇ ਹੰਝੂ ਮਗਰਮੱਛ ਦੇ ਹੰਝੂਆਂ ਤੋਂ ਵਧ ਕੇ ਨਹੀਂ ਹਨ। ਮਣੀਪੁਰ ਵਿਚ ਮਹਿਲਾਵਾਂ ਸਬੰਧੀ ਵਾਪਰੀ ਵਹਿਸ਼ੀਆਨਾ ਘਟਨਾ ਪ੍ਰਤੀ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਦੀ ਖ਼ਾਮੋਸ਼ੀ ਅਤੇ ਸੁਪਰੀਮ ਕੋਰਟ ਦੇ ਦਖ਼ਲ ਤੋਂ ਪਹਿਲਾਂ ਦੋਸ਼ੀਆਂ ਖ਼ਿਲਾਫ਼ ਕੋਈ ਵੀ ਕਦਮ ਨਾ ਚੁੱਕਿਆ ਜਾਣਾ ਇਹ ਪ੍ਰਮਾਣਿਤ ਕਰਦਾ ਹੈ ਕਿ ਸਾਡੇ ਮੁਲਕ ਦੇ ਸਿਆਸਤਦਾਨ ਇਸ ਗੰਭੀਰ ਮੁੱਦੇ ਪ੍ਰਤੀ ਬਿਲਕੁਲ ਵੀ ਸੰਜੀਦਾ ਨਹੀਂ ਹਨ।

ਭਾਰਤ ਵਿਚ ਔਰਤਾਂ ਨੂੰ ਦਿੱਤੇ ਗਏ ਬਰਾਬਰੀ ਦੇ ਹੱਕਾਂ ਦੇ ਘਾਣ ਦੀ ਜੇ ਗੱਲ ਕੀਤੀ ਜਾਵੇ ਤਾਂ ਕਈ ਦੁੱਖਦਾਇਕ ਅਤੇ ਸੰਵੇਦਨਸ਼ੀਲ ਪਰ ਬਿਲਕੁਲ ਸੱਚੇ ਤੱਥ ਸਾਹਮਣੇ ਆਉਂਦੇ ਹਨ। ਅੱਜ ਵੀ ਵੱਖ-ਵੱਖ ਧਰਮਾਂ ਨਾਲ ਸਬੰਧਿਤ ਧਰਮ ਮੰਦਰਾਂ ਵਿਚ ਮਹਿਲਾਵਾਂ ਨੂੰ ਪ੍ਰਵੇਸ਼ ਕਰਨ ਜਾਂ ਕੀਰਤਨ ਤੇ ਪੂਜਾ ਆਦਿ ਕਰਨ ਦਾ ਹੱਕ ਨਹੀਂ ਹੈ। ਅੱਜ ਵੀ ਮਹਿਲਾ ਸਰਪੰਚ ਦਾ ਪਤੀ ਜਾਂ ਬੇਟਾ ਹੀ ਪੰਚਾਇਤ ਦੇ ਕੰਮਕਾਜ ਵੇਖ਼ਦਾ ਹੈ। ਕੋਈ ਵੀ ਪੰਚਾਇਤੀ, ਵਿਧਾਨ ਸਭਾ ਜਾਂ ਲੋਕ ਸਭਾ ਸੀਟ ਮਹਿਲਾਵਾਂ ਲਈ ਰਾਖਵੀਂ ਐਲਾਨੇ ਜਾਣ 'ਤੇ ਮੌਜੂਦਾ ਸਰਪੰਚ, ਵਿਧਾਇਕ ਜਾਂ ਸੰਸਦ ਮੈਂਬਰ ਦੇ ਪਰਿਵਾਰ ਦੀ ਮਹਿਲਾ ਹੀ ਉਸ ਸੀਟ ਲਈ ਉਮੀਦਵਾਰ ਐਲਾਨ ਦਿੱਤੀ ਜਾਂਦੀ ਹੈ। ਅੱਜ ਵੀ ਵੱਖ-ਵੱਖ ਥਾਣਿਆਂ ਵਿਚ ਮੌਜੂਦ 'ਵਿਮੈਂਨ ਸੈੱਲਾਂ' ਵਿਚ ਹਰ ਰੋਜ਼ ਵਿਆਹੁਤਾ ਕੁੜੀਆਂ ਨਾਲ ਦਾਜ ਜਾਂ ਹੋਰ ਕਾਰਨਾਂ ਕਰਕੇ ਮਾਰਕੁੱਟ ਕਰਨ ਜਾਂ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਸੈਂਕੜੇ ਮਾਮਲੇ ਆਉਂਦੇ ਹਨ। ਅੱਜ ਸਰੇਬਾਜ਼ਾਰ ਮਹਿਲਾਵਾਂ ਦੇ ਪਰਸ, ਚੈਨੀਆਂ ਜਾਂ ਵਾਹਨ ਖੋਹ ਲਏ ਜਾਂਦੇ ਹਨ ਤੇ ਉਨ੍ਹਾਂ ਨੂੰ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਉਹ ਅੱਜ ਵੀ ਅਪਰਾਧੀਆਂ ਲਈ 'ਈਜ਼ੀ ਟਾਰਗੈੱਟ' ਭਾਵ 'ਆਸਾਨ ਸ਼ਿਕਾਰ' ਹਨ। ਪੁਲਿਸ ਅਤੇ ਕਾਨੂੰਨ ਦਾ ਖ਼ੌਫ਼ ਹੁਣ ਅਪਰਾਧੀਆਂ ਦੇ ਮਨਾਂ ਜਾਂ ਚਿਹਰਿਆਂ 'ਤੇ ਨਜ਼ਰ ਨਹੀਂ ਆਉਂਦਾ। ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਅੱਜ ਵੱਖ-ਵੱਖ ਰਾਜਾਂ ਅਤੇ ਕੇਂਦਰ ਦੀ ਸੱਤਾ 'ਤੇ ਕਾਬਜ਼ ਵੱਖ-ਵੱਖ ਸਿਆਸੀ ਦਲਾਂ ਵਿਚ ਜੇਤੂ ਮਹਿਲਾ ਵਿਧਾਇਕਾਂ ਜਾਂ ਸੰਸਦ ਮੈਂਬਰਾਂ ਦੀ ਵੱਡੀ ਗਿਣਤੀ ਹੋਣ ਦੇ ਬਾਵਜੂਦ ਸਹੀ ਅਨੁਪਾਤ ਵਿਚ ਮਹਿਲਾਵਾਂ ਮੰਤਰੀ ਨਹੀਂ ਬਣਾਈਆਂ ਜਾਂਦੀਆਂ।

ਜੇਕਰ ਮਹਿਲਾਵਾਂ ਖ਼ਿਲਾਫ਼ ਹੋਣ ਵਾਲੇ ਅਪਰਾਧਾਂ ਦੇ ਅੰਕੜਿਆਂ ਦੀ ਗੱਲ ਕਰੀਏ ਤਾਂ ਹਕੀਕਤ ਜਾਣ ਕੇ ਪੈਰਾਂ ਹੇਠੋਂ ਜ਼ਮੀਨ ਖ਼ਿਸਕ ਜਾਂਦੀ ਹੈ ਤੇ ਕੰਜਕਾਂ ਅਤੇ ਦੇਵੀ ਮਾਤਾ ਦੀ ਪੂਜਾ ਕਰਨ ਵਾਲੇ ਇਸ ਮੁਲਕ ਵਿਚ ਮਹਿਲਾਵਾਂ ਨਾਲ ਵਾਪਰਦੀਆਂ ਅਣਹੋਣੀਆਂ ਘਟਨਾਵਾਂ ਦੀ ਤਫ਼ਸੀਲ ਜਾਣ ਕੇ ਤਾਂ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਭਾਰਤ ਦੇ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਸੰਨ 2011 ਵਿਚ ਭਾਰਤ ਅੰਦਰ ਮਹਿਲਾਵਾਂ ਖ਼ਿਲਾਫ਼ ਅਪਰਾਧਾਂ ਦੀਆਂ 2,28,650 ਘਟਨਾਵਾਂ ਵਾਪਰੀਆਂ ਸਨ ਜਦੋਂ ਕਿ ਸੰਨ 2021 ਵਿਚ ਇਹ ਅੰਕੜਾ 4,28,278 ਘਟਨਾਵਾਂ ਨੂੰ ਪਾਰ ਕਰ ਗਿਆ ਸੀ ਤੇ ਸੰਨ 2022 ਵਿਚ ਸੰਖਿਆ 4 ਲੱਖ 40 ਹਜ਼ਾਰ ਦੇ ਅੰਕੜੇ ਨੂੰ ਪਾਰ ਕਰ ਗਈ ਸੀ। ਇਥੇ ਯਾਦ ਰੱਖਣਯੋਗ ਤੱਥ ਹੈ ਕਿ ਇਹ ਅੰਕੜਾ ਪੁਲਿਸ ਕੋਲ ਸੂਚਿਤ ਕੀਤੀਆਂ ਗਈਆਂ ਘਟਨਾਵਾਂ ਦਾ ਹੈ ਜਦੋਂ ਕਿ ਸਮਾਜਿਕ ਸ਼ਰਮ ਅਤੇ ਹੋਰ ਕਾਰਨਾਂ ਕਰਕੇ ਲੜਕੀਆਂ ਅਤੇ ਮਹਿਲਾਵਾਂ ਨਾਲ ਸਬੰਧਿਤ ਜ਼ਿਆਦਾਤਰ ਅਪਰਾਧ ਸਾਹਮਣੇ ਹੀ ਨਹੀਂ ਲਿਆਂਦੇ ਜਾਂਦੇ ਹਨ ਤੇ ਹਕੀਕਤਨ ਦਬਾਅ ਜਾਂ ਲੁਕਾਅ ਦਿੱਤੇ ਜਾਂਦੇ ਹਨ। ਬੇਹੱਦ ਸ਼ਰਮ ਦੀ ਗੱਲ ਹੈ ਕਿ ਮਹਿਲਾਵਾਂ ਖ਼ਿਲਾਫ਼ ਦੁਨੀਆਂ ਭਰ ਅੰਦਰ ਹੋਣ ਵਾਲੇ ਸਭ ਤੋਂ ਵੱਧ ਅਣਮਨੁੱਖੀ ਅਪਰਾਧਾਂ ਵਿਚੋਂ ਸਭ ਤੋਂ ਸ਼ਰਮਨਾਕ 'ਨਿਰਭਇਆ' ਜਾਂ 'ਮਣੀਪੁਰ' ਜਿਹੇ ਕਾਂਡ ਸਾਡੇ ਮੁਲਕ ਵਿਚ ਵਾਪਰੇ ਹਨ ਜਿੱਥੇ ਨਾਰੀ ਦੇ 'ਸਸ਼ਕਤੀਕਰਨ' ਦੀਆਂ ਡੀਂਗਾਂ ਸਿਆਸਤਦਾਨਾਂ ਵੱਲੋ ਦਿਨ ਰਾਤ ਮਾਰੀਆਂ ਜਾਂਦੀਆਂ ਹਨ। ਇਹ ਤਾਂ ਹੋਰ ਵੀ ਸ਼ਰਮ ਦੀ ਗੱਲ ਹੈ ਕਿ ਕਿਸੇ ਕੌਮਾਂਤਰੀ ਪੱਧਰ ਦੀ ਸੰਸਥਾ ਨੇ ਤਾਂ ਇਥੋਂ ਤੱਕ ਵੀ ਕਹਿ ਦਿੱਤਾ ਹੈ ਕਿ 'ਭਾਰਤ ਮਹਿਲਾਵਾਂ ਲਈ ਸਭ ਤੋਂ ਅਸੁਰੱਖਿਅਤ ਦੇਸ਼ ਹੈ'।

ਸੋ 'ਕੌਮਾਂਤਰੀ ਮਹਿਲਾ ਬਰਾਬਰੀ ਦਿਵਸ' ਮੌਕੇ ਸਮੂਹ ਸਿਆਸਤਦਾਨਾਂ, ਧਾਰਮਿਕ, ਸਮਾਜਿਕ ਅਤੇ ਵਾਪਰਕ ਸੰਸਥਾਵਾਂ ਦੇ ਮੁਖੀਆਂ ਅਤੇ ਆਮ ਲੋਕਾਂ ਨੂੰ ਵੀ ਅਹਿਦ ਲੈਣਾ ਚਾਹੀਦਾ ਹੈ ਕਿ ਮਹਿਲਾਵਾਂ ਨੂੰ ਉਨ੍ਹਾਂ ਦਾ ਬਣਦਾ ਸਨਮਾਨ, ਸੁਰੱਖਿਆ ਅਤੇ ਹੱਕ ਹਰ ਹਾਲਤ ਵਿਚ ਤੇ ਹਰ ਕੀਮਤ 'ਤੇ ਮਿਲਣੇ ਚਾਹੀਦੇ ਹਨ ਨਹੀਂ ਤਾਂ ਅਜਿਹੇ ਦਿਨ ਮਨਾਉਣੇ ਬੰਦ ਕਰ ਦੇਣੇ ਚਾਹੀਦੇ ਹਨ। ਮਹਿਲਾ ਸੰਗਠਨਾਂ ਨੂੰ ਵੀ ਤਕੜੇ ਹੋ ਕੇ ਆਪਣੇ ਹੱਕਾਂ ਲਈ ਲੜਨਾ ਚਾਹੀਦਾ ਹੈ ਤੇ ਜਿਸ ਪ੍ਰਕਾਰ ਸਾਡੇ ਦੇਸ਼ ਲਈ ਸੋਨ ਤਗਮੇ ਜਿੱਤਣ ਵਾਲੀਆਂ ਖਿਡਾਰਨਾਂ ਨਾਲ ਦਿਨ ਦਿਹਾੜੇ ਵਿਤਕਰਾ ਅਤੇ ਬਦਸਲੂਕੀ ਹੁੰਦੀ ਰਹੀ ਤੇ ਮਹਿਲਾ ਸੰਗਠਨ, ਮਹਿਲਾ ਸਿਆਸਤਦਾਨ ਅਤੇ ਮਹਿਲਾ ਪੱਤਰਕਾਰ ਖ਼ਾਮੋਸ਼ ਰਹੇ, ਅਜਿਹਾ ਦੁਬਾਰਾ ਨਹੀਂ ਵਾਪਰਨਾ ਚਾਹੀਦਾ। ਔਰਤਾਂ ਦੇ ਹੱਕਾਂ ਦੀ ਪ੍ਰਾਪਤੀ ਲਈ ਔਰਤਾਂ ਅਤੇ ਪੁਰਸ਼ਾਂ ਦੋਵਾਂ ਨੂੰ ਹੀ ਮੈਦਾਨ ਵਿਚ ਨਿੱਤਰਨਾ ਚਾਹੀਦਾ ਹੈ।

## ਫੜਨਵੀਸ ਦਾ 'ਪਿਆਰਾ ਜ਼ਿਲ੍ਹਾ' ਗੜ੍ਹਚਿਰੋਲੀ

# ਸੁੰਗੜਦਾ ਮਾਓਵਾਦ, ਵਧਦੀ ਮਾਈਨਿੰਗ-2

***ਪਿਛਲੇ ਕੁਝ ਸਮੇਂ ਤੋਂ ਭਾਰਤੀ ਰਾਜ ਵੱਲੋਂ ਚਲਾਏ ਨੀਮ-ਫ਼ੌਜੀ ਓਪਰੇਸ਼ਨਾਂ ਦੇ ਦਬਾਅ ਹੇਠ ਮਹਾਰਾਸ਼ਟਰ ਦੇ ਗੜ੍ਹਚਿਰੋਲੀ ਜ਼ਿਲ੍ਹੇ ਵਿਚ ਮਾਓਵਾਦੀ ਪਿੱਛੇ ਹਟਦੇ ਗਏ, ਉਨ੍ਹਾਂ ਦੀ ਥਾਂ ਮਾਈਨਿੰਗ ਕੰਪਨੀਆਂ ਆਉਂਦੀਆਂ ਗਈਆਂ। ਇਹ ਸਾਰਾ ਕਾਰੋਬਾਰ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਦੇਖ-ਰੇਖ ਹੇਠ ਹੋ ਰਿਹਾ ਹੈ, ਜਿਸ ਨੇ ਆਪਣੇ ਆਪ ਨੂੰ ਇਸ ਜ਼ਿਲ੍ਹੇ ਦਾ ਸਰਪ੍ਰਸਤ ਮੰਤਰੀ ਥਾਪ ਲਿਆ ਹੈ। ਸਵਾਲ ਇਹ ਹੈ ਕਿ ਆਦਿਵਾਸੀਆਂ ਦੇ ਇਸ ਜੰਗਲ ਉੱਪਰ ਮਾਈਨਿੰਗ ਦਾ ਕੀ ਅਸਰ ਪਵੇਗਾ? ਇਨ੍ਹਾਂ ਪੱਖਾਂ ਦੀ ਪੜਤਾਲ 'ਦੀ ਵਾਇਰ' ਦੀ ਰਿਪੋਰਟਰ ਸੰਤੋਸ਼ੀ ਮਰਕਾਮ ਨੇ ਇਸ ਲੰਮੀ ਰਿਪੋਰਟ ਵਿਚ ਕੀਤੀ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਹ ਰਿਪੋਰਟ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ ਜਿਸਦਾ ਉਚੇਚੇ ਤੌਰ 'ਤੇ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।-ਸੰਪਾਦਕ॥***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਗੜ੍ਹਚਿਰੋਲੀ ਵਿਚ 'ਸੁੰਗੜਦਾ ਮਾਓਵਾਦ, ਵਧਦੀ ਜਾ ਰਹੀ ਮਾਈਨਿੰਗ' ਦੇ ਸਿਰਲੇਖ ਤਹਿਤ 'ਦਿ ਵਾਇਰ' ਹਿੰਦੀ ਦੀ ਖ਼ਬਰ ਛਪਣ ਤੋਂ ਅਗਲੇ ਹੀ ਦਿਨ, ਯਾਨੀ 22 ਜੁਲਾਈ ਨੂੰ, ਅਖ਼ਬਾਰਾਂ ਦੇ ਪਹਿਲੇ ਪੰਨੇ 'ਤੇ ਲੌਇਡ ਕੰਪਨੀ ਨੇ ਪੂਰੇ ਸਫ਼ੇ ਦਾ ਇਸ਼ਤਿਹਾਰ ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀਆਂ ਮੁਸਕਰਾਉਂਦੀਆਂ ਤਸਵੀਰਾਂ ਨਾਲ ਛਪਿਆ ਇਹ ਇਸ਼ਤਿਹਾਰ ਗੜ੍ਹਚਿਰੋਲੀ ਜ਼ਿਲ੍ਹੇ ਵਿਚ ਲੌਇਡ ਕੰਪਨੀ ਦੇ ਵੱਡੇ ਪ੍ਰੋਜੈਕਟਾਂ ਦਾ ਫੜਨਵੀਸ ਦੇ ਹੱਥੀਂ ਉਦਘਾਟਨ ਹੋਣ ਦਾ ਜ਼ਿਕਰ ਕਰਦਾ ਸੀ।

ਇਸ ਇਸ਼ਤਿਹਾਰ ਦਾ ਸੁਨੇਹਾ ਸਾਫ਼ ਸੀ- ਗੜ੍ਹਚਿਰੋਲੀ ਜ਼ਿਲ੍ਹੇ ਨੂੰ ਭਾਰਤ ਦਾ 'ਸਟੀਲ ਸਿਟੀ' ਬਣਾਉਣਾ ਹੈ। ਪਰ ਕਿਸ ਕੀਮਤ 'ਤੇ? ਆਖ਼ਿਰ ਇਹ ਕੀਮਤ ਕੌਣ ਚੁਕਾ ਰਿਹਾ ਹੈ?

**ਸੰਤੋਸ਼ੀ ਮਰਕਾਮ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਅਸੀਂ ਆਪਣੀ ਪਿਛਲੀ ਖ਼ਬਰ ਵਿਚ ਮਾਓਵਾਦੀਆਂ ਤੋਂ ਬਾਅਦ ਉਭਰਦੇ ਦੰਡਕਾਰਣੀਆ ਦੇ ਬਦਲਦੇ ਚਿਹਰੇ ਨੂੰ ਗੜ੍ਹਚਿਰੋਲੀ ਰਾਹੀਂ ਵਿਖਾਇਆ ਸੀ। ਜਿਉਂ-ਜਿਉਂ ਮਾਓਵਾਦੀ ਅੰਦੋਲਨ ਸੁੰਗੜਦਾ




*ਅਖ਼ਬਾਰ ਵਿਚ ਛਪਿਆ ਲੌਇਡ ਕੰਪਨੀ ਦਾ ਇਸ਼ਤਿਹਾਰ।*

ਜਾਂਦਾ ਹੈ, ਆਦਿਵਾਸੀ ਇਲਾਕਿਆਂ ਵਿਚ ਮਾਈਨਿੰਗ ਕੰਪਨੀਆਂ ਆ ਰਹੀਆਂ ਹਨ। ਰਿਪੋਰਟ ਦੀ ਇਹ ਦੂਜੀ ਕਿਸ਼ਤ ਇਸ ਅਮਲ ਦੇ ਵਾਤਾਵਰਣ ਅਤੇ ਸਮਾਜਿਕ ਜ਼ਿੰਦਗੀ 'ਤੇ ਪੈਣ ਵਾਲੇ ਅਸਰਾਂ ਦੀ ਪੜਤਾਲ ਕਰਦੀ ਹੈ।

### ਵਾਤਾਵਰਣ ਨੂੰ ਹੋ ਰਿਹਾ ਭਾਰੀ ਨੁਕਸਾਨ

ਸਥਾਨਕ ਆਦਿਵਾਸੀ ਕਾਰਕੁਨ ਲਾਲਸੂ ਸੋਮਾ ਨੋਗੋਟੀ ਦੱਸਦੇ ਹਨ ਕਿ ਖਾਣਾਂ ਪੱਟਣ ਲਈ ਵੱਡੇ ਪੱਧਰ 'ਤੇ ਦਰੱਖ਼ਤਾਂ ਦੀ ਕਟਾਈ ਅਤੇ ਪਹਾੜਾਂ ਵਿਚ ਖਣਨ ਨਾਲ ਵਾਤਾਵਰਣ ਨੂੰ ਗੰਭੀਰ ਨੁਕਸਾਨ ਪਹੁੰਚ ਰਿਹਾ ਹੈ। ਖਣਨ ਤੋਂ ਨਿਕਲਣ ਵਾਲੇ ਗੰਦੇ ਲਾਲ ਪਾਣੀ ਅਤੇ ਗੰਦੀ ਧੂੜ ਹਵਾ ਅਤੇ ਪਾਣੀ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰ ਰਹੇ ਹਨ।

ਗ਼ੌਰਤਲਬ ਹੈ ਕਿ ਮੁੱਖ ਮੰਤਰੀ ਫੜਨਵੀਸ ਨੇ 22 ਜੁਲਾਈ ਨੂੰ ਹੀ ਗੜ੍ਹਚਿਰੋਲੀ ਵਿਚ 'ਹਰਿਤ ਮਹਾਰਾਸ਼ਟਰ, ਖ਼ੁਸ਼ਹਾਲ ਮਹਾਰਾਸ਼ਟਰ' ਮੁਹਿੰਮ ਦੇ ਤਹਿਤ 1 ਕਰੋੜ ਰੁੱਖ ਲਗਾਉਣ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਸਨੇ ਕਿਹਾ ਕਿ ਪੂਰੇ ਮਹਾਰਾਸ਼ਟਰ ਵਿਚ ਇਸ ਸਾਲ 11 ਕਰੋੜ ਪੌਦੇ ਲਗਾਏ ਜਾਣਗੇ ਅਤੇ ਅਗਲੇ ਸਾਲ 25 ਕਰੋੜ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ 2014 ਤੋਂ 2021 ਤੱਕ 50 ਕਰੋੜ ਰੁੱਖ ਲਗਾਏ ਗਏ ਸਨ।

ਮੁੱਖ ਮੰਤਰੀ ਦੇ ਦਾਅਵੇ 'ਤੇ ਸਵਾਲ ਉਠਾਉਂਦੇ ਹੋਏ ਲਾਲਸੂ ਨੋਗੋਟੀ ਨੇ ਕਿਹਾ ਕਿ ਇਹ ਲੋਕਾਂ ਨੂੰ ਗੁੰਮਰਾਹ ਕਰਨ ਦਾ ਹੱਥਕੰਡਾ ਹੈ, ਤਾਂ ਜੋ ਉਹ ਦਰੱਖਤਾਂ ਦੀ ਕਟਾਈ ਦਾ ਵਿਰੋਧ ਨਾ ਕਰਨ।

ਉਨ੍ਹਾਂ ਕਿਹਾ, 'ਇੱਥੋਂ ਦੇ ਜੰਗਲਾਂ ਅਤੇ ਪਹਾੜਾਂ ਨੂੰ ਉਜਾੜ ਕੇ ਉਨ੍ਹਾਂ ਵੱਲੋਂ ਦਰੱਖ਼ਤ ਲਗਾਉਣ ਦਾ ਦਾਅਵਾ ਕਰਨਾ ਹਾਸੋਹੀਣਾ ਹੈ। ਸਰਕਾਰ ਚਾਹੇ ਕਿੰਨੇ ਵੀ ਦਰੱਖ਼ਤ ਲਗਾ ਦੇਵੇ, ਕੁਦਰਤੀ ਜੰਗਲਾਂ ਦੇ ਨੁਕਸਾਨ ਦੀ ਪੂਰਤੀ ਕਦੇ ਨਹੀਂ ਕਰ ਸਕੇਗੀ। ਕੁਦਰਤੀ ਜੰਗਲਾਂ ਵਿਚ ਵੱਖ-ਵੱਖ ਕਿਸਮ ਦੇ ਪੌਦੇ, ਬਨਸਪਤੀ ਅਤੇ ਜਾਨਵਰ ਹੁੰਦੇ ਹਨ, ਜਿਨ੍ਹਾਂ 'ਤੇ ਨਿਰਭਰ ਹੋ ਕੇ ਉੱਥੋਂ ਦੇ ਆਦਿਵਾਸੀ ਜੀ ਰਹੇ ਹਨ। ਤੇਂਦੂ ਪੱਤਾ, ਬਾਂਸ ਅਤੇ ਹੋਰ ਵਣ ਉਪਜਾਂ ਇੱਥੋਂ ਦੇ ਆਦਿਵਾਸੀਆਂ ਦੀ ਆਮਦਨ ਦਾ ਮੁੱਖ ਸਰੋਤ ਹਨ। ਕੀ ਇਹ ਪੌਦੇ ਉਸਦੀ ਪੂਰਤੀ ਕਰ ਸਕਣਗੇ?'

ਲਾਲਸੂ ਨੇ ਕਿਹਾ, 'ਚਾਰ-ਪੰਜ ਸੌ ਸਾਲ ਪੁਰਾਣੇ ਵੱਡੇ ਦਰੱਖ਼ਤਾਂ ਨੂੰ ਕੱਟ ਕੇ ਸ਼ਹਿਰੀ ਕਿਸਮ ਦੇ ਦਰੱਖ਼ਤ ਲਗਾਉਣਾ ਇੱਥੇ ਦੇ ਲੋਕਾਂ ਨਾਲ ਮਜ਼ਾਕ ਤੋਂ ਸਿਵਾਏ ਹੋਰ ਕੁਝ ਨਹੀਂ ਹੈ।'

ਲਾਲਸੂ ਦੱਸਦੇ ਹਨ ਕਿ ਖਣਨ ਦੀ ਵਜ੍ਹਾ ਨਾਲ ਆਦਿਵਾਸੀਆਂ ਦੀ ਰੋਜ਼ੀ-ਰੋਟੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਉਨ੍ਹਾਂ ਦੇ ਖੇਤ ਖਾਣਾਂ ਤੋਂ ਨਿਕਲਣ ਵਾਲੀ ਮਿੱਟੀ ਨਾਲ ਢਕੇ ਜਾਣ ਕਰਕੇ ਬੇਕਾਰ ਹੋ ਰਹੇ ਹਨ। ਹੁਣ ਉਨ੍ਹਾਂ ਵਿਚ ਫ਼ਸਲ ਮੁਸ਼ਕਲ ਨਾਲ ਹੀ ਉੱਗਦੀ ਹੈ।

ਉਸ ਨੇ ਮਲਮਪਾੜੀ ਪਿੰਡ ਦੀ ਮਿਸਾਲ ਦਿੱਤੀ। ਸੂਰਜਾਗੜ੍ਹ ਪਹਾੜੀ ਤੋਂ ਵਗ ਕੇ ਉਸ ਪਿੰਡ ਵਿਚ ਛੋਟਾ ਜਿਹਾ ਝਰਨਾ ਆਉਂਦਾ ਹੈ, ਲੋਕ ਪਹਿਲਾਂ ਉੱਥੋਂ ਦਾ ਪਾਣੀ ਪੀਂਦੇ ਸਨ, ਨਹਾਉਂਦੇ ਸਨ ਅਤੇ ਮੱਛੀ, ਕੇਕੜੇ ਆਦਿ ਫੜਿਆ ਕਰਦੇ ਸਨ। ਹੁਣ ਖਾਣ ਤੋਂ ਨਿਕਲਣ ਵਾਲੇ ਪ੍ਰਦੂਸ਼ਿਤ ਲਾਲ ਪਾਣੀ ਕਰਕੇ ਉਸ ਝਰਨੇ ਦੇ ਮੱਛੀ, ਕੇਕੜੇ, ਡੱਡੂ, ਸੱਪ ਆਦਿ ਗਾਇਬ ਹੋ ਗਏ ਹਨ। ਉਸਨੇ ਕਿਹਾ ਕਿ ਜੰਗਲ ਦੇ ਬਹੁਤ ਸਾਰੇ ਕੰਦ-ਮੂਲ ਅਤੇ ਬਨਸਪਤੀ ਵੀ ਅਲੋਪ ਹੋ ਰਹੇ ਹਨ।

ਪੋਟੇਗਾਂਵ ਦੇ ਆਦਿਵਾਸੀ ਵਿਕਾਸ ਪਰਿਸ਼ਦ ਦੇ ਕਾਰਕੁਨ ਵਿਨੋਦ ਮੰਡਾਵੀ ਵੀ ਇਸ ਨਾਲ ਸਹਿਮਤ ਹਨ ਕਿ ਖਣਨ ਨਾਲ ਜੀਵਨ ਪ੍ਰਭਾਵਿਤ ਹੋ ਰਿਹਾ ਹੈ। ਉਹ ਦੱਸਦੇ ਹਨ, 'ਆਸਟੀ, ਆਲਾਪੱਲੀ ਅਤੇ ਸੂਰਜਾਗੜ੍ਹ ਹਾਈਵੇ ਉੱਪਰ ਮਾਈਨਿੰਗ ਕੰਪਨੀਆਂ ਨੇ ਪੂਰੀ ਤਰ੍ਹਾਂ ਕਬਜ਼ਾ ਕਰ ਰੱਖਿਆ ਹੈ। ਹਰ ਰੋਜ਼ ਦਰਜਨਾਂ ਟਰੱਕ ਉਸ ਹਾਈਵੇ ਤੋਂ ਲੰਘਦੇ ਹਨ। ਸਕੂਲੀ ਬੱਚਿਆਂ ਲਈ ਸੜਕ ਪਾਰ ਕਰਨਾ ਮੁਸ਼ਕਲ ਹੋ ਜਾਂਦਾ ਹੈ।'

### ਸੂਰਜਾਗੜ੍ਹ ਪਹਾੜ ਦਾ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਵ

ਸਥਾਨਕ ਆਦਿਵਾਸੀ ਸੂਰਜਾਗੜ੍ਹ ਵਿਚ ਖਾਣ ਪੱਟਣ ਨੂੰ ਲੈ ਕੇ ਸ਼ੁਰੂ ਤੋਂ ਹੀ ਗੁੱਸੇ 'ਚ ਹਨ। ਇੱਥੇ ਚਾਰ ਪਰਬਤ ਮਾਲਾਵਾਂ ਹਨ। ਇਨ੍ਹਾਂ ਪਹਾੜਾਂ ਨੂੰ ਇਤਿਹਾਸਕ ਅਤੇ ਸੱਭਿਆਚਾਰਕ ਰੂਪ ਵਿਚ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਹ ਖੇਤਰ ਆਦਿਵਾਸੀਆਂ ਅਤੇ ਹੋਰ ਸਮੂਹਾਂ ਦਾ ਪੂਜਾ ਸਥਾਨ ਵੀ ਹੈ। ਇੱਥੇ ਹਰ ਸਾਲ ਜਨਵਰੀ ਵਿਚ ਵੱਡੇ ਪੱਧਰ 'ਤੇ ਆਦਿਵਾਸੀ ਇਕੱਠੇ ਹੋ ਕੇ ਆਪਣੇ ਰਵਾਇਤੀ ਧਾਰਮਿਕ ਰਸਮਾਂ-ਰਿਵਾਜ ਕਰਦੇ ਹਨ।

ਇਸ ਇਲਾਕੇ ਵਿਚ ਜ਼ਿਆਦਾਤਰ ਮਾੜੀਆ ਸੂਚੀਦਰਜ ਕਬੀਲੇ ਦੇ ਲੋਕ ਰਹਿੰਦੇ ਹਨ, ਜਿਨ੍ਹਾਂ ਨੂੰ ਸਰਕਾਰ ਨੇ ਖ਼ਾਸ ਤੌਰ 'ਤੇ ਕਮਜ਼ੋਰ ਕਬਾਇਲੀ ਸਮੂਹ (ਪੀਵੀਟੀਜੀ) ਦੀ ਸ਼੍ਰੇਣੀ 'ਚ ਰੱਖਿਆ ਹੈ। ਲਾਲਸੂ, ਜੋ ਖ਼ੁਦ ਵੀ ਮਾੜੀਆ ਭਾਈਚਾਰੇ ਨਾਲ ਹਨ, ਨੇ ਦੱਸਿਆ, 'ਉਸ ਪਹਾੜੀ ਵਿਚ ਜੋ ਦੇਵਤਾ ਨਿਵਾਸ ਕਰਦੇ ਹਨ ਉਨ੍ਹਾਂ ਨੂੰ ਇੱਥੇ ਦੇ ਮਾੜੀਆ ਆਦਿਵਾਸੀ 'ਓਗਦਾਲ ਪੇਨ' ਕਹਿੰਦੇ ਹਨ। ਪਰ ਹੁਣ ਬਾਹਰਲੇ ਲੋਕਾਂ ਨੇ ਉਸ ਦਾ ਨਾਂ 'ਠਾਕੁਰ ਦੇਵ' ਰੱਖ ਦਿੱਤਾ ਹੈ।'

ਸੂਰਜਾਗੜ੍ਹ ਪਹਾੜੀ ਦੇ ਆਲੇ-ਦੁਆਲੇ ਕੁੱਲ 75 ਪਿੰਡ ਹਨ, ਜਿਸ ਨੂੰ ਸੂਰਜਾਗੜ੍ਹ ਪੱਟੀ ਕਿਹਾ ਜਾਂਦਾ ਹੈ। ਇਸ ਪਹਾੜੀ ਦਾ ਅਸਲੀ ਆਦਿਵਾਸੀ ਨਾਮ 'ਓਗਦਾਲਗੜ੍ਹ' ਸੀ। ਜਿਵੇਂ ਹੋਰ ਇਲਾਕਿਆਂ ਵਿਚ ਆਦਿਵਾਸੀਆਂ ਦੇ ਚਿੰਨ੍ਹਾਂ, ਥਾਵਾਂ, ਦਰਿਆਵਾਂ ਆਦਿ ਦੇ ਨਾਂ ਬਦਲੇ ਜਾ ਰਹੇ ਹਨ, ਉਸੇ ਤਰ੍ਹਾਂ ਇਸ ਦਾ ਨਾਂ ਵੀ ਬਦਲ ਦਿੱਤਾ ਗਿਆ ਹੈ।

ਵਿਨੋਦ ਮੰਡਾਵੀ ਇਹ ਸਵਾਲ ਵੀ ਪੁੱਛਦੇ ਹਨ, 'ਜਦੋਂ ਮੁਲਕ ਦੇ ਹੋਰ ਧਾਰਮਿਕ ਸਥਾਨਾਂ 'ਤੇ ਪੂਜਾ ਸਥਾਨ ਐਕਟ ਲਾਗੂ ਹੁੰਦਾ ਹੈ ਤਾਂ ਆਦਿਵਾਸੀਆਂ ਦੇ ਪੂਜਾ ਸਥਾਨਾਂ 'ਤੇ ਇਹ ਕਿਉਂ ਨਹੀਂ ਲਾਗੂ ਹੁੰਦਾ? ਮੁਲਕ ਦੇ ਹੋਰ ਹਿੱਸਿਆਂ ਵਿਚ ਵੀ ਕਈ ਥਾਵਾਂ 'ਤੇ ਦੇਖਿਆ ਗਿਆ ਹੈ ਕਿ ਆਦਿਵਾਸੀਆਂ ਦੇ ਪੂਜਾ ਸਥਾਨਾਂ 'ਤੇ ਧੜਾਧੜ ਮਾਈਨਿੰਗ ਦਾ ਕੰਮ



*ਸੂਰਜਾਗੜ੍ਹ ਪਹਿਲਾਂ ਅਤੇ ਹੁਣ।*

ਕੀਤਾ ਜਾ ਰਿਹਾ ਹੈ।'

ਸਾਲ 2019 ਵਿਚ ਛੱਤੀਸਗੜ੍ਹ ਦੇ ਦੰਤੇਵਾੜਾ ਜ਼ਿਲ੍ਹੇ ਦੇ ਬੈਲਾਡਿਲਾ ਖੇਤਰ ਵਿਚ ਨੰਦਰਾਜ਼ ਪਹਾੜ ਵਿਚ ਖਣਨ ਕਰਨ ਦਾ ਆਦਿਵਾਸੀਆਂ ਨੇ ਵੱਡੇ ਪੱਧਰ 'ਤੇ ਵਿਰੋਧ ਕੀਤਾ ਸੀ। ਆਦਿਵਾਸੀਆਂ ਦੀ ਧਾਰਨਾ ਹੈ ਕਿ ਇਸ ਪਹਾੜ ਵਿਚ ਉਨ੍ਹਾਂ ਦੇ ਇਸ਼ਟ ਦੇਵਤਾ ਬਿਰਾਜਮਾਨ ਹਨ। ਓੜੀਸਾ ਦੇ ਕੋਰਾਪੁਟ ਜ਼ਿਲ੍ਹੇ ਵਿਚ ਸਿਜੀਮਾਲੀ ਪਹਾੜ ਵਿਚ ਵੀ ਆਦਿਵਾਸੀ ਆਪਣੇ ਪੂਜਾ ਸਥਾਨ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਨਿਆਮਗਿਰੀ ਪਹਾੜ ਦੀ ਵੀ ਇਹੀ ਕਹਾਣੀ ਹੈ।

### ਅੰਗਰੇਜ਼ਾਂ ਦੇ ਖ਼ਿਲਾਫ਼ ਬਗ਼ਾਵਤ ਦਾ ਇਤਿਹਾਸ

ਦੱਸਿਆ ਜਾਂਦਾ ਹੈ ਕਿ ਸੂਰਜਾਗੜ੍ਹ ਅੰਗਰੇਜ਼ਾਂ ਦੇ ਖ਼ਿਲਾਫ਼ ਬਗ਼ਾਵਤ ਕਰਨ ਵਾਲੇ ਅਹੇਰੀ ਦੇ ਆਦਿਵਾਸੀ ਜ਼ਮੀਂਦਾਰ ਬਾਬੂਰਾਓ ਸ਼ੇਡਮਾਕੇ ਦਾ ਸ਼ਰਨ ਸਥਾਨ ਵੀ ਸੀ। ਇਸ ਪਹਾੜ 'ਤੇ ਸੂਰਜਾਗੜ੍ਹ ਕਿਲ੍ਹਾ ਹੈ। ਮੰਨਿਆ ਜਾਂਦਾ ਹੈ ਕਿ ਇਸ ਨੂੰ ਬਾਬੂਰਾਓ ਸ਼ੇਡਮਾਕੇ ਨੇ ਬਣਵਾਇਆ ਸੀ। 1857 ਵਿਚ ਅੰਗਰੇਜ਼ਾਂ ਦੇ ਖਿਲਾਫ਼ ਆਦਿਵਾਸੀਆਂ ਦੀ ਬਗ਼ਾਵਤ ਦੀ ਅਗਵਾਈ ਬਾਬੂਰਾਓ ਸ਼ੇਡਮਾਕੇ ਨੇ ਕੀਤੀ ਸੀ। ਉਸ ਨੇ ਆਪਣੀ ਫ਼ੌਜ ਨੂੰ ਅੰਗਰੇਜ਼ ਫ਼ੌਜ ਤੋਂ ਸੁਰੱਖਿਅਤ ਰੱਖਣ ਅਤੇ ਛੁਪਾਉਣ ਲਈ ਕਿਲ੍ਹੇ ਦਾ



ਇਸਤੇਮਾਲ ਕੀਤਾ ਸੀ।

ਲਾਲਸੂ ਦੱਸਦੇ ਹਨ ਕਿ ਸੂਰਜਾਗੜ੍ਹ ਪਹਾੜਾਂ ਵਿਚ ਅੱਜ ਵੀ ਅੰਗਰੇਜ਼ਾਂ ਨਾਲ ਹੋਏ ਸੰਘਰਸ਼ ਦੀਆਂ ਕਈ ਨਿਸ਼ਾਨੀਆਂ ਹਨ - ਤਲਵਾਰ, ਭਾਲੇ, ਖੰਜਰ, ਢਾਲ। ਆਦਿਵਾਸੀ ਉਨ੍ਹਾਂ ਦੀ ਵੀ ਪੂਜਾ ਕਰਦੇ ਹਨ।

### ਆਦਿਵਾਸੀ ਕੁੜੀਆਂ ਅਤੇ ਔਰਤਾਂ ਦਾ ਜਿਨਸੀ ਸ਼ੋਸ਼ਣ

ਸਥਾਨਕ ਲੋਕ ਦੱਸਦੇ ਹਨ ਕਿ ਖਾਣ ਸ਼ੁਰੂ ਹੋਣ ਤੋਂ ਬਾਅਦ ਇਸ ਇਲਾਕੇ ਦੀਆਂ ਆਦਿਵਾਸੀ ਕੁੜੀਆਂ ਦੇ ਜਿਨਸੀ ਸ਼ੋਸ਼ਣ ਦੀਆਂ ਵਾਰਦਾਤਾਂ ਵਧ ਰਹੀਆਂ ਹਨ। ਖਾਣਾਂ ਵਿਚ ਕੰਮ ਕਰਨ ਲਈ ਵੱਡੀ ਗਿਣਤੀ ਵਿਚ ਬਾਹਰੋਂ ਲੋਕ ਆਉਂਦੇ ਹਨ। ਇੱਥੇ ਦੀਆਂ ਔਰਤਾਂ ਉਨ੍ਹਾਂ ਦੇ ਘਰਾਂ ਵਿਚ ਭਾਂਡੇ ਮਾਂਜਣ, ਝਾੜੂ-ਪੋਚਾ ਲਾਉਣ ਵਰਗੇ ਕੰਮ ਕਰਨ ਜਾਂਦੀਆਂ ਹਨ, ਅਤੇ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕੀਤਾ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਬਾਂਡੇ ਪਿੰਡ ਦੀ ਇਕ 8-9ਵੀਂ ਜਮਾਤ ਵਿਚ ਪੜ੍ਹਦੀ ਆਦਿਵਾਸੀ ਕੁੜੀ ਨੂੰ ਹੇਡਰੀ ਪਿੰਡ ਵਿਚ ਇੱਕ ਜੋੜੇ ਨੇ ਆਪਣੇ ਬੱਚੇ ਦੀ ਦੇਖਭਾਲ ਕਰਨ ਲਈ ਰੱਖਿਆ ਸੀ। ਉਸ ਕੁੜੀ ਦਾ ਕੰਪਨੀ ਦੇ ਕਿਸੇ ਵਿਅਕਤੀ ਨੇ ਜਿਨਸੀ ਸ਼ੋਸ਼ਣ ਕੀਤਾ, ਉਹ ਗਰਭਵਤੀ ਹੋ ਗਈ। ਬਾਅਦ ਵਿਚ ਉਸ ਕੁੜੀ ਦੇ ਪਰਿਵਾਰ ਨੂੰ ਕੁਝ ਪੈਸੇ ਦੇ ਕੇ ਮਾਮਲਾ ਰਫ਼ਾ-ਦਫ਼ਾ ਕਰਵਾ ਦਿੱਤਾ ਗਿਆ। ਕੁੜੀ ਦਾ ਗਰਭਪਾਤ ਕਰਵਾ ਦਿੱਤਾ ਗਿਆ।

ਉਸਨੇ ਇਹ ਵੀ ਦੱਸਿਆ ਕਿ ਹੌਲੀ-ਹੌਲੀ ਇਲਾਕੇ ਵਿਚ ਦੇਹ-ਵਪਾਰ ਵੀ ਪਨਪਣ ਲੱਗਾ ਹੈ। ਆਦਿਵਾਸੀ ਔਰਤਾਂ ਨੂੰ ਦੇਹ-ਵਪਾਰ ਵੱਲ ਧੱਕਿਆ ਜਾ ਰਿਹਾ ਹੈ, ਜੋ ਇੱਥੋਂ ਦੇ ਸਮਾਜ ਵਿਚ ਕਦੇ ਵੀ ਨਹੀਂ ਰਿਹਾ।

ਖਾਣ ਤੋਂ ਰੋਜ਼ਗਾਰ ਦੇ ਦਾਅਵੇ ਕਿੰਨੇ ਸੱਚ?

ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਸੂਰਜਾਗੜ੍ਹ ਖਾਣ ਰਾਹੀਂ ਇਲਾਕੇ ਵਿਚ ਸਥਾਨਕ ਲੋਕਾਂ ਨੂੰ ਰੋਜ਼ਗਾਰ ਦੇਣ ਦੇ ਦਾਅਵੇ ਵੀ ਝੂਠੇ ਸਾਬਤ ਹੋ ਰਹੇ ਹਨ। ਮੋਹਗਾਓਂ ਦੇ ਗ੍ਰਾਮ ਸਭਾ ਦੇ ਪ੍ਰਧਾਨ ਦੇਵਸਾਏ ਆਤਲਾ ਕਹਿੰਦੇ ਹਨ, 'ਅਸੀਂ ਆਦਿਵਾਸੀ ਜੰਗਲ-ਪਹਾੜਾਂ ਨਾਲ ਜੁੜੇ ਹੋਏ ਲੋਕ ਹਾਂ। ਰੋਜ਼ਗਾਰ ਦੇਣ ਦੇ ਬਹਾਨੇ ਸਾਡੇ ਜੰਗਲਾਂ ਨੂੰ ਉਜਾੜ ਕੇ ਖਾਣ ਸ਼ੁਰੂ ਕੀਤੀ ਜਾ ਰਹੀ ਹੈ। ਪਰ ਕੁਝ ਛੋਟੇ-ਮੋਟੇ ਕੰਮਾਂ ਤੋਂ ਇਲਾਵਾ ਸਥਾਨਕ ਆਦਿਵਾਸੀਆਂ ਨੂੰ ਕੋਈ ਖ਼ਾਸ ਰੋਜ਼ਗਾਰ ਨਹੀਂ ਮਿਲ ਰਿਹਾ।'

ਉਨ੍ਹਾਂ ਕਿਹਾ, 'ਲੌਇਡ ਕੰਪਨੀ ਨੇ ਕਿਹਾ ਸੀ ਕਿ ਮਾਈਨਿੰਗ ਸ਼ੁਰੂ ਹੋਣ ਤੋਂ ਬਾਅਦ ਹਰ ਪਰਿਵਾਰ 'ਚੋਂ ਇਕ ਜੀਅ ਨੂੰ ਕੰਮ 'ਤੇ ਰੱਖਿਆ ਜਾਵੇਗਾ। ਪਰ ਜੋ ਕੰਮ ਦਿੱਤਾ ਉਹ ਸੁਰੱਖਿਆ ਗਾਰਡ ਵਰਗੀਆਂ ਛੋਟੀਆਂ-ਛੋਟੀਆਂ ਨੌਕਰੀਆਂ ਹੀ ਹਨ।'

ਲਾਲਸੂ ਨੋਗੋਟੀ ਕਹਿੰਦੇ ਹਨ, 'ਰੋਜ਼ਗਾਰ ਦੇ ਨਾਂ 'ਤੇ ਇੱਥੇ ਦੇ ਲੋਕਾਂ ਨੂੰ ਸੁਰੱਖਿਆ ਗਾਰਡ ਦੀ ਨੌਕਰੀ ਮਿਲ ਰਹੀ ਹੈ। ਉਨ੍ਹਾਂ ਨੂੰ ਸੜਕਾਂ 'ਤੇ ਪਸ਼ੂ ਜਾਂ ਪਾਲਤੂ ਜਾਨਵਰਾਂ ਨੂੰ ਭਜਾਉਣ ਦਾ ਕੰਮ ਦਿੱਤਾ ਜਾ ਰਿਹਾ ਹੈ ਤਾਂ ਕਿ ਟਰੱਕਾਂ ਵਿਚ ਮਾਲ ਦੀ ਢੋਆ-ਢੁਆਈ ਦਾ ਕੰਮ ਨਾ ਰੁਕੇ। ਕੱਚਾ ਲੋਹਾ ਲਿਜਾਣ ਵਾਲੇ ਰਸਤੇ ਵਿਚ ਪੈਂਦੇ ਹਰ ਪਿੰਡ ਵਿਚ ਤਿੰਨ-ਚਾਰ ਲੋਕ ਤਾਇਨਾਤ ਕੀਤੇ ਗਏ ਹਨ।'

ਵਿਨੋਦ ਨੇ ਕਿਹਾ, 'ਇਨ੍ਹਾਂ ਗਾਰਡਾਂ ਨੂੰ ਮਹੀਨੇ ਵਿਚ 8,000-9,000 ਰੁਪਏ ਤਨਖ਼ਾਹ ਦਿੱਤੀ ਜਾਂਦੀ ਹੈ। ਯਾਨੀ ਪ੍ਰਤੀ ਦਿਨ 200-300 ਰੁਪਏ, ਜੋ ਕਿਰਤ ਕਾਨੂੰਨਾਂ ਦੀ ਖੁੱਲ੍ਹੀ ਉਲੰਘਣਾ ਹੈ।'

ਲਾਲਸੂ ਕਹਿੰਦੇ ਹਨ, 'ਇੱਥੇ ਦੇ ਆਦਿਵਾਸੀ ਘੱਟ ਪੜ੍ਹੇ-ਲਿਖੇ ਹਨ। ਵੱਡੇ ਅਹੁਦਿਆਂ ਲਈ ਲੋਕ ਬਾਹਰੋਂ ਲਿਆਂਦੇ ਜਾਂਦੇ ਹਨ। ਇੱਥੋਂ ਦੇ ਸਥਾਨਕ ਲੋਕਾਂ ਨੂੰ ਰਸੋਈ, ਚਾਹ ਪਹੁੰਚਦੀ ਕਰਨ ਜਾਂ ਸਫ਼ਾਈ, ਟਾਇਲਟਾਂ ਸਾਫ਼ ਕਰਨ ਵਰਗੇ ਛੋਟੇ-ਮੋਟੇ ਕੰਮਾਂ ਵਿਚ ਰੱਖਿਆ ਜਾਂਦਾ ਹੈ। ਇਹ ਕਿਹੜਾ ਰੋਜ਼ਗਾਰ ਹੋਇਆ?'

ਉਨ੍ਹਾਂ ਸਵਾਲ ਕੀਤਾ, 'ਅਜਿਹੇ ਕੰਮ ਦੇ ਵੀ ਰਹੇ ਹਨ ਤਾਂ ਇਹ ਕਿੰਨੇ ਕੁ ਲੋਕਾਂ ਨੂੰ ਮਿਲ ਰਿਹਾ ਹੈ? ਜੰਗਲ ਵਿਚ ਬੱਚੇ ਤੋਂ ਲੈ ਕੇ ਬਜ਼ੁਰਗਾਂ ਤੱਕ ਸਭ ਨੂੰ ਕੋਈ ਨਾ ਕੋਈ ਰੋਜ਼ਗਾਰ ਮਿਲਦਾ ਹੈ। ਲੋਕ ਤੇਂਦੂ ਪੱਤਾ ਇਕੱਠਾ ਕਰਦੇ ਸਨ, ਬਾਂਸ ਦੀ ਕਟਾਈ ਕਰਦੇ ਸਨ, ਵਣ ਉਪਜਾਂ ਇਕੱਠੀਆਂ ਕਰਦੇ ਸਨ। ਕੋਈ ਖੇਤ ਵਾਹੁੰਦਾ ਹੈ, ਕੋਈ ਜੰਗਲ ਤੋਂ ਲੱਕੜੀਆਂ ਜਾਂ ਹੋਰ ਚੀਜ਼ਾਂ ਇਕੱਠੀਆਂ ਕਰ ਕੇ ਲਿਆਉਂਦਾ ਹੈ, ਕੋਈ ਫ਼ਸਲਾਂ ਦੀ ਰਾਖੀ ਕਰਦਾ ਹੈ, ਕੋਈ ਪਸ਼ੂ ਚਰਾਉਣ ਜਾਂਦਾ ਹੈ। ਖਾਣ ਪਰਿਵਾਰ ਵਿਚੋਂ ਕਿੰਨੇ ਲੋਕਾਂ ਨੂੰ ਕੰਮ ਦੇਵੇਗੀ? ਜੇ ਇੱਕ ਵਿਅਕਤੀ ਨੂੰ ਕੋਈ ਛੋਟਾ-ਮੋਟਾ ਕੰਮ ਦੇ ਵੀ ਦੇਵੇਗੀ, ਬਾਕੀ ਲੋਕ ਕੀ ਕਰਨਗੇ ਅਤੇ ਕੀ ਖਾਣਗੇ?'

ਲਾਲਸੂ ਨੇ ਦੱਸਿਆ ਕਿ ਕੰਪਨੀ ਦਾਅਵਾ ਕਰ ਰਹੀ ਹੈ ਕਿ ਆਦਿਵਾਸੀ ਬੱਚਿਆਂ ਨੂੰ ਖਾਣ ਵਿਚ ਰੋਜ਼ਗਾਰ ਦੇਣ ਲਈ ਪੜ੍ਹਾਈ ਲਈ ਵਿਦੇਸ਼ਾਂ ਵਿਚ ਭੇਜਿਆ ਜਾਵੇਗਾ। ਕੰਪਨੀ 12ਵੀਂ ਪਾਸ ਕਰਨ ਤੋਂ ਬਾਅਦ ਪੋਸਟ ਗ੍ਰੈਜੂਏਸ਼ਨ ਲਈ ਆਸਟ੍ਰੇਲੀਆ ਭੇਜਣ ਦਾ ਪ੍ਰਚਾਰ ਕਰ ਰਹੀ ਹੈ। ਪਰ ਸ਼ਰਤ ਇਹ ਹੈ ਕਿ ਬੱਚਿਆਂ ਨੂੰ ਵਧੀਆ ਅੰਗਰੇਜ਼ੀ ਆਉਣੀ ਚਾਹੀਦੀ ਹੈ। ਇੱਥੇ ਆਦਿਵਾਸੀ ਬੱਚੇ ਜੋ ਸਰਕਾਰੀ ਸਕੂਲਾਂ 'ਤੇ ਨਿਰਭਰ ਹਨ, ਜਿਨ੍ਹਾਂ ਨੂੰ ਮਰਾਠੀ ਸਿੱਖਣ ਵਿਚ ਵੀ ਮੁਸ਼ਕਲ ਹੁੰਦੀ ਹੈ (ਕਿਉਂਕਿ ਸਕੂਲੀ ਪੜ੍ਹਾਈ ਉਨ੍ਹਾਂ ਦੀ ਮਾਂ ਬੋਲੀ ਗੋਂਡੀ ਵਿਚ ਨਹੀਂ, ਬਲਕਿ ਮਰਾਠੀ ਮਾਧਿਅਮ ਵਿਚ ਹੁੰਦੀ ਹੈ), ਉਹ ਅੰਗਰੇਜ਼ੀ ਕਿੱਥੋਂ ਸਿੱਖਣਗੇ?

ਲਾਲਸੂ ਨੇ ਦੱਸਿਆ ਕਿ ਉਨ੍ਹਾਂ ਦੇ ਰਿਸ਼ਤੇਦਾਰ ਦੀ ਇਕ ਧੀ ਨੇ ਆਸਟ੍ਰੇਲੀਆ ਜਾਣ ਲਈ ਅਰਜ਼ੀ ਦਿੱਤੀ ਸੀ। ਜਦੋਂ ਉਸ ਦਾ ਟੈਸਟ ਹੋਇਆ, ਉਹ ਅੰਗਰੇਜ਼ੀ ਵਿਚ ਫੇਲ੍ਹ ਹੋ ਗਈ।

ਵਿਨੋਦ ਮੰਡਾਵੀ ਦੱਸਦੇ ਹਨ ਕਿ ਲੌਇਡ ਕੰਪਨੀ ਨੇ ਇਲਾਕੇ ਦੇ ਲੋਕਾਂ ਨੂੰ ਕਿਹਾ ਸੀ ਕਿ ਜੇ ਉਹ ਟਰੱਕ ਖ਼ਰੀਦ ਲੈਂਦੇ ਹਨ ਤਾਂ ਟਰਾਂਸਪੋਰਟ ਦਾ ਕੰਮ ਦਿੱਤਾ ਜਾਵੇਗਾ। ਪਰ ਟਰੱਕ ਖ਼ਰੀਦਣ ਲਈ ਆਦਿਵਾਸੀਆਂ ਕੋਲ ਪੈਸਾ ਕਿੱਥੋਂ ਆਵੇਗਾ?

ਉਨ੍ਹਾਂ ਕਿਹਾ, 'ਇਲਾਕੇ ਦੇ ਕੁਝ ਲੋਕਾਂ ਨੇ ਆਪਣੀਆਂ ਜ਼ਮੀਨਾਂ, ਸੋਨਾ-ਚਾਂਦੀ, ਸਭ ਵੇਚ ਕੇ ਟਰੱਕ ਖ਼ਰੀਦੇ। ਪਰ ਉਨ੍ਹਾਂ ਦੀ ਵੀ ਹਾਲਤ ਬਹੁਤ ਖਰਾਬ ਹੈ। ਮਾਲ (ਕੱਚਾ ਲੋਹਾ) ਭਰਵਾਉਣ ਲਈ ਲੰਮੀਆਂ ਲਾਈਨਾਂ ਲੱਗੀਆਂ ਰਹਿੰਦੀਆਂ ਹਨ, ਉਨ੍ਹਾਂ ਨੂੰ ਟਰੱਕ ਦੀ ਮਹੀਨਾਵਾਰ ਕਿਸ਼ਤ ਭਰਨੀ ਵੀ ਮੁਸ਼ਕਲ ਹੋ ਰਹੀ ਹੈ।'

ਦ ਵਾਇਰ ਹਿੰਦੀ ਨੇ ਇਸ ਸਾਰੇ ਮਸਲੇ 'ਤੇ, ਜ਼ਮੀਨ ਐਕੁਆਇਰ ਕਰਨ, ਰੋਜ਼ਗਾਰ ਤੋਂ ਲੈ ਕੇ ਆਦਿਵਾਸੀਆਂ ਦੇ ਸਰੋਕਾਰਾਂ ਉੱਪਰ ਲੌਇਡ ਕੰਪਨੀ ਦੇ ਅਧਿਕਾਰੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੂੰ ਵਿਸਥਾਰ 'ਚ ਸਵਾਲ ਵੀ ਈਮੇਲ ਕੀਤੇ ਪਰ ਅਜੇ ਤੱਕ ਕੋਈ ਜਵਾਬ ਨਹੀਂ ਆਇਆ ਹੈ। ***(ਸਮਾਪਤ)***

# ਗਾਜ਼ਾ ਵਿਚ ਪੱਤਰਕਾਰਾਂ ਦੇ ਕਤਲ ਅਤੇ ਇਜ਼ਰਾਈਲ ਦੇ ਲਹੂ ਲਿੱਬੜੇ ਹੱਥ

**ਬੂਟਾ ਸਿੰਘ ਮਹਿਮੂਦਪੁਰ**

ਗਾਜ਼ਾ ਵਿਚ ਫ਼ਲਸਤੀਨੀ ਲੋਕਾਂ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਕਰੂਰ ਤੋਂ ਕਰੂਰ ਨਸਲਕੁਸ਼ੀ ਅੱਜ ਦੁਨੀਆ ਦਾ ਸਭ ਤੋਂ ਵੱਧ ਦਿਲ ਦਹਿਲਾ ਦੇਣ ਵਾਲਾ ਮੰਜ਼ਰ ਹੈ, ਜਿਸਨੂੰ ਇਜ਼ਰਾਇਲੀ ਸਟੇਟ ਵੱਲੋਂ ਵਿਆਪਕ ਪੈਮਾਨੇ ’ਤੇ ਕਤਲੇਆਮ, ਤਬਾਹੀ ਅਤੇ ਭੁੱਖਮਰੀ ਨੂੰ ਹਥਿਆਰ ਬਣਾ ਕੇ ਅੰਜਾਮ ਦਿੱਤਾ ਜਾ ਰਿਹਾ ਹੈ। ਪੱਤਰਕਾਰਾਂ ਦੇ ਗਿਣ-ਮਿੱਥ ਕੇ ਕਤਲ ਇਸੇ ਸਿਲਸਿਲੇਵਾਰ ਨਸਲਕੁਸ਼ੀ ਦਾ ਹਿੱਸਾ ਹਨ। ਪਿਛਲੇ ਦਿਨੀਂ ਜਦੋਂ ਅਲ-ਜਜ਼ੀਰਾ ਦੇ ਪੱਤਰਕਾਰ ਅਨਸ ਅਲ-ਸ਼ਰੀਫ਼ ਅਤੇ ਉਨ੍ਹਾਂ ਦੇ ਨਾਲ ਚਾਰ ਹੋਰ ਪੱਤਰਕਾਰ ਅਲ-ਸ਼ਿਫ਼ਾ ਹਸਪਤਾਲ ਦੇ ਨੇੜੇ ਮੀਡੀਆ ਟੈਂਟ ਵਿਚ ਬੈਠੇ ਹੋਏ ਸਨ ਤਾਂ ਆਈ.ਡੀ.ਐਫ. (ਇਜ਼ਰਾਇਲੀ ਡਿਫੈਂਸ ਫੋਰਸਿਜ਼) ਵੱਲੋਂ ਉਨ੍ਹਾਂ ਨੂੰ ਨਿਸ਼ਾਨਾ ਬਣਾ ਕੇ ਬੇਕਿਰਕੀ ਨਾਲ ਕਤਲ ਕਰ ਦਿੱਤਾ ਗਿਆ। ਇਸ ਕੌਮਾਂਤਰੀ ਜੁਰਮ ਨੂੰ ਜਾਇਜ਼ ਠਹਿਰਾਉਣ ਲਈ ਇਜ਼ਰਾਇਲੀ ਫ਼ੌਜ ਨੇ ਦਾਅਵਾ ਕੀਤਾ ਕਿ ਪੱਤਰਕਾਰ ਅਲ ਸ਼ਰੀਫ਼ ‘ਹਮਾਸ ਦੇ ਦਹਿਸ਼ਤਗਰਦ ਸੈੱਲ ਦਾ ਮੁਖੀ ਸੀ ਅਤੇ ਇਜ਼ਰਾਇਲੀ ਨਾਗਰਿਕਾਂ ਤੇ ਆਈ.ਡੀ.ਐਫ. ਤਾਕਤਾਂ ਵਿਰੁੱਧ ਰਾਕਟ ਹਮਲਿਆਂ ਲਈ ਜ਼ਿੰਮੇਵਾਰ ਸੀ।’

ਇਜ਼ਰਾਈਲ ਦਾ ਕੂੜ-ਪ੍ਰਚਾਰ ਨਵੀਂ ਗੱਲ ਨਹੀਂ ਹੈ। ਪਿਛਲੇ ਮਹੀਨੇ ਇਜ਼ਰਾਇਲੀ ਫ਼ੌਜ ਦੇ ਬੁਲਾਰੇ ਨੇ ਪਲੈਟਫਾਰਮ ਐਕਸ (ਟਵਿੱਟਰ) ਉੱਪਰ ਅਨਾਸ ਦੀ ਵੀਡੀਓ ਸ਼ੇਅਰ ਕਰਕੇ ਉਸ ਉੱਪਰ ਹਮਾਸ ਦੇ ਫ਼ੌਜੀ ਵਿੰਗ ਦਾ ਮੈਂਬਰ ਹੋਣ ਦਾ ਦੋਸ਼ ਲਾਇਆ ਸੀ। ਪ੍ਰਗਟਾਵੇ ਦੀ ਆਜ਼ਾਦੀ ਬਾਰੇ ਸੰਯੁਕਤ ਰਾਸ਼ਟਰ ਦੀ ਵਿਸ਼ੇਸ਼ ਅਧਿਕਾਰੀ ਇਰੀਨੇ ਖ਼ਾਨ ਨੇ ਉਦੋਂ ਹੀ ਇਸ ਨੂੰ ‘ਅਪੁਸ਼ਟ ਦਾਅਵਾ’ ਕਰਾਰ ਦੇ ਕੇ ਰੱਦ ਕੀਤਾ ਸੀ ਅਤੇ ਇਸ ਦੋਸ਼ ਨੂੰ ‘ਪੱਤਰਕਾਰਾਂ ਉੱਪਰ ਸ਼ਰ੍ਹੇਆਮ ਹਮਲਾ’ ਕਿਹਾ ਸੀ। ਹੁਣ ਵੀ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਸਮੂਹਾਂ ਨੇ ਇਜ਼ਰਾਈਲ ਦੇ ਇਸ ਦਾਅਵੇ ਨੂੰ ਰੱਦ ਕਰਦੇ ਹੋਏ ਕਿਹਾ ਕਿ ਅਨਾਸ ਨੂੰ ਇਸ ਕਰਕੇ ਮਾਰਿਆ ਗਿਆ, ਕਿਉਂਕਿ ਉਹ ਨਿਧੜਕ ਹੋ ਕੇ ਗਾਜ਼ਾ ਬਾਰੇ ਰਿਪੋਰਟਿੰਗ ਕਰ ਰਿਹਾ ਸੀ। ਅਲ-ਜਜ਼ੀਰਾ ਨੇ ਕਿਹਾ ਕਿ ਉਹ ‘ਗਾਜ਼ਾ ਦੇ ਸਭ ਤੋਂ ਦਲੇਰ ਪੱਤਰਕਾਰਾਂ ਵਿੱਚੋਂ ਸੀ’ ਅਤੇ ਪੱਤਰਕਾਰਾਂ ਉੱਪਰ ਹਮਲਾ ਇਜ਼ਰਾਇਲੀ ਫ਼ੌਜ ਦੀ ‘ਗਾਜ਼ਾ ਉੱਪਰ ਕਬਜ਼ੇ ਤੋਂ ਪਹਿਲਾਂ ਆਵਾਜ਼ਾਂ ਨੂੰ ਖ਼ਾਮੋਸ਼ ਕਰਨ ਦੀ ਬੇਤਹਾਸ਼ਾ ਕੋਸ਼ਿਸ਼’ ਹੈ।

ਗਾਜ਼ਾ ਵਿਰੁੱਧ ਇਹ ਜੰਗ ਪੱਤਰਕਾਰਾਂ ਅਤੇ ਮੀਡੀਆ ਕਾਮਿਆਂ ਲਈ ਤਾਂ ਹੋਰ ਵੀ ਜ਼ਿਆਦਾ ਘਾਤਕ ਬਣ ਚੁੱਕੀ ਹੈ, ਕਿਉਂਕਿ ਇਜ਼ਰਾਇਲੀ ਹਕੂਮਤ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਦੁਨੀਆ ਨੂੰ ਦੱਸਣ ਵਾਲਾ ਕੋਈ ਗਵਾਹ ਨਾ ਰਹੇ ਕਿ ਉੱਥੇ ਨਸਲਕੁਸ਼ੀ ਨੂੰ ਅੰਜਾਮ ਦੇਣ ਲਈ ਕੀ-ਕੀ ਕੀਤਾ ਜਾ ਰਿਹਾ ਹੈ। ਕੌਮਾਂਤਰੀ ਮੀਡੀਆ ਨੂੰ ਗਾਜ਼ਾ ਵਿਚ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਸਿਰਫ਼ ਕੁਝ ਕੁ ਪੱਤਰਕਾਰਾਂ ਨੂੰ ਅਤਿਅੰਤ ਬੰਦਸ਼ਾਂ ਵਾਲੀ ਇਜਾਜ਼ਤ ਦੇ ਕੇ ਚੁਣਵੇਂ ਲੋਕਾਂ ਨੂੰ ਮਿਲਾ ਦਿੱਤਾ ਜਾਂਦਾ ਹੈ। ਸਥਾਨਕ ਪੱਤਰਕਾਰਾਂ ਨੂੰ ਚੁਣ-ਚੁਣ ਕੇ ਮਾਰਿਆ ਜਾ ਰਿਹਾ ਹੈ। ਇਸੇ ਕਰਕੇ 2024 ਵਿਚ ਸਭ ਤੋਂ ਵੱਧ ਪੱਤਰਕਾਰ ਮਾਰੇ ਗਏ। ਗਾਜ਼ਾ ਦੀ ਰਿਪੋਰਟਿੰਗ ਕਾਰਨ ਅਲ-ਜਜ਼ੀਰਾ ਲਈ ਕੰਮ ਕਰ ਰਹੇ ਪੱਤਰਕਾਰ ਇਜ਼ਰਾਇਲੀ ਫ਼ੌਜ ਦੇ ਖ਼ਾਸ ਨਿਸ਼ਾਨੇ ’ਤੇ ਹਨ।

ਗਾਜ਼ਾ ਸਰਕਾਰ ਦੇ ਮੀਡੀਆ ਆਫ਼ਿਸ ਅਨੁਸਾਰ 7 ਅਕਤੂਬਰ 2023 ਤੋਂ ਲੈ ਕੇ ਇਜ਼ਰਾਈਲ ਵੱਲੋਂ 237 ਪੱਤਰਕਾਰਾਂ ਦੀ ਹੱਤਿਆ ਕੀਤੀ ਗਈ ਹੈ। ਸੀ.ਪੀ.ਜੇ. (ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ) ਨੇ ਵੀ ਪੁਸ਼ਟੀ ਕੀਤੀ ਹੈ ਕਿ ਗਾਜ਼ਾ ਸੰਘਰਸ਼ ਵਿਚ ਘੱਟੋ-ਘੱਟ 186 ਪੱਤਰਕਾਰ ਮਾਰੇ ਗਏ ਹਨ। ਇਜ਼ਰਾਈਲ ਆਪਣੀ ਖ਼ਸਲਤ ਅਨੁਸਾਰ ਪੱਤਰਕਾਰਾਂ ਨੂੰ ਜਾਣ-ਬੁੱਝ ਕੇ ਨਿਸ਼ਾਨਾ ਬਣਾਉਣ ਤੋਂ ਮੁੱਕਰ ਰਿਹਾ ਹੈ। ਜਦਕਿ ਇਹ ਸਪਸ਼ਟ ਹੈ ਕਿ ਅਲ-ਜਜ਼ੀਰਾ ਦੇ ਕਈ ਪੱਤਰਕਾਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਇਸ ਲਈ ਮਾਰਿਆ ਗਿਆ ਤਾਂ ਜੋ ਬਾਕੀ ਪੱਤਰਕਾਰ ਦਹਿਸ਼ਤਜ਼ਦਾ ਹੋ ਕੇ ਰਿਪੋਰਟਿੰਗ ਕਰਨੀ ਬੰਦ ਕਰ ਦੇਣ। ਸੀ.ਪੀ.ਜੇ. ਦੀ ਖੇਤਰੀ ਨਿਰਦੇਸ਼ਕ ਸਾਰਾ ਕੁਦਾਹ ਨੇ ਕਿਹਾ, ‘ਇਜ਼ਰਾਈਲ ਦਾ ਪੱਤਰਕਾਰਾਂ ਨੂੰ ਭਰੋਸੇਯੋਗ ਸਬੂਤ ਪੇਸ਼ ਕੀਤੇ ਬਿਨਾਂ ‘ਖਾੜਕੂ’ ਕਰਾਰ ਦੇਣ ਦਾ ਪੈਟਰਨ ਪ੍ਰੈੱਸ ਦੀ ਆਜ਼ਾਦੀ ਦੇ ਸਨਮਾਨ ਅਤੇ ਉਸਦੇ ਇਰਾਦਿਆਂ ਉੱਪਰ ਗੰਭੀਰ ਸਵਾਲ ਖੜ੍ਹੇ ਕਰਦਾ ਹੈ।’ ਪੱਤਰਕਾਰਾਂ ਦੇ ਪਹਿਲੇ ਕਤਲ ਵੀ ਇਸ ਦੀ ਪੁਸ਼ਟੀ ਕਰਦੇ ਹਨ। ਜਿਵੇਂ ਅਕਤੂਬਰ 2023 ’ਚ ਅਲ-ਜਜ਼ੀਰਾ ਦੇ ਪੱਤਰਕਾਰ ਵਾਇਲ ਅਲ ਦਾਹਦੋਹ ਦੀ ਪਤਨੀ, ਪੁੱਤਰ, ਧੀ ਅਤੇ ਪੋਤਰੇ ਦੀ ਹੱਤਿਆ। ਕੁਝ ਹਫ਼ਤੇ ਬਾਅਦ ਦੁਬਾਰਾ ਹਮਲੇ ’ਚ ਉਹ ਆਪ ਜ਼ਖ਼ਮੀ ਹੋ ਗਿਆ ਅਤੇ ਕੈਮਰਾਮੈਨ ਮਾਰਿਆ ਗਿਆ।

ਅਲ ਸ਼ਾਰਿਫ਼ ਨੂੰ ਪਤਾ ਸੀ ਕਿ ਪੱਤਰਕਾਰੀ ਦਾ ਫ਼ਰਜ਼ ਨਿਭਾਉਣ ਕਾਰਨ ਉਸ ਨੂੰ ਆਪਣੀ ਜਾਨ ਗਵਾਉਣੀ ਪੈ ਸਕਦੀ ਹੈ। ਜੁਲਾਈ ’ਚ ਉਸਨੇ ਸੀ.ਪੀ.ਜੇ. ਨੂੰ ਦੱਸਿਆ ਸੀ ਕਿ ਉਹ ‘ਇਸ ਡਰ ਨਾਲ ਜੀ ਰਿਹਾ ਹੈ ਕਿ ਕਿਸੇ ਵੀ ਪਲ ਬੰਬਾਰੀ ’ਚ ਮੇਰੀ ਸ਼ਹਾਦਤ ਹੋ ਸਕਦੀ ਹੈ।’ ਪਰ ਉਸਨੇ ਰਿਪੋਰਟਿੰਗ ਕਰਨੀ ਬੰਦ ਨਹੀਂ ਕੀਤੀ, ਸਗੋਂ ਹੋਰ ਵੀ ਵਧੇਰੇ ਸੰਜੀਦਗੀ ਨਾਲ ਰਿਪੋਰਟਿੰਗ ਕਰਦਾ ਰਿਹਾ।

ਗਾਜ਼ਾ ਵਿਚ ਕਤਲੇਆਮ ਨੂੰ ਦੇਖ ਕੇ ਦੁਨੀਆ ਦੇ ਲੋਕਾਂ ਨੂੰ ਲੱਗਦਾ ਹੋਵੇਗਾ ਕਿ ਹਾਲਾਤ ਇਸ ਤੋਂ ਭਿਆਨਕ ਅਤੇ ਮਾੜੇ ਨਹੀਂ ਹੋ ਸਕਦੇ, ਪਰ ਬੈਂਜਾਮਿਨ ਨੇਤਨਯਾਹੂ ਦੇ ਦਹਿਸ਼ਤਗਰਦ ਫ਼ੌਜੀ ਗਰੋਹਾਂ ਨੇ ਇੱਕੋ ਹਮਲੇ ’ਚ ਪੰਜ ਪੱਤਰਕਾਰਾਂ ਨੂੰ ਮਾਰ ਕੇ ਇਹ ਦੱਸ ਦਿੱਤਾ ਕਿ ਇਹ ਇਜ਼ਰਾਇਲੀ ਦੀ ਕਰੂਰਤਾ ਦੀ ਇੰਤਹਾ ਨਹੀਂ ਹੈ। ਉਹ ਤਾਂ ਕਰੂਰਤਾ ਨੂੰ ਅਜਿਹਾ ਰੂਪ ਦੇਣ ਦੇ ਸਮਰੱਥ ਹਨ, ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਗਾਜ਼ਾ ਉੱਪਰ ਮੁਕੰਮਲ ਕਬਜ਼ੇ ਨੂੰ ਅੰਜਾਮ ਦੇਣ ਲਈ ਇਜ਼ਰਾਈਲੀ ਜੰਗੀ ਮਸ਼ੀਨ ਨੂੰ ਜੰਗ ਦੇ ਅੰਤਰਰਾਸ਼ਟਰੀ ਨਿਯਮਾਂ ਦੀ ਉਲੰਘਣਾ ਕਰਕੇ ਪੱਤਰਕਾਰਾਂ ਨੂੰ ਗਿਣ-ਮਿੱਥ ਕੇ ਕਤਲ ਕਰਨ ’ਚ ਵੀ ਕੋਈ ਹਿਚਕ ਨਹੀਂ ਹੈ। ਗਾਜ਼ਾ ’ਚ ਪੱਤਰਕਾਰ ਹੁਣ ਸਿਰਫ਼ ਨਾਗਰਿਕਾਂ ਦੇ ਕਤਲੇਆਮ ਦੀ ਰਿਪੋਰਟ ਨਹੀਂ ਕਰ ਰਹੇ, ਸਗੋਂ ਖ਼ੁਦ ਵੀ ਸਿੱਧੇ ਰੂਪ ’ਚ ਕਤਲੇਆਮ ਦਾ ਸਾਹਮਣਾ ਕਰ ਰਹੇ ਹਨ। ਉੱਥੇ ਕੀਤੇ ਜਾ ਰਹੇ ਜੁਰਮਾਂ ਨੂੰ ਰਿਕਾਰਡ ’ਤੇ ਲਿਆਉਣ ਕਾਰਨ ਮਾਈਕ੍ਰੋਫ਼ੋਨ ਅਤੇ ਕੈਮਰੇ ਚੁੱਕੀ ਫਿਰਦੇ ਪੱਤਰਕਾਰ ਇਜ਼ਰਾਈਲੀ ਹਾਕਮਾਂ ਦੀਆਂ ਨਜ਼ਰਾਂ ’ਚ ਹਥਿਆਰਬੰਦ ਲੜਾਕਿਆਂ ਤੋਂ ਵੀ ਵਧੇਰੇ ਖ਼ਤਰਨਾਕ ਹਨ।







ਇਜ਼ਰਾਈਲੀ-ਫ਼ਲਸਤੀਨੀ ਰਸਾਲੇ +972 ਮੈਗਜ਼ੀਨ ਅਤੇ ਹਿਬਰਿਊ ਭਾਸ਼ਾ ਦੇ ਲੋਕਲ ਕਾਲ ਨੇ ਤਿੰਨ ਖ਼ੁਫ਼ੀਆ ਸਰੋਤਾਂ ਦੇ ਹਵਾਲੇ ਨਾਲ ਖ਼ੁਲਾਸਾ ਕੀਤਾ ਹੈ ਕਿ 7 ਅਕਤੂਬਰ 2023 ਦੀ ਘਟਨਾ ਤੋਂ ਬਾਅਦ ਇਜ਼ਰਾਈਲ ਦੀ ਫ਼ੌਜ ਵਿਚ ਖ਼ਾਸ ਯੂਨਿਟ ‘ਵਾਜਬ ਠਹਿਰਾਉਣ ਵਾਲਾ ਸੈੱਲ’ ਬਣਾਇਆ ਗਿਆ ਸੀ, ਜਿਸਦਾ ਕੰਮ ਅਜਿਹੀ ਸੂਚਨਾ ਜੁਟਾਉਣਾ ਸੀ, ਜਿਸ ਨਾਲ ਇਜ਼ਰਾਈਲ ਦਾ ਅਕਸ ਮਜ਼ਬੂਤ ਬਣੇ ਅਤੇ ਜੋ ਪ੍ਰਮੁੱਖ ਸੰਗੀਆਂ ਤੋਂ ਕੂਟਨੀਤਕ ਤੇ ਫ਼ੌਜੀ ਮੱਦਦ ਹਾਸਲ ਕਰਨ ’ਚ ਮੱਦਦ ਕਰੇ। ਪੱਤਰਕਾਰਾਂ ਉੱਪਰ ਝੂਠੇ ਦੋਸ਼ ਲਾਉਣਾ ਇਸ ਪ੍ਰੋਜੈਕਟ ਦਾ ਹਿੱਸਾ ਹੈ, ਤਾਂ ਜੋ ਦੁਨੀਆ ਉਨ੍ਹਾਂ ਦੀ ਰਿਪੋਰਟਿੰਗ ਉੱਪਰ ਯਕੀਨ ਨਾ ਕਰੇ। ਰਿਪੋਰਟ ਨੇ ਇਕ ਪੱਤਰਕਾਰ ਦੀ ਮਿਸਾਲ ਦਿੱਤੀ ਜਿਸ ਨੂੰ ਦਹਿਸ਼ਤਗਰਦ ਬਣਾ ਕੇ ਪੇਸ਼ ਕੀਤਾ ਗਿਆ, ਅਤੇ ਮਕਸਦ ਪੂਰਾ ਹੋਣ ਤੋਂ ਬਾਅਦ ਦੋਸ਼ ਵਾਪਸ ਲੈ ਲਿਆ ਗਿਆ। ਗਾਜ਼ਾ ਵਿਚ ਅਜਿਹਾ ਠੱਪਾ ਲਗਾਏ ਜਾਣ ਦਾ ਅਰਥ ਕਿਸੇ ਨੂੰ ਮੌਤ ਦੀ ਸਜ਼ਾ ਸੁਣਾਉਣ ਵਾਂਗ ਹੈ।

ਇਜ਼ਰਾਈਲੀ ਹਕੂਮਤ ਦੇ ਨਾਲ-ਨਾਲ ਅਮਰੀਕੀ ਸਾਮਰਾਜੀਆਂ ਨੇ ਵੀ ਇਜ਼ਰਾਈਲੀ ਵੱਲੋਂ ਥੋਪੀ ਇਸ ਕਰੂਰ ਜੰਗ ਨੂੰ ਵਾਜਬ ਠਹਿਰਾਉਣ ਲਈ ਆਪਣੀ ਪੂਰੀ ਪ੍ਰਚਾਰ ਮਸ਼ੀਨਰੀ ਝੋਕੀ ਹੋਈ ਹੈ। ਅਮਰੀਕਾ ਦੀ ਫ਼ੌਜੀ ਤੇ ਵਿਤੀ ਮੱਦਦ ਅਤੇ ਹੋਰ ਪੱਛਮੀ ਸਾਮਰਾਜੀ ਰਾਜਾਂ ਦਾ ਚੁੱਪ ਰਹਿ ਕੇ ਸਹਿਯੋਗ ਹੀ ਇਸ ਧਾੜਵੀ ਜੰਗ ਨੂੰ ਸੰਭਵ ਬਣਾ ਰਹੇ ਹਨ। ਮੋਦੀ ਹਕੂਮਤ ਵਰਗੀਆਂ ਅਮਰੀਕਾ ਦੀਆਂ ਪਿਛਲੱਗ ਸਰਕਾਰਾਂ ਦੀ ਮਿਲੀਭੁਗਤ ਤੇ ਮੱਦਦ ਵੀ ਜੱਗ ਜ਼ਾਹਰ ਹੈ।

ਪੱਤਰਕਾਰਾਂ ਦਾ ਗਿਣ-ਮਿੱਥ ਕੇ ਸਫ਼ਾਇਆ ਕਰਨਾ ਮਹਿਜ਼ ਸਥਾਨਕ ਜਾਂ ਖੇਤਰੀ ਤ੍ਰਾਸਦੀ ਨਹੀਂ ਹੈ, ਸਗੋਂ ਇਹ ਲੜਾਈ ਦੇ ਖੇਤਰਾਂ ਵਿਚ ਪੱਤਰਕਾਰਾਂ ਦੀ ਸੁਰੱਖਿਆ ਸੰਬੰਧੀ ਅੰਤਰਰਾਸ਼ਟਰੀ ਨਿਯਮਾਂ ਦੀ ਖੁੱਲ੍ਹੇਆਮ ਉਲੰਘਣਾ ਹੈ। ਜੋ ਇਸ ਦਾ ਸੰਕੇਤ ਵੀ ਹੈ ਕਿ ਯੁੱਧ ਦੀ ਰਿਪੋਰਟਿੰਗ ਕਰਕੇ ਸੱਚਾਈ ਨੂੰ ਸਾਹਮਣੇ ਲਿਆਉਣ ਵਾਲਿਆਂ ਦੀ ਰਾਖੀ ਕਰਨ ਦੀ ਆਲਮੀ ਨੈਤਿਕ ਜ਼ਿੰਮੇਵਾਰੀ ਦੀ ਹਕੀਕਤ ਕੀ ਹੈ ਅਤੇ ਆਪਣੇ ਆਪ ਨੂੰ ਲੋਕਤੰਤਰ ਦੇ ਚੈਂਪੀਅਨ ਕਹਾਉਣ ਵਾਲੇ ਪੱਛਮੀ ਰਾਜ ਕਿਵੇਂ ਆਪਣੇ ਲੋਕਤੰਤਰੀ ਮਖੌਟੇ ਲਾਹ ਕੇ ਪੱਤਰਕਾਰਾਂ ਨੂੰ ਖ਼ਾਮੋਸ਼ ਕਰਨ ’ਚ ਇਜ਼ਰਾਈਲੀ ਦਹਿਸ਼ਤਵਾਦ ਦਾ ਹੱਥ ਵਟਾ ਰਹੇ ਹਨ। ਉਨ੍ਹਾਂ ਦੀ ਪ੍ਰੈੱਸ ਦੀ ਆਜ਼ਾਦੀ ਦੀ ਚਿੰਤਾ ਝੂਠੀ ਹੈ।

ਪੱਤਰਕਾਰਾਂ ਅਤੇ ਮੀਡੀਆ ਕਾਮੇ ਸਿਰਫ਼ ਗਾਜ਼ਾ ਵਿਚ ਹੀ ਅਸੁਰੱਖਿਅਤ ਨਹੀਂ ਹਨ। ਦੁਨੀਆ ਭਰ ਵਿਚ ਪੱਤਰਕਾਰਾਂ ਨੂੰ ਦਹਿਸ਼ਤ, ਧਮਕੀਆਂ ਅਤੇ ਕਤਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਾਕੀ ਦੁਨੀਆ ਦੇ ਮੁਕਾਬਲੇ ਇਜ਼ਰਾਈਲੀ ਸਟੇਟ ਨੇ ਗਾਜ਼ਾ ਦੀ ਸਚਾਈ ਨੂੰ ਲੁਕਾਉਣ ਲਈ ਮਨੁੱਖਤਾ ਵਿਰੁੱਧ ਇਨ੍ਹਾਂ ਜੰਗੀ ਜੁਰਮਾਂ ਨੂੰ ਪੂਰੀ ਤਰ੍ਹਾਂ ਸਜ਼ਾ-ਮੁਕਤ ਬਣਾ ਦਿੱਤਾ ਹੈ। ਜਿਵੇਂ ‘ਸੁਤੰਤਰ ਦੁਨੀਆ’ ਕਹਾਉਣ ਵਾਲੇ ਮੁਲਕ ਦੇ ਰਾਜ-ਨੇਤਾ ਪੂਰੀ ਤਰ੍ਹਾਂ ਬੇਪ੍ਰਵਾਹ ਹੋ ਕੇ ਇਸ ਕਰੂਰਤਾ ਨੂੰ ਦੇਖ ਕੇ ਅਣਡਿੱਠ ਕਰ ਰਹੇ ਹਨ, ਜਿਵੇਂ ਕੁਝ ਮੀਡੀਆ ਸਮੂਹ ਹਕੀਕਤ ਨੂੰ ਜਾਣ-ਬੁੱਝ ਕੇ ਨਜ਼ਰਅੰਦਾਜ਼ ਕਰਕੇ ਆਜ਼ਾਦਾਨਾ ਪੁਸ਼ਟੀ ਕੀਤੇ ਬਿਨਾਂ ਹੀ ਇਜ਼ਰਾਈਲੀ ਕੂੜ-ਪ੍ਰਚਾਰ ਨੂੰ ਪਵਿੱਤਰ ਸ਼ਲੋਕ ਵਾਂਗ ਰਟ ਕੇ ਮਾਰੇ ਗਏ ਪੱਤਰਕਾਰਾਂ ਨੂੰ ਹੀ ਦੋਸ਼ੀ ਠਹਿਰਾ ਰਹੇ ਹਨ, ਇਨ੍ਹਾਂ ਖ਼ਾਸੀਅਤਾਂ ਕਾਰਨ ਗਾਜ਼ਾ ਦਾ ਕੇਸ ਬਾਕੀਆਂ ਨਾਲੋਂ ਵੱਖਰਾ ਹੈ।

ਵੇਖਿਆ ਜਾਵੇ ਤਾਂ ਇਹ ਹਾਲੀਆ ਇਤਿਹਾਸ ਵਿਚ ਪੱਤਰਕਾਰੀ ਲਈ ਸਭ ਤੋਂ ਖ਼ਤਰਨਾਕ ਸਮਾਂ ਹੈ। ਪੱਤਰਕਾਰਾਂ ਨੂੰ ਸਿਰਫ਼ ਆਪਣੀ ਜਨਤਕ ਜ਼ਿੰਮੇਵਾਰੀ ਨਿਭਾਉਣ—ਵਾਪਰ ਰਹੇ ਦੇ ਗਵਾਹ ਬਣਨ ਅਤੇ ਸੱਚਾਈ ਦੀ ਰਿਪੋਰਟ ਕਰਨ ਲਈ—ਧਮਕਾਇਆ, ਸਤਾਇਆ ਅਤੇ ਮਾਰਿਆ ਜਾ ਰਿਹਾ ਹੈ। ਸੰਸਾਰ ਭਰ ਵਿਚ ਲੜਾਈ ਦੇ ਖੇਤਰਾਂ ਵਿਚ ਕੰਮ ਕਰ ਰਹੇ ਪੱਤਰਕਾਰਾਂ ਲਈ ਖ਼ਤਰੇ ਤੇਜ਼ੀ ਨਾਲ ਵਧੇ ਹਨ। 2023 ਵਿਚ ਔਸਤਨ ਹਰ ਚਾਰ ਦਿਨਾਂ ਵਿਚ ਇਕ ਪੱਤਰਕਾਰ ਜਾਂ ਮੀਡੀਆ ਕਾਮੇ ਦੀ ਹੱਤਿਆ ਕੀਤੀ ਗਈ। 2024 ਵਿਚ ਇਹ ਅੰਕੜਾ ਹੋਰ ਵੀ ਭਿਆਨਕ ਬਣ ਗਿਆ—ਹਰ ਤਿੰਨ ਦਿਨ ਵਿਚ ਇਕ ਪੱਤਰਕਾਰ ਦੀ ਹੱਤਿਆ ਹੋਈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਇਜ਼ਰਾਈਲੀ ਫ਼ੌਜਾਂ ਵੱਲੋਂ ਮਾਰੇ ਗਏ। ਗ਼ਾਜ਼ਾ ਦੇ ਪੱਤਰਕਾਰ ਕੋਈ ਬਾਹਰੋਂ ਆਏ ‘ਅੰਤਰਰਾਸ਼ਟਰੀ ਪੈਰਾਸ਼ੂਟ ਪੱਤਰਕਾਰ’ ਨਹੀਂ ਹਨ, ਉਹ ਸਥਾਨਕ ਪੱਤਰਕਾਰ ਹਨ—ਜੋ ਇਸ ਧਰਤੀ, ਇਸਦੇ ਲੋਕਾਂ ਅਤੇ ਕਹਾਣੀਆਂ ਨੂੰ ਬਹੁਤ ਨੇੜਿਓਂ ਜਾਣਦੇ ਹਨ। ਉਹ ਗ਼ਾਜ਼ਾ ਦੀ ਤ੍ਰਾਸਦੀ ਨੂੰ ਸਿਰਫ਼ ਰਿਪੋਰਟ ਨਹੀਂ ਕਰ ਰਹੇ, ਸਗੋਂ ਉਸ ਨੂੰ ਖ਼ੁਦ ਜੀ ਰਹੇ ਹਨ। ਕਤਲਾਂ ਤੋਂ ਇਲਾਵਾ, ਇਜ਼ਰਾਈਲ ਭੁੱਖ ਨੂੰ ਵੀ ਜੰਗੀ ਹਥਿਆਰ ਵਜੋਂ ਵਰਤ ਰਿਹਾ ਹੈ। ਗਾਜ਼ਾ ਦੇ ਲੋਕਾਂ ਵਾਂਗ ਪੱਤਰਕਾਰ ਵੀ ਭੁੱਖ ਨਾਲ ਹਾਲੋ-ਬੇਹਾਲ ਹੋ ਕੇ ਡਿੱਗ ਰਹੇ ਹਨ ਤੇ ਉਸੇ ਹਾਲਤ ਵਿਚ ਰਿਪੋਰਟਿੰਗ ਕਰਦਿਆਂ ਪੂਰੀ ਵਚਨਬੱਧਤਾ ਨਾਲ ਆਪਣਾ ਪੇਸ਼ੇਵਰ ਫਰਜ਼ ਨਿਭਾ ਰਹੇ ਹਨ।

ਇਹ ਹਿੰਸਾ ਨਾ ਤਾਂ ਅਚਾਨਕ ਹੈ ਅਤੇ ਨਾ ਹੀ ਕੋਈ ਇਕੱਲੀਆਂ ਘਟਨਾਵਾਂ। ਇਹ ਪੂਰੀ ਵਿਉਂਤਬੰਦੀ ਨਾਲ ਮੀਡੀਆ ਨੂੰ ਖ਼ਾਮੋਸ਼ ਕਰਨ ਦੇ ਧੜਵੈਲ ਅਤੇ ਚਿੰਤਾਜਨਕ ਰੁਝਾਨ ਦਾ ਹਿੱਸਾ ਹੈ, ਜਿਸਨੂੰ ਨਸਲਵਾਦੀ ਇਜ਼ਰਾਈਲੀ ਰਾਜ ਆਪਣੇ ਮਨੁੱਖਤਾ ਵਿਰੁੱਧ ਜੁਰਮਾਂ ਉੱਪਰ ਪੜਦਾ ਪਾਉਣ ਲਈ ਅੰਜਾਮ

(ਬਾਕੀ ਅਗਲੇ ਸਫੇ ’ਤੇ)

## ਭੁੱਖਮਰੀ ਅਤੇ ਮੌਤਾਂ ਨਾਲ ਜੂਝ ਰਿਹਾ ਗਾਜ਼ਾ

***ਬਾਲ ਰੋਗ ਵਿਸ਼ੇਸ਼ਗ ਅਤੇ ਡਾਕਟਰਜ਼ ਵਿਦਾਉਟ ਬਾਰਡਰਜ਼ ਯੂਐਸਏ ਦੀ ਬੋਰਡ ਮੈਂਬਰ ਡਾ. ਅਕਸਾ ਦੁਰਾਨੀ ਦਾ ਅਨੁਭਵ॥***

ਜਦੋਂ ਮੈਂ ਗਾਜ਼ਾ ਵਿਚ ਦਾਖ਼ਲ ਹੋਈ ਤਾਂ ਇਜ਼ਰਾਈਲੀ ਫ਼ੌਜ ਦਾ ਨਿਯਮ ਸੀ: ਮੈਂ ਸਿਰਫ਼ ਸੱਤ ਪੌਂਡ ਖਾਣਾ ਲੈ ਜਾ ਸਕਦੀ ਹਾਂ। ਜਦੋਂ ਮੈਂ ਪ੍ਰੋਟੀਨ ਬਾਰ ਤੋਲ ਰਹੀ ਸੀ, ਤਾਂ ਜੋ ਸੀਮਾ ਤੋਂ ਘੱਟ ਹੋਵੇ, ਮੈਂ ਆਪਣੇ ਪਤੀ ਨੂੰ ਕਿਹਾ: ‘ਇਹ ਕਿੰਨਾ ਭਿਆਨਕ ਹੈ?’ ਮੈਂ ਇਕ ਮਾਨਵੀ ਸਹਾਇਤਾ ਕਾਰਕੁਨ ਹਾਂ। ਖਾਣਾ ਲਿਜਾਣ ਉੱਪਰ ਕੋਈ ਸੀਮਾ ਕਿਉਂ ਹੋਵੇਗੀ? ਮੈਂ ਬਹੁਤ ਜ਼ਿਆਦਾ ਭੁੱਖ ਵਾਲੇ ਕਈ ਇਲਾਕਿਆਂ ਵਿਚ ਕੰਮ ਕੀਤਾ ਹੈ, ਪਰ ਇੱਥੇ ਜੋ ਚੀਜ਼ ਸਭ ਤੋਂ ਦੁਖਦਾਈ ਹੈ, ਉਹ ਹੈ ਇਸਦੀ ਕਰੂਰਤਾ, ਇਹ ਕਿੰਨੀ ਜਾਣ-ਬੁੱਝ ਕੇ ਕੀਤੀ ਜਾ ਰਹੀ ਹੈ। ਮੈਂ ਦੋ ਮਹੀਨੇ ਗਾਜ਼ਾ ਵਿਚ ਰਹੀ; ਇੱਥੇ ਜੋ ਹੋ ਰਿਹਾ ਹੈ, ਉਸਦੀ ਭਿਆਨਕਤਾ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਅਤੇ ਮੈਂ ਇਹ ਬਾਲ ਚਿਕਿਤਸਾ ਆਈ.ਸੀ.ਯੂ. ਡਾਕਟਰ ਦੇ ਤੌਰ ‘ਤੇ ਕਹਿ ਰਹੀ ਹਾਂ, ਜਿਸਦੇ ਕੰਮ ਦਾ ਹਿੱਸਾ ਬੱਚਿਆਂ ਨੂੰ ਤਿਲ-ਤਿਲ ਮਰਦੇ ਦੇਖਣਾ ਹੈ। ਸਾਡੇ ਆਪਣੇ ਸਟਾਫ਼ ਵਿਚ ਡਾਕਟਰ ਅਤੇ ਨਰਸਾਂ ਹਨ ਜੋ ਭੁੱਖੇ, ਥੱਕੇ ਹੋਏ ਹੋਣ ਦੇ ਬਾਵਜੂਦ ਮਰੀਜ਼ਾਂ ਦਾ ਇਲਾਜ ਕਰਨ ਲਈ ਯਤਨਸ਼ੀਲ ਹਨ। ਉਹ ਤੰਬੂਆਂ ਵਿਚ ਰਹਿ ਰਹੇ ਹਨ। ਉਨ੍ਹਾਂ ਵਿਚੋਂ ਕੁਝ ਨੇ ਆਪਣੇ ਪਰਿਵਾਰ ਦੇ ਪੰਦਰਾਂ, ਵੀਹ ਮੈਂਬਰ ਗੁਆ ਦਿੱਤੇ ਹਨ। ਹਸਪਤਾਲ ਵਿਚ ਹਵਾਈ



ਹਮਲਿਆਂ ਨਾਲ ਅਪਾਹਜ ਹੋਏ ਬੱਚੇ ਹਨ: ਟੁੱਟੀਆਂ ਬਾਹਾਂ, ਟੁੱਟੀਆਂ ਲੱਤਾਂ, ਬੁਰੀ ਤਰ੍ਹਾਂ ਜਲੇ ਹੋਣ ਦੇ ਜ਼ਖ਼ਮ। ਅਕਸਰ ਦਰਦ ਦੀ ਦਵਾਈ ਨਹੀਂ ਮਿਲਦੀ। ਪਰ ਬੱਚੇ ਦਰਦ ਬਾਰੇ ਨਹੀਂ ਚੀਕ ਰਹੇ, ਉਹ ਚੀਕ ਰਹੇ ਹਨ: ‘ਮੈਨੂੰ ਭੁੱਖ ਲੱਗੀ ਏ! ਮੈਨੂੰ ਭੁੱਖ ਲੱਗੀ ਏ!’ ਮੈਨੂੰ ਸਿਰਫ਼ ਬੱਚਿਆਂ ‘ਤੇ ਧਿਆਨ ਕੇਂਦਰਤ ਕਰਨ ਤੋਂ ਨਫ਼ਰਤ ਹੈ, ਕਿਉਂਕਿ ਕੋਈ ਵੀ ਭੁੱਖਾ ਨਹੀਂ ਰਹਿਣਾ ਚਾਹੀਦਾ। ਪਰ ਬੱਚੇ... ਉਹ ਤੁਹਾਨੂੰ ਵੱਖਰੀ ਤਰ੍ਹਾਂ ਨਾਲ ਸਤਾਉਂਦੇ ਹਨ। ਜਦੋਂ ਮੇਰੇ ਦੋ ਮਹੀਨੇ ਪੂਰੇ ਹੋਏ, ਮੈਂ ਵਾਪਸ ਜਾਣਾ ਨਹੀਂ ਸੀ ਚਾਹੁੰਦੀ। ਇਹ ਅਜਿਹਾ ਅਹਿਸਾਸ ਸੀ ਜੋ ਮੈਨੂੰ ਲੱਗਭੱਗ ਵੀਹ ਸਾਲਾਂ ਦੇ ਮਾਨਵੀ ਕਾਰਜਾਂ ਵਿਚ ਕਦੇ ਨਹੀਂ ਹੋਇਆ। ਪਰ ਮੈਨੂੰ ਸ਼ਰਮ ਆਈ। ਆਪਣੇ ਫ਼ਲਸਤੀਨੀ ਸਾਥੀਆਂ ਨੂੰ ਛੱਡ ਕੇ ਜਾਂਦਿਆਂ ਸ਼ਰਮ ਆਈ, ਜੋ ਮੇਰੀ ਮੁਲਾਕਾਤ ਦੇ ਸਭ ਤੋਂ ਖ਼ੂਬਸੂਰਤ ਅਤੇ ਦਿਆਲੂ ਲੋਕਾਂ ਵਿੱਚੋਂ ਸਨ। ਮੈਨੂੰ ਇਕ ਅਮਰੀਕੀ ਦੇ ਤੌਰ ‘ਤੇ ਸ਼ਰਮ ਆਈ, ਇਕ ਇਨਸਾਨ ਦੇ ਤੌਰ ‘ਤੇ ਸ਼ਰਮ ਆਈ, ਕਿ ਅਸੀਂ ਇਸ ਚੀਜ਼ ਨੂੰ ਰੋਕਣ ਵਿਚ ਅਸਮਰੱਥ ਰਹੇ ਹਾਂ, ਜੋ ਸਪੱਸ਼ਟ ਤੌਰ ‘ਤੇ ਨਸਲਕੁਸ਼ੀ ਹੈ। ਮੈਨੂੰ ਚੇਤੇ ਹੈ ਜਦੋਂ ਸਾਡੀ ਬੱਸ ਬਫ਼ਰ ਜ਼ੋਨ ਤੋਂ ਨਿਕਲੀ। ਖਿੜਕੀ ਤੋਂ ਇਕ ਪਾਸੇ ਮੈਂ ਰਾਫ਼ਾ ਨੂੰ ਦੇਖ ਸਕਦੀ ਸੀ, ਜੋ ਸਿਰਫ਼ ਮਲਬਾ ਸੀ। ਦੂਜੇ ਪਾਸੇ ਹਰਿਆ-ਭਰਿਆ, ਹਰਿਆਲੀ ਨਾਲ ਭਰਪੂਰ ਇਜ਼ਰਾਈਲ ਸੀ। ਜਦੋਂ ਅਸੀਂ ਗੇਟ ਤੋਂ ਨਿਕਲੇ, ਪਹਿਲੀ ਚੀਜ਼ ਜੋ ਮੈਂ ਦੇਖੀ ਉਹ ਇਜ਼ਰਾਈਲੀ ਫ਼ੌਜੀਆਂ ਦਾ ਗਰੁੱਪ ਸੀ, ਜੋ ਮੇਜ਼ ‘ਤੇ ਬੈਠੇ, ਦੁਪਹਿਰ ਦਾ ਖਾਣਾ ਖਾ ਰਹੇ ਸਨ। ਖਾਣੇ ਨਾਲ ਭਰੀ ਮੇਜ਼ ਦੇਖ ਕੇ ਮੈਨੂੰ ਕਦੇ ਏਨੀ ਘਿਣ ਨਹੀਂ ਆਈ।

## ਅਨਸ ਅਲ-ਸ਼ਰੀਫ਼ ਦੀ ਆਖ਼ਰੀ ਵਸੀਅਤ

‘ਇਹ ਮੇਰੀ ਵਸੀਅਤ ਅਤੇ ਆਖ਼ਰੀ ਸੰਦੇਸ਼ ਹੈ। ਜੇ ਇਹ ਸ਼ਬਦ ਤੁਹਾਡੇ ਤੱਕ ਪਹੁੰਚਣ, ਤਾਂ ਸਮਝ ਲੈਣਾ ਕਿ ਇਜ਼ਰਾਈਲ ਮੈਨੂੰ ਮਾਰਨ ਅਤੇ ਮੇਰੀ ਆਵਾਜ਼ ਨੂੰ ਖ਼ਾਮੋਸ਼ ਕਰਨ ਵਿਚ ਕਾਮਯਾਬ ਹੋ ਗਿਆ ਹੈ।

ਸਭ ਤੋਂ ਪਹਿਲਾਂ ਤਾਂ, ਤੁਹਾਡੇ ਉੱਪਰ ਸੁੱਖ-ਸ਼ਾਂਤੀ ਅਤੇ ਅੱਲਾਹ ਦੀ ਰਹਿਮਤ ਤੇ ਆਸ਼ੀਰਵਾਦ ਦੀ ਬਖ਼ਸ਼ਿਸ਼ ਹੋਵੇ। ਅੱਲਾਹ ਜਾਣਦਾ ਹੈ ਕਿ ਜਦੋਂ ਤੋਂ ਮੈਂ ਜਬਾਲੀਆ ਸ਼ਰਨਾਰਥੀ ਕੈਂਪ ਦੀਆਂ ਗਲੀਆਂ ਅਤੇ ਸੜਕਾਂ ’ਚ ਜ਼ਿੰਦਗੀ ਦੀਆਂ ਅੱਖਾਂ ਖੋਲ੍ਹੀਆਂ, ਉਦੋਂ ਤੋਂ ਹੀ ਮੈਂ ਆਪਣੇ ਲੋਕਾਂ ਲਈ ਸਹਾਰਾ ਅਤੇ ਆਵਾਜ਼ ਬਣਨ ਲਈ ਆਪਣੀ ਪੂਰੀ ਕੋਸ਼ਿਸ਼ ਅਤੇ ਤਾਕਤ ਲਗਾ ਦਿੱਤੀ। ਮੇਰੀ ਇਹੀ ਉਮੀਦ ਸੀ ਕਿ ਅੱਲ੍ਹਾ ਮੇਰੀ ਉਮਰ ਲੰਮੀ ਕਰੇ ਤਾਂ ਜੋ ਮੈਂ ਆਪਣੇ ਪਰਿਵਾਰ ਅਤੇ ਪਿਆਰੇ ਲੋਕਾਂ ਨਾਲ ਆਪਣੇ ਮੂਲ ਸ਼ਹਿਰ, ਮਕਬੂਜ਼ਾ ਅਸਕਲਾਨ (ਅਲ-ਮਜਦਲ) ਵਾਪਸ ਪਰਤ ਸਕਾਂ। ਪਰ ਅੱਲ੍ਹਾ ਦੀ ਮਰਜ਼ੀ ਪਹਿਲਾਂ ਹੈ, ਅਤੇ ਉਸਦਾ ਫ਼ੈਸਲਾ ਅੰਤਿਮ ਹੈ।



ਮੈਂ ਦਰਦ ਦਾ ਹਰ ਰੰਗ ਜੀਵਿਆ ਹੈ, ਪੀੜਾ ਅਤੇ ਨੁਕਸਾਨ ਦਾ ਸੁਆਦ ਕਈ ਵਾਰ ਚੱਖਿਆ ਹੈ, ਫਿਰ ਵੀ ਸੱਚ ਜਿਵੇਂ ਹੈ ਉਸ ਨੂੰ ਉਸੇ ਤਰ੍ਹਾਂ ਬਿਨਾਂ ਤੋੜੇ-ਮਰੋੜੇ ਜਾਂ ਗ਼ਲਤ ਬਿਆਨੀ ਕੀਤੇ ਅੱਗੇ ਪਹੁੰਚਾਉਣ ’ਚ ਮੈਂ ਕਦੇ ਹਿਚਕ ਨਹੀਂ ਦਿਖਾਈ। ਤਾਂ ਜੋ ਅੱਲ੍ਹਾ ਉਨ੍ਹਾਂ ਦੇ ਖ਼ਿਲਾਫ਼ ਗਵਾਹ ਬਣੇ ਜੋ ਚੁੱਪ ਰਹੇ, ਜਿਨ੍ਹਾਂ ਨੇ ਸਾਡੇ ਕਤਲ ਮਨਜ਼ੂਰ ਕਰ ਲਏ, ਜਿਨ੍ਹਾਂ ਨੇ ਸਾਡੇ ਸਾਹ ਘੁੱਟੇ, ਅਤੇ ਜਿਨ੍ਹਾਂ ਦੇ ਦਿਲ ਸਾਡੇ ਬੱਚਿਆਂ ਅਤੇ ਔਰਤਾਂ ਦੇ ਜਿਸਮਾਂ ਦੇ ਖਿੰਡੇ ਹੋਏ ਲੋਥੜਿਆਂ ਨਾਲ ਵੀ ਨਾ ਪਸੀਜੇ, ਜਿਨ੍ਹਾਂ ਨੇ ਉਸ ਕਤਲੇਆਮ ਨੂੰ ਰੋਕਣ ਲਈ ਕੁਝ ਨਹੀਂ ਕੀਤਾ, ਜਿਸਦਾ ਸਾਹਮਣਾ ਸਾਡੇ ਲੋਕਾਂ ਨੂੰ ਪਿਛਲੇ ਡੇਢ ਸਾਲ ਤੋਂ ਵੀ ਵੱਧ ਸਮੇਂ ਤੋਂ ਕਰਨਾ ਪੈ ਰਿਹਾ ਹੈ।

ਮੈਂ ਤੁਹਾਨੂੰ ਫ਼ਲਸਤੀਨ ਦੀ ਅਮਾਨਤ ਸੌਂਪਦਾ ਹਾਂ—ਮੁਸਲਿਮ ਜਗਤ ਦੇ ਤਾਜ ਦਾ ਗਹਿਣਾ, ਇਸ ਦੁਨੀਆ ਦੇ ਹਰ ਆਜ਼ਾਦ ਇਨਸਾਨ ਦੀ ਧੜਕਣ। ਮੈਂ ਤੁਹਾਨੂੰ ਇਸਦੇ ਲੋਕਾਂ ਦੀ, ਇਸਦੇ ਮਜ਼ਲੂਮ ਅਤੇ ਮਾਸੂਮ ਬੱਚਿਆਂ ਦੀ ਅਮਾਨਤ ਸੌਂਪਦਾ ਹਾਂ, ਜਿਨ੍ਹਾਂ ਨੂੰ ਕਦੇ ਸੁਪਨੇ ਦੇਖਣ ਜਾਂ ਸੁਰੱਖਿਆ ਅਤੇ ਸੁੱਖ-ਸ਼ਾਂਤੀ ਵਿਚ ਜਿਊਣ ਦਾ ਮੌਕਾ ਨਹੀਂ ਮਿਲਿਆ। ਉਨ੍ਹਾਂ ਦੇ ਪਵਿੱਤਰ ਜਿਸਮ ਹਜ਼ਾਰਾਂ ਟਨ ਇਜ਼ਰਾਈਲੀ ਬੰਬਾਂ ਅਤੇ ਮਿਜ਼ਾਈਲਾਂ ਹੇਠਾਂ ਕੁਚਲ ਦਿੱਤੇ ਗਏ, ਟੁਕੜੇ-ਟੁਕੜੇ ਹੋ ਕੇ ਇੱਧਰ-ਉੱਧਰ ਦੀਵਾਰਾਂ ‘ਤੇ ਚਿਪਕ ਗਏ।

ਮੈਂ ਤੁਹਾਨੂੰ ਅਰਜ਼ ਕਰਦਾ ਹਾਂ: ਆਪਣੀ ਆਵਾਜ਼ ਨੂੰ ਜ਼ੰਜੀਰਾਂ ਨਾਲ ਖ਼ਾਮੋਸ਼ ਨਾ ਹੋਣ ਦੇਣਾ, ਨਾ ਹੀ ਸਰਹੱਦਾਂ ਨੂੰ ਤੁਹਾਡਾ ਰਾਹ ਰੋਕਣ ਦੀ ਇਜਾਜ਼ਤ ਦੇਣਾ। ਇਸ ਜ਼ਮੀਨ ਅਤੇ ਇਸਦੇ ਲੋਕਾਂ ਦੀ ਆਜ਼ਾਦੀ ਵੱਲ ਲੈ ਜਾਣ ਵਾਲਾ ਪੁਲ ਬਣਨਾ, ਜਦ ਤੱਕ ਕਿ ਸਾਡੀ ਚੋਰੀ ਕੀਤੀ ਹੋਈ ਮਾਂ-ਧਰਤੀ ਉੱਪਰ ਮਾਣ-ਸਨਮਾਨ ਅਤੇ ਆਜ਼ਾਦੀ ਦਾ ਸੂਰਜ ਚੜ੍ਹ ਨਾ ਜਾਵੇ...।’

# 'ਰੌਲਿਆਂ ਵੇਲੇ', 'ਡਲਿਵਰੀ ਮੈਨ' ਤੇ 'ਗੋਇਲ' ਨੂੰ 2025 ਦਾ 'ਢਾਹਾਂ ਸਾਹਿਤ ਪੁਰਸਕਾਰ' ਦੇਣ ਦਾ ਐਲਾਨ

**ਸਰੀ:** ਬੀਤੇ ਦਿਨੀਂ ਸਰੀ ਸਥਿਤ ਨਿਊਟਨ ਲਾਇਬਰੇਰੀ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਪੰਜਾਬੀ ਦੇ ਸਭ ਤੋਂ ਵੱਡੇ 'ਢਾਹਾਂ ਸਾਹਿਤ ਪੁਰਸਕਾਰਾਂ' ਲਈ ਸਾਲ 2025 ਵਾਸਤੇ ਤਿੰਨ ਪੁਸਤਕਾਂ 'ਰੌਲਿਆਂ ਵੇਲੇ' (ਨਾਵਲਕਾਰ ਬਲਬੀਰ ਪਰਵਾਨਾ), ਡਲਿਵਰੀ ਮੈਨ (ਕਹਾਣੀਕਾਰ ਭਗਵੰਤ ਰਸੂਲਪੁਰੀ) ਤੇ ਗੋਇਲ (ਨਾਵਲਕਾਰ ਮੁਦੱਸਰ ਬਸ਼ੀਰ) ਗਲਪ ਦੀਆਂ ਤਿੰਨ ਕਿਤਾਬਾਂ ਅਤੇ ਉਨ੍ਹਾਂ ਦੇ ਲੇਖਕਾਂ ਦਾ ਐਲਾਨ ਕੀਤਾ ਗਿਆ।

ਇਨ੍ਹਾਂ ਐਲਾਨੇ ਗਏ ਤਿੰਨ ਫਾਈਨਲਿਸਟਾਂ ਵਿਚ ਪ੍ਰਸਿੱਧ ਨਾਵਲਕਾਰ ਬਲਬੀਰ ਪਰਵਾਨਾ ਦੇ ਗੁਰਮੁਖੀ ਵਿਚ ਲਿਖੇ ਨਾਵਲ 'ਰੌਲਿਆਂ ਵੇਲੇ', ਪ੍ਰਸਿੱਧ ਕਹਾਣੀਕਾਰ ਭਗਵੰਤ ਰਸੂਲਪੁਰੀ ਦੇ ਗੁਰਮੁਖੀ ਵਿਚ ਲਿਖੇ ਕਹਾਣੀ-ਸੰਗ੍ਰਹਿ 'ਡਲਿਵਰੀ ਮੈਨ' ਅਤੇ ਪ੍ਰਸਿੱਧ ਨਾਵਲਕਾਰ ਮੁਦੱਸਰ ਬਸ਼ੀਰ ਦੇ ਸ਼ਾਹਮੁਖੀ ਵਿਚ ਲਿਖੇ ਨਾਵਲ 'ਗੋਇਲ' ਨੂੰ ਸਾਲ 2025 ਦੇ ਵਕਾਰੀ ਪੁਰਸਕਾਰ ਲਈ ਚੁਣਿਆ ਗਿਆ। ਪਹਿਲਾ ਇਨਾਮ ਪ੍ਰਾਪਤ ਕਰਨ ਵਾਲੀ ਗਲਪ ਪੁਸਤਕ ਨੂੰ 25000 ਡਾਲਰ, 10-10 ਹਜ਼ਾਰ ਡਾਲਰ ਦੇ ਦੋ ਦੂਜੇ ਇਨਾਮ ਸਮੇਤ 6000 ਡਾਲਰ ਪੁਸਤਕਾਂ ਨੂੰ ਲਿਪੀਅੰਤਰ ਕਰਨ ਦੇ ਇਨਾਮ ਸਮੇਤ ਕੁਲ 51,000 ਡਾਲਰ ਰਾਸ਼ੀ ਵਾਲੇ ਪੁਰਸਕਾਰ ਦਾ ਮੁੱਖ ਸਮਾਗਮ 13 ਨਵੰਬਰ, 2025 ਨੂੰ ਨੌਰਥਵਿਊ ਗੋਲਫ ਐਂਡ ਕੰਟਰੀ ਕਲੱਬ ਸਰੀ ਵਿਖੇ ਕੀਤਾ ਜਾਵੇਗਾ। ਜਿੱਥੇ ਤਿੰਨੇ ਜੇਤੂ ਗਲਪਕਾਰਾਂ ਨੂੰ ਪੁਰਸਕਾਰ ਦਿੱਤਾ ਜਾਵੇਗਾ। ਇਸ ਮੌਕੇ ਕਿਤਾਬਾਂ ਦੀ ਚੋਣ ਕਰਨ ਵਾਲੀਆਂ ਤਿੰਨ ਜਿਊਰੀਆਂ ਦੇ ਨਾਵਾਂ ਦਾ ਐਲਾਨ ਵੀ ਕੀਤਾ ਗਿਆ। ਸ਼ੈਟਰਨ ਜਿਊਰੀ ਵਿਚ ਡਾ. ਜਗਬੀਰ ਸਿੰਘ (ਚੇਅਰ), ਡਾ. ਰਘਬੀਰ ਸਿੰਘ (ਮੈਂਬਰ), ਪ੍ਰੋ. ਜਮੀਲ ਅਹਿਮਦ ਪਾਲ (ਮੈਂਬਰ), ਗੁਰਮੁਖੀ ਜਿਊਰੀ ਵਿਚ ਡਾ. ਲਖਵਿੰਦਰ ਸਿੰਘ ਜੌਹਲ (ਚੇਅਰ), ਡਾ. ਰਮਿੰਦਰ ਕੌਰ (ਮੈਂਬਰ), ਪਰਗਟ ਸਤੌਜ (ਮੈਂਬਰ) ਸਨ ਅਤੇ ਸ਼ਾਹਮੁਖੀ ਜਿਊਰੀ ਵਿਚ ਸਫ਼ੀਰ ਰਮਾਹ (ਚੇਅਰ), ਨਵੀਦ ਆਲਮ (ਮੈਂਬਰ), ਪ੍ਰੋ. ਯਸਮੀਨ ਹਮੀਦ (ਮੈਂਬਰ) ਹਨ।

ਚੇਤੇ ਰਹੇ ਬਲਬੀਰ ਪਰਵਾਨਾ ਦਾ ਲਿਖਿਆ ਨਾਵਲ 'ਰੌਲਿਆਂ ਵੇਲੇ', 1947 ਵਿਚ ਹੋਈ ਦੇਸ਼-ਵੰਡ ਨਾਲ ਸਬੰਧਿਤ ਹੈ। ਇਹ ਦੁਖਾਂਤ ਪਹਿਲਾਂ ਵੀ ਪੰਜਾਬੀ ਸਾਹਿਤ ਦਾ ਵਿਸ਼ਾ ਬਣਦਾ ਰਿਹਾ ਹੈ ਪਰ ਲੇਖਕ ਨੇ ਆਪਣੇ ਲੰਮੇ ਸਾਹਿਤਕ ਅਨੁਭਵ ਰਾਹੀਂ ਦੇਸ਼-ਵੰਡ ਨੂੰ ਨਵੀਂ ਦ੍ਰਿਸ਼ਟੀ ਤੋਂ ਵੇਖਣ ਦਾ ਉਪਰਾਲਾ ਕੀਤਾ ਹੈ। ਨਾਵਲ ਦਾ



ਕੇਂਦਰੀ ਪਾਤਰ ਗੁਰਪ੍ਰੀਤ ਆਪਣੇ ਯੂਟਿਊਬ ਚੈਨਲ ਲਈ ਕੰਮ ਕਰਦਿਆਂ ਵੰਡ ਦੀ ਤ੍ਰਾਸਦੀ ਨੂੰ ਸਮਝਣ ਵਾਸਤੇ ਉਨ੍ਹਾਂ ਵਡੇਰਿਆਂ ਦੀ ਵਾਰਤਾ ਰਿਕਾਰਡ ਕਰਦਾ ਹੈ, ਜਿਨ੍ਹਾਂ ਨੇ ਸੰਤਾਲੀ ਦਾ ਦੁਖਾਂਤ ਖੁਦ ਹੰਢਾਇਆ ਜਾਂ ਆਪਣੀ ਅੱਖੀਂ ਵੇਖਿਆ ਸੀ। ਲੇਖਕ, ਇਸ ਨਾਵਲ ਵਿਚ ਤ੍ਰਾਸਦੀ ਤੋਂ ਬਾਅਦ ਆਏ ਸਮਾਜਿਕ, ਰਾਜਨੀਤਕ ਅਤੇ ਆਰਥਿਕ ਬਦਲਾਵਾਂ ਦੀ ਵੀ ਸਾਰਥਿਕ ਤੌਰ 'ਤੇ ਪੜਚੋਲ ਕਰਦਾ ਹੈ। ਬਿਰਤਾਂਤ ਉਸਾਰੀ ਵਿਚ ਨਵੀਨ ਜੁਗਤਾਂ ਦੀ ਵਰਤੋਂ ਸਦਕਾ ਆਪਣੀ ਕਲਾਤਮਿਕਤਾ ਕਾਰਨ ਦੇਸ਼-ਵੰਡ ਦੀ ਤ੍ਰਾਸਦੀ ਬਾਰੇ ਬਹੁਤ ਸੰਘਣੀ ਬੁਣਤੀ ਵਾਲਾ ਇਹ ਨਾਵਲ ਸਾਂਭਣਯੋਗ ਦਸਤਾਵੇਜ਼ ਹੈ।

ਚੁਣੀ ਗਈ ਭਗਵੰਤ ਰਸੂਲਪੁਰੀ ਦੀ ਦੂਜੀ ਕਿਤਾਬ 'ਡਲਿਵਰੀ ਮੈਨ', ਕਈ ਵੱਖੋ-ਵੱਖਰੇ ਬਿਰਤਾਂਤਾਂ ਨੂੰ ਪੇਸ਼ ਕਰਦੀ ਹੈ ਜੋ ਸਮਕਾਲੀ ਜੀਵਨ ਅਤੇ ਮਨੁੱਖੀ ਰਿਸ਼ਤਿਆਂ ਦੇ ਵਿਭਿੰਨ ਪਹਿਲੂਆਂ ਦਾ ਡੂੰਘਾਈ ਨਾਲ ਵਰਣਨ ਕਰਦੀ ਹੈ। ਕਲਾਤਮਕ ਵਿਕਾਸ, ਸਮਾਜਿਕ ਵਰਗ, ਇਮੀਗ੍ਰੇਸ਼ਨ, ਧਰਮ, ਲਿੰਗ, ਤਕਨਾਲੌਜੀ ਅਤੇ ਸੋਸ਼ਲ ਮੀਡੀਆ ਦੇ ਯੁੱਗ ਵਿਚ ਇਕੱਲਤਾ ਅਤੇ ਵਿਸਥਾਪਨ, ਅਤੇ ਮਨੁੱਖ ਦੀ ਪਰਿਵਰਤਨਸ਼ੀਲ ਸ਼ਕਤੀ ਦੇ ਵਿਸ਼ਿਆਂ ਦੀ ਲੇਖਕ ਦੁਆਰਾ ਸੂਖਮਤਾ ਨਾਲ ਪੇਸ਼ਕਾਰੀ ਕੀਤੀ ਗਈ ਹੈ। ਸਿਰਲੇਖ ਵਾਲੀ ਕਹਾਣੀ ਡਾ. ਗੀਤਾ ਦੇ ਆਲੇ-ਦੁਆਲੇ ਘੁੰਮਦੀ ਹੈ ਜੋ ਗ੍ਰੀਨ ਸਿਟੀ ਦੇ ਇੱਕ ਫਲੈਟ ਵਿਚ ਇਕੱਲੀ ਰਹਿੰਦੀ ਹੈ। ਰਸੂਲਪੁਰੀ ਦੁਆਰਾ ਪਾਤਰਾਂ ਦੇ ਅੰਦਰੂਨੀ ਮੋਨੋਲੌਗ ਅਤੇ ਉਥਲ-ਪੁਥਲ ਦੇ ਵਿਸਤ੍ਰਿਤ ਵਰਣਨ ਪਾਠਕ ਲਈ ਭਾਵਨਾਤਮਕ ਪ੍ਰਭਾਵ ਅਤੇ ਸੁਹਜਵਾਦੀ ਸ਼ਮੂਲੀਅਤ ਵਿਚ ਯੋਗਦਾਨ ਪਾਉਂਦੇ ਹਨ।

ਫਾਈਨਲਿਸਟ 'ਚ ਚੁਣਿਆ ਗਿਆ ਮੁਦੱਸਰ ਬਸ਼ੀਰ ਦਾ ਸ਼ਾਹਮੁਖੀ 'ਚ ਲਿਖਿਆ ਨਾਵਲ 'ਗੋਇਲ' ਮਹੱਤਵਾਕਾਂਖੀ ਅਤੇ ਸੱਭਿਆਚਾਰਕ ਤੌਰ 'ਤੇ ਮਹੱਤਵਪੂਰਨ ਨਾਵਲ ਹੈ ਜੋ ਦੋ ਕੇਂਦਰੀ ਪਾਤਰਾਂ ਦੇ ਆਪਸ ਵਿਚ ਜੁੜੇ ਜੀਵਨ ਰਾਹੀਂ ਯਾਦਦਾਸ਼ਤ, ਇਤਿਹਾਸ ਅਤੇ ਪਛਾਣ ਦੀ ਪੜਚੋਲ ਕਰਦਾ ਹੈ। 'ਗੋਇਲ' ਦਾ ਸਿਰਲੇਖ, ਅਸਥਿਰਤਾ ਨੂੰ ਉਜਾਗਰ ਕਰਦਾ ਹੈ ਅਤੇ ਨਾਵਲ ਦੇ ਕੇਂਦਰੀ ਸਰੋਕਾਰ ਨੂੰ ਸਮੇਟਦਾ ਹੈ।

ਪ੍ਰਬੰਧਕਾਂ ਨੇ ਦੱਸਿਆ ਕਿ ਜਿਊਰੀ ਨੂੰ ਇਸ ਸਾਲ ਵਕਾਰੀ ਪੁਰਸਕਾਰ ਲਈ ਭਾਰਤ, ਕੈਨੇਡਾ, ਪਾਕਿਸਤਾਨ, ਆਸਟ੍ਰੇਲੀਆ, ਅਮਰੀਕਾ ਅਤੇ ਯੂਨਾਈਟਿਡ ਕਿੰਗਡਮ ਤੋਂ 55 ਕਹਾਣੀ ਤੇ ਨਾਵਲ ਦੀਆਂ ਕਿਤਾਬਾਂ ਪ੍ਰਾਪਤ ਹੋਈਆਂ ਸਨ। ਗੁਰਮੁਖੀ ਜਿਊਰੀ ਤੇ ਸ਼ਾਹਮੁਖੀ ਜਿਊਰੀ ਅਤੇ ਸ਼ੈਟਰਲ ਜਿਊਰੀ ਦੇ ਫੈਸਲਿਆਂ 'ਤੇ ਅਧਾਰਤ ਛੇ ਕਿਤਾਬਾਂ ਦੀ ਇਕ ਛੋਟੀ ਸੂਚੀ ਜਾਰੀ ਕੀਤੀ ਗਈ। ਇਸ ਸੂਚੀ ਵਿਚ ਅਕਮਲ ਸ਼ਹਿਯਾਦ ਘੁੰਮਣ ਦਾ ਕਹਾਣੀ ਸੰਗ੍ਰਹਿ 'ਪਿੰਜਰੇ ਵਿੱਚ ਆਲ੍ਹਣਾ', ਬਲਬੀਰ ਪਰਵਾਨਾ ਦਾ ਨਾਵਲ 'ਰੌਲਿਆਂ ਵੇਲੇ', ਸੁਖਵਿੰਦਰ ਸਿੰਘ ਬਾਲੀਆਂ ਦਾ ਨਾਵਲ 'ਮੰਡੀ ਰਹੀਮ ਖਾਂ', ਮੁਦੱਸਰ ਬਸ਼ੀਰ ਦਾ ਨਾਵਲ 'ਗੋਇਲ' ਭਗਵੰਤ ਰਸੂਲਪੁਰੀ ਦਾ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' ਅਤੇ ਦਰਸ਼ਨ ਜੋਗਾ ਦਾ ਕਹਾਣੀ ਸੰਗ੍ਰਹਿ 'ਫ਼ਨੀਅਰ' ਕਿਤਾਬਾਂ ਦੀ ਚੋਣ ਕੀਤੀ ਗਈ। ਸ਼ੈਟਰਲ ਜਿਊਰੀ ਨੇ ਇਨ੍ਹਾਂ ਛੇ ਕਿਤਾਬਾਂ ਵਿਚੋਂ ਤਿੰਨ ਕਿਤਾਬ ਰੌਲਿਆਂ ਵੇਲੇ, ਡਲਿਵਰੀ ਮੈਨ ਤੇ ਗੋਇਲ ਨੂੰ ਫਾਈਨਲਿਸਟ ਕਰਨ ਦਾ ਐਲਾਨ ਕੀਤਾ। ਪ੍ਰੈਸ ਕਾਨਫਰੰਸ ਦੌਰਾਨ ਢਾਹਾਂ ਸਾਹਿਤ ਫਾਊਂਡੇਸ਼ਨ ਦੇ ਬਾਨੀ ਬਰਜ ਢਾਹਾਂ ਨੇ ਕਿਹਾ ਕਿ ਸਾਡਾ ਮਿਸ਼ਨ ਪੰਜਾਬੀ ਸਾਹਿਤ ਨੂੰ ਵਿਸ਼ਵ ਪੱਧਰ 'ਤੇ ਲੈ ਕੇ ਜਾਣਾ ਤੇ ਸਾਹਿਤ ਨੂੰ ਉੱਚਾ ਚੁੱਕਣਾ ਹੈ। ਪੰਜਾਬੀ ਗਲਪ ਵਿਚ ਸ਼ਕਤੀਸ਼ਾਲੀ ਨਵੀਆਂ ਕਹਾਣੀਆਂ ਨੂੰ ਪਛਾਣ ਕੇ ਸਾਡਾ ਉਦੇਸ਼ ਪਾਠਕਾਂ ਨੂੰ ਪ੍ਰੇਰਿਤ ਕਰਨਾ, ਲੇਖਕਾਂ ਦਾ ਸਮਰਥਨ ਕਰਨਾ ਅਤੇ ਸਰਹੱਦਾਂ ਪਾਰ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ। ਢਾਹਾਂ ਇਨਾਮ ਸਲਾਹਕਾਰ ਕਮੇਟੀ ਦੇ ਚੇਅਰਮੈਨ ਬਲਬੀਰ ਮਾਧੋਪੁਰੀ ਨੇ ਕਿਹਾ ਕਿ ਜਿਊਰੀ ਵਲੋਂ ਪੁਰਸਕਾਰਾਂ ਲਈ ਪ੍ਰਾਪਤ ਪੁਸਤਕਾਂ 'ਚੋਂ ਤਿੰਨ ਫਾਈਨਲਿਸਟ ਕਿਤਾਬਾਂ ਦੀ ਚੋਣ ਬਹੁਤ ਹੀ ਯੋਗ ਅਤੇ ਨਿਰਪੱਖ ਢੰਗ ਨਾਲ ਕੀਤੀ ਗਈ ਹੈ। ਸਮਾਗਮ ਦੇ ਮੁੱਖ ਮਹਿਮਾਨ ਕੈਨੇਡੀਅਨ ਸੈਨੇਟਰ ਬਲਤੇਜ ਸਿੰਘ ਢਿੱਲੋਂ ਸਨ।

*-ਅਜੇ ਤਨਵੀਰ*

# ਸੁਣੋ, ਮੇਰੀ ਕੌਮ! ਮੇਰੀ ਦਰਦ ਭਰੀ ਦਾਸਤਾਨ।

15 ਅਗਸਤ ਨੂੰ ਰੌਲਿਆਂ ਸਮੇਂ ਮੈਂ ਉਧਰੋਂ ਇਧਰ ਆਇਆ ਸੀ।

ਮੈਂ ਸੋਚਿਆ, ਪਈ ਸਾਹਾਂ ਦੀ ਖੇਡ ਖਤਮ ਹੋਣ ਤੋਂ ਪਹਿਲਾਂ ਆਪਣੀ ਦਰਦ ਭਰੀ ਦਾਸਤਾਨ ਆਪਣੀ ਕੌਮ ਨੂੰ ਸੁਣਾ ਕੇ ਹੀ ਇਸ ਸੰਸਾਰ ਤੋਂ ਵਿਦਾ ਹੋਵਾਂ।



ਫਿਰਕੂ ਟੋਲੀਆਂ ਥਾਂ-ਥਾਂ ਘੁੰਮ ਰਹੀਆਂ ਸਨ ਅਤੇ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਭਰਿਆ ਭਰਾਇਆ ਘਰ ਛੱਡ ਕੇ ਗੰਨਿਆਂ ਦੇ ਇਕ ਖੇਤ ਵਿਚ ਲੁਕ ਗਏ। ਉਸ ਖੇਤ ਵਿਚ ਸਾਡੇ ਨਾਲ ਇਕ ਹੋਰ

**ਕਰਮਜੀਤ ਸਿੰਘ ਚੰਡੀਗੜ੍ਹ**
**ਫੋਨ: 99150-91063**

ਪਰਿਵਾਰ ਵੀ ਸੀ। ਮੈਂ ਉਸ ਸਮੇਂ ਢਾਈ ਤਿੰਨ ਵਰ੍ਹਿਆਂ ਦਾ ਸੀ, ਮੇਰੀ ਛੋਟੀ ਭੈਣ ਨੌਂ ਮਹੀਨਿਆਂ ਦੀ, ਵੱਡਾ ਭਰਾ ਸੱਤ ਕੁ ਸਾਲ ਦਾ ਅਤੇ ਸਭ ਤੋਂ ਵੱਡਾ ਨੌਂ-ਦਸ ਸਾਲ ਦਾ ਸੀ। ਖੇਤ ਵਿਚ ਮੇਰੀ ਦਾਦੀ, ਮੇਰਾ ਪਿਓ ਤੇ ਮੇਰੀ ਮਾਂ ਵੀ ਸੀ। ਤੁਹਾਨੂੰ ਪਤਾ ਹੈ ਕਿ ਸੌਣ ਭਾਦੋਂ ਦੇ ਦਿਨਾਂ ਵਿਚ ਖੇਤ ਵਿਚ ਗਰਮੀ ਤੇ ਹੁਸੜ ਆਪਣੇ ਜੋਬਨ 'ਤੇ ਹੁੰਦਾ ਹੈ। ਇਸੇ ਲਈ ਕਹਿੰਦੇ ਨੇ ਕਿ ਜੱਟ ਉਸੇ ਗਰਮੀ ਤੋਂ ਘਬਰਾ ਕੇ ਸਾਧ ਹੋ ਗਿਆ ਸੀ।

ਓੜਕਾਂ ਦੀ ਗਰਮੀ ਕਾਰਨ ਮੇਰੀ ਭੈਣ ਰੋਣ ਲੱਗ ਪਈ ਅਤੇ ਰੋਣ ਦੀ ਆਵਾਜ਼ 'ਸ਼ਿਕਾਰ' ਦੀ ਭਾਲ ਵਿਚ ਘੁੰਮ ਰਹੀ ਇੱਕ ਟੋਲੀ ਨੂੰ ਸੁਣ ਗਈ। ਆਵਾਜ਼ ਆਈ ਕਿ ਸਾਰੇ ਬਾਹਰ ਆ ਜਾਓ ਨਹੀਂ ਤੇ ਮਾਰ ਦਿੱਤੇ ਜਾਓਗੇ। ਦੋਵੇਂ ਪਰਿਵਾਰ ਬਾਹਰ ਆਉਣ ਲਈ ਮਜਬੂਰ ਹੋ ਗਏ। ਦਾਦੀ ਨੇ ਜੋ 55 ਸਾਲ ਪਹਿਲਾਂ ਇਸ ਦੁਨੀਆ ਤੋਂ ਚਲੀ ਗਈ ਸੀ, ਦੱਸਿਆ, ਬਾਹਰ ਨਿਕਲਦਿਆਂ ਸਾਰ ਹੀ ਦੋਵਾਂ ਟੱਬਰਾਂ ਨੇ ਬੜੇ ਤਰਲੇ ਕੀਤੇ। ਪਰ ਉਨ੍ਹਾਂ ਨੇ ਇਕ ਨਾ ਸੁਣੀ ਤੇ ਮੇਰੇ ਪਿਓ ਦਾ ਸਿਰ ਵੱਢ ਦਿੱਤਾ। ਸਿਰ ਧੜ ਤੋਂ ਅਲੱਗ ਹੋ ਗਿਆ ਸੀ। ਮੈਂ ਜਦੋਂ ਵੀ ਵੱਡਾ ਹੋ ਕੇ ਦਾਦੀ ਕੋਲੋਂ ਇਸ ਦ੍ਰਿਸ਼ ਬਾਰੇ ਜਾਨਣ ਦੀ ਕੋਸ਼ਿਸ਼ ਕਰਦਾ ਤਾਂ ਉਹ ਇਸ ਤੋਂ ਵੱਧ ਕੁਝ ਵੀ ਨਹੀਂ ਸੀ ਬੋਲ, ਦੱਸ ਸਕਦੀ। ਦੂਜੇ ਟੱਬਰ ਨਾਲ ਵੀ ਇਹੋ ਹੋਣੀ ਵਾਪਰੀ।

ਸਾਨੂੰ ਰੋਂਦਿਆਂ-ਕੁਰਲਾਉਂਦਿਆਂ ਉਨ੍ਹਾਂ ਨੇ ਅੱਗੇ ਲਾ ਲਿਆ। ਮੈਨੂੰ ਮੇਰੀ ਮਾਂ ਨੇ ਕੁੱਛੜ ਚੁੱਕਿਆ ਹੋਇਆ ਸੀ ਤੇ ਦਾਦੀ ਨੇ ਮੇਰੀ ਭੈਣ ਨੂੰ ਚੁੱਕਿਆ ਹੋਇਆ ਸੀ। ਥੋੜ੍ਹੀ ਅੱਗੇ ਗਏ ਸੀ ਕਿ ਰਸਤੇ ਵਿਚ ਖੂਹ ਆਇਆ ਤੇ ਮੇਰੀ ਮਾਂ ਨੇ ਮੇਰੇ ਸਮੇਤ ਖੂਹ ਵਿਚ ਛਾਲ ਮਾਰ ਦਿਤੀ ਤੇ ਬਸ ਮਾਂ ਦੀ ਕਹਾਣੀ ਖਤਮ, ਪਰ ਮੈਂ ਅਜੇ ਜਿਉਂਦਾ ਖੂਹ ਵਿਚ ਹੀ ਸੀ। ਪੈਦਲ ਚਲਦਿਆਂ-ਚਲਦਿਆਂ ਬਾਕੀ ਪਰਿਵਾਰ ਇਕ ਪਿੰਡ ਵਿਚ ਜਾ ਪਹੁੰਚੇ। ਉਥੇ ਇਕ ਵੱਡਾ ਇਕੱਠ ਹੋਇਆ। ਮੇਰੇ ਵੱਡੇ ਭਰਾ, ਜਿਸ ਨੂੰ ਉਸ ਸਮੇਂ ਕੁਝ ਕੁਝ ਸੰਭਾਲ ਸੀ, ਨੇ ਮੈਨੂੰ ਇੱਕ ਵਾਰ ਦੱਸਿਆ ਕਿ ਇਕੱਠ ਵਿਚ ਬਹਿਸ ਹੋਈ ਕਿ ਇਨ੍ਹਾਂ ਨਾਲ ਕੀ ਸਲੂਕ ਕੀਤਾ ਜਾਵੇ। ਕੁਝ ਆਵਾਜ਼ਾਂ ਆਈਆਂ ਕਿ ਇਨ੍ਹਾਂ ਨੂੰ ਮੁਸਲਮਾਨ ਬਣਾ ਲਿਆ ਜਾਵੇ। ਪਰ ਕੁਝ ਸਿਆਣੇ ਲੋਕਾਂ ਨੇ ਸਲਾਹ ਦਿੱਤੀ ਕਿ ਕੁਰਾਨ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੀ। ਭਰਾ ਦੇ ਦੱਸਣ ਮੁਤਾਬਕ ਇਕੱਠ ਵਿਚ ਕਾਫੀ ਝਗੜਾ ਵੀ ਹੋਇਆ ਪਰ ਛੇਤੀ ਹੀ ਇਹ ਫੈਸਲਾ ਹੋਇਆ ਕਿ ਇਨ੍ਹਾਂ ਨੂੰ ਅੱਠ-ਦਸ ਮੀਲ ਦੂਰ ਇੱਕ ਕੈਂਪ ਵਿਚ ਛੱਡ ਦਿੱਤਾ ਜਾਵੇ। ਉਥੇ ਇੰਡੀਅਨ ਮਿਲਟਰੀ ਇਨ੍ਹਾਂ ਨੂੰ ਭਾਰਤ ਲੈ ਜਾਵੇਗੀ। ਸਾਨੂੰ ਉਸ ਕੈਂਪ ਵਿਚ ਛੱਡ ਦਿੱਤਾ ਗਿਆ ਜਿੱਥੇ ਹੋਰ ਵੀ ਕਿੰਨੇ ਪਰਿਵਾਰ ਮਿਲਟਰੀ ਦੀ ਉਡੀਕ ਕਰ ਰਹੇ ਸਨ।

ਖੂਹ ਦੇ ਨੇੜੇ ਕੁਝ ਬੰਦਿਆਂ ਨੇ ਮੇਰੀ ਮਾਂ ਤੇ ਮੈਨੂੰ ਕੱਢਿਆ। ਮਾਂ ਮਰ ਚੁੱਕੀ ਸੀ। ਉਸ ਨੂੰ ਨੇੜੇ ਕਬਰਿਸਤਾਨ ਵਿਚ ਦਬਾ ਦਿੱਤਾ ਗਿਆ ਪਰ ਮੇਰੇ ਸਾਹ ਅਜੇ ਬਾਕੀ ਸਨ। ਮੇਰੇ ਭਰਾ ਦੇ ਦੱਸਣ ਮੁਤਾਬਕ ਖੂਹ ਵਿਚ ਬਹੁਤਾ ਪਾਣੀ ਨਹੀਂ ਸੀ, ਇੱਕ ਤਰ੍ਹਾਂ ਦਾ ਸੁੱਕਾ ਹੀ ਸੀ। ਕਿਸੇ ਬਹੁਤ ਭਲੇ ਬੰਦੇ ਨੇ ਮੈਨੂੰ ਮਿਲਟਰੀ ਕੈਂਪ ਵਿਚ ਛੱਡ ਦਿੱਤਾ। ਮੇਰੀ ਦਾਦੀ ਦੇ ਦੱਸਣ ਮੁਤਾਬਕ ਤੂੰ ਤੀਜੇ ਦਿਨ ਕੈਂਪ ਵਿਚ ਸਾਡੇ ਕੋਲ ਆਇਆ।

ਇਧਰ ਆਉਣ ਉੱਤੇ ਕਈ ਸਾਲ ਕੈਂਪਾਂ ਵਿਚ ਰੁਲਦੇ ਰਹੇ, ਕਦੇ ਬਸੀ ਪਠਾਣਾ, ਕਦੇ ਰੋਪੜ ਨੇੜੇ ਨਾਲਾਗੜ੍ਹ ਵਿਚ, ਕਦੇ ਸਹਾਰਨਪੁਰ ਵਿਚ ਲੱਗੇ ਕੈਂਪਾਂ ਵਿਚ ਜ਼ਿੰਦਗੀ ਬਸਰ ਕੀਤੀ। ਜ਼ਮੀਨ ਦੇ ਕਾਗਜ਼ ਇਧਰ ਆਉਣ 'ਤੇ ਪੰਜ-ਛੇ ਸਾਲ ਲੱਗ ਗਏ ਤੇ ਸਾਨੂੰ ਜ਼ਿਲ੍ਹਾ ਮਾਨਸਾ ਵਿਚ ਸਰਦੂਲਗੜ੍ਹ ਨੇੜੇ ਪਿੰਡ ਹੀਂਗਣਾ ਵਿਚ ਜ਼ਮੀਨ ਅਲਾਟ ਹੋਈ। ਇਹ ਪਿੰਡ ਸਾਰਾ ਮੁਸਲਮਾਨਾਂ ਦਾ ਸੀ ਤੇ ਉਹ ਛੱਡ ਕੇ ਪਾਕਿਸਤਾਨ ਚਲੇ ਗਏ ਸਨ। ਮੇਰੇ ਦਾਦਾ ਜੀ ਸੰਤ ਬਾਬਾ ਭਗਵਾਨ ਸਿੰਘ ਅੰਮ੍ਰਿਤ ਪ੍ਰਚਾਰ ਸੰਗਤ ਨਾਂ ਦੀ ਸੰਸਥਾ ਦੇ ਬਾਨੀ ਅਤੇ ਪਹਿਲੇ ਜਥੇਦਾਰ ਸਨ। ਉਨ੍ਹਾਂ ਦੇ ਨਾਂ 'ਤੇ ਹੀ ਪਿੰਡ ਦਾ ਨਾਂ ਬਦਲ ਕੇ ਭਗਵਾਨਪੁਰ ਰੱਖਿਆ ਗਿਆ। ਸੋ ਹੁਣ ਪਿੰਡ ਦਾ ਨਾਂ ਭਗਵਾਨਪੁਰ ਹੈ। ਇਸ ਪਿੰਡ ਦੇ ਸਾਰੇ ਪਰਿਵਾਰ ਪਾਕਿਸਤਾਨ ਤੋਂ ਹੀ ਆਏ ਸਨ। ਇਹ ਸਾਰੇ ਗਦਰ ਪਾਰਟੀ ਲਹਿਰ ਦੇ ਸਿਰਮੌਰ ਆਗੂ ਸੰਤ ਬਾਬਾ ਵਿਸਾਖਾ ਸਿੰਘ ਜੀ ਦਦੇਹਰ ਦੇ ਸ਼ਰਧਾਲੂ ਸਨ ਅਤੇ ਬਾਬਾ ਜੀ ਖੁਦ ਅੰਮ੍ਰਿਤ ਪ੍ਰਚਾਰ ਸੰਗਤ ਦੇ ਸਰਪ੍ਰਸਤ ਵੀ ਰਹੇ ਸਨ। ਮੇਰੇ ਦਾਦਾ ਜੀ ਨੂੰ ਰੌਲਟ ਐਕਟ ਖ਼ਿਲਾਫ ਜਦੋ-ਜਹਿਦ ਕਰਦਿਆਂ ਜੇਲ੍ਹ ਜਾਣਾ ਪਿਆ। ਉਨ੍ਹਾਂ ਦੀ ਯਾਦ ਵਿਚ ਹਰ ਸਾਲ ਭਗਵਾਨਪੁਰ ਵਿਖੇ ਪਿੰਡ ਤੇ ਇਲਾਕਾ ਨਿਵਾਸੀਆਂ ਵੱਲੋਂ ਜੁਲਾਈ ਦੇ ਮਹੀਨੇ ਬਰਸੀ ਮਨਾਈ ਜਾਂਦੀ ਹੈ।

ਹੁਣ ਮੇਰੇ ਦੋਵੇਂ ਵੱਡੇ ਭਰਾ ਇਸ ਦੁਨੀਆ ਵਿਚ ਨਹੀਂ ਰਹੇ। ਇੱਕ ਭਰਾ ਦੇ ਦੋਵੇਂ ਪੁੱਤਰ ਗਗਨਜੀਤ ਸਿੰਘ ਕਨੇਡਾ ਤੇ ਦੂਜਾ ਰਮਨਪ੍ਰੀਤ ਸਿੰਘ ਉਚੇ ਅਹੁਦੇ ਉੱਤੇ ਸਿਡਨੀ ਵਿਚ ਹੈ। ਦੂਜੇ ਸਭ ਤੋਂ ਵੱਡੇ ਭਰਾ ਦੀਆਂ ਦੋ ਲੜਕੀਆਂ ਅਤੇ ਦੋ ਪੁੱਤਰ ਹਨ। ਇਕ ਲੜਕੀ ਚੰਡੀਗੜ੍ਹ ਵਿਚ ਐਮ.ਐਸਸੀ ਕਰਨ ਪਿੱਛੋਂ ਅਧਿਆਪਕ ਹੈ ਜਦਕਿ ਦੂਜੀ ਰੀਨਾ ਕੌਰ ਕੈਨੇਡਾ ਵਿਚ ਹੈ। ਉਸ ਦੀ ਹੋਣਹਾਰ ਲੜਕੀ ਪ੍ਰਭ ਰੂਪ ਕੌਰ ਹਾਵਰਡ ਯੂਨੀਵਰਸਿਟੀ ਵਿਚੋਂ ਉਚੀ ਪੜ੍ਹਾਈ ਹਾਸਲ ਕਰਕੇ ਕਿਸੇ ਵੱਡੇ ਅਹੁਦੇ 'ਤੇ ਜਾਣ ਦੀ ਉਡੀਕ 'ਚ ਹੈ। ਇਸ ਕੁੜੀ ਨੂੰ ਆਪਣੀ ਮਾਂ ਬੋਲੀ ਨਾਲ ਇੰਨਾ ਪਿਆਰ ਹੈ ਕਿ ਉਸ ਨੇ ਕੈਨੇਡਾ ਦੇ ਕਾਲਜ ਵਿਚ ਪੜ੍ਹਦਿਆਂ ਪੰਜਾਬੀ ਵਿਸ਼ੇ ਨੂੰ ਲਾਗੂ ਕਰਵਾਇਆ, ਜਿੱਥੇ ਪੰਜਾਬੀਆਂ ਤੋਂ ਇਲਾਵਾ ਗੋਰੇ ਵੀ ਕਲਾਸਾਂ ਵਿਚ ਆਉਂਦੇ ਰਹੇ ਹਨ। ਉਸ ਦਾ ਵਿਸ਼ਾ ਇੰਟਰਨੈਸ਼ਨਲ ਰਿਲੇਸ਼ਨ ਦਾ ਅਤੇ ਉਹ ਪੰਜ ਜ਼ੁਬਾਨਾਂ ਜਾਣਦੀ ਹੈ। ਹਾਵਰਡ ਯੂਨੀਵਰਸਿਟੀ ਵਿਚ ਉਸਨੇ ਗੁਰੂ ਨਾਨਕ ਸਾਹਿਬ ਉੱਤੇ ਲੈਕਚਰ ਦੇ ਕੇ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਵਿਚ ਭਰਪੂਰ ਪ੍ਰਸ਼ੰਸਾ ਹਾਸਲ ਕੀਤੀ।

ਮੇਰੀ ਭੈਣ ਬਲਵੀਰ ਕੌਰ ਜੋ ਉਸ ਸਮੇਂ ਨੌਂ ਮਹੀਨੇ ਦੀ ਸੀ, ਇਸ ਸਮੇਂ ਹਰਿਆਣਾ ਦੇ ਇੱਕ ਪਿੰਡ ਵਿਚ ਹੈ ਜਿੱਥੇ ਉਹ ਖੇਤੀ ਕਰਦੇ ਹਨ। ਅਸੀਂ ਕਈ ਵਾਰ ਦੋਵੇਂ ਜਣੇ ਉਨ੍ਹਾਂ ਮੁਸ਼ਕਲ ਸਮਿਆਂ ਦੀਆਂ ਕਈ ਕਹਾਣੀਆਂ ਯਾਦ ਕਰਦੇ ਰਹਿੰਦੇ ਹਾਂ। ਭੈਣ ਦੇ ਤਿੰਨ ਪੁੱਤਰ-ਸਰਬਜੀਤ ਸਿੰਘ ਬੈਂਕ ਵਿਚ ਉਚੇ ਅਹੁਦੇ ਉੱਤੇ ਹਨ ਜਦਕਿ ਦੂਜੇ ਦੋ ਪੁੱਤਰ ਪਰਮਜੋਤ ਸਿੰਘ ਤੇ ਪਾਲ ਮੋਹਾਲੀ ਵਿਚ ਬਿਜ਼ਨਸ ਕਰ ਰਹੇ ਹਨ। ਮੇਰੀਆਂ ਦੋ ਧੀਆਂ ਹਨ। ਜਪਨੀਸ਼ ਕੌਰ ਆਸਟਰੇਲੀਆ ਵਿਚ ਪਰਿਵਾਰ ਸਮੇਤ ਸੈਟਲ ਹੋਣ ਲਈ ਜਦੋ-ਜਹਿਦ ਕਰ ਰਹੀ ਹੈ ਜਦਕਿ ਦੂਜੀ ਐਮਏ ਅੰਗਰੇਜ਼ੀ ਤੇ ਲਾਅ ਕਰਨ ਪਿੱਛੋਂ ਫਿਰੋਜ਼ਪੁਰ ਵਿਚ ਐਡਵੋਕੇਟ ਹੈ। ਉਨ੍ਹਾਂ ਦੇ ਪਤੀ ਗੁਰ ਸਿਮਰਨਪ੍ਰੀਤ ਸਿੰਘ ਢਿੱਲੋਂ ਵੀ ਫਿਰੋਜ਼ਪੁਰ ਕਚਹਿਰੀਆਂ ਵਿਚ ਐਡਵੋਕੇਟ ਹਨ।

ਕੁਝ ਸਾਲ ਪਹਿਲਾਂ ਮੇਰੀ ਘਰਵਾਲੀ ਅੰਮ੍ਰਿਤ ਕੌਰ ਕੈਂਸਰ ਦੀ ਬਿਮਾਰੀ ਕਾਰਨ ਇਸ ਦੁਨੀਆ ਤੋਂ ਚਲੇ ਗਈ। ਹੁਣ ਮੈਂ ਇੱਥੇ ਚੰਡੀਗੜ੍ਹ ਦੇ ਨੇੜੇ ਖਰੜ ਵਿਚ ਘਰ ਅੰਦਰ ਇਕੱਲਾ ਹੀ ਰਹਿੰਦਾ ਹਾਂ ਤੇ ਮਹਿਸੂਸ ਕਰਦਾ ਹਾਂ ਕਿ ਇਕੱਲੇ ਰਹਿ ਸਕਣਾ ਵੀ ਇੱਕ ਤਰ੍ਹਾਂ ਨਾਲ ਸਿਮਰਨ ਹੈ ਕਿਉਂਕਿ ਤੁਸੀਂ ਆਪਣੇ ਆਪ ਨੂੰ ਚਿਰਾਂ ਪਿੱਛੋਂ ਮਿਲਦੇ ਹੋ। ਮੇਰਾਦਿਲ ਕਰਦਾ ਸੀ ਕਿ ਇੱਕ ਵਾਰ ਫਿਰ ਅਮਰੀਕਾ, ਕੈਨੇਡਾ ਤੇ ਆਸਟਰੇਲੀਆ ਦਾ ਚੱਕਰ ਲਾਵਾਂ ਪਰ ਭਾਰਤ ਸਰਕਾਰ ਦੀ 'ਮਿਹਰਬਾਨੀ' ਕਾਰਨ ਅਮਰੀਕਾ ਸਰਕਾਰ ਨੇ ਮੇਰੇ ਜਹਾਜ਼ ਚੜ੍ਹਨ ਤੋਂ ਪਹਿਲਾਂ ਹੀ ਸੰਦੇਸ਼ ਦਿੱਤਾ ਕਿ ਤੁਹਾਡਾ ਵੀਜ਼ਾ ਕੈਂਸਲ ਕਰ ਦਿੱਤਾ ਗਿਆ ਹੈ ਅਤੇ ਤੁਸੀਂ ਇਸ ਫੈਸਲੇ ਵਿਰੁੱਧ ਅਪੀਲ ਵੀ ਨਹੀਂ ਕਰ ਸਕਦੇ। ਇਸੇ ਕਰਕੇ ਕੈਨੇਡਾ ਤੇ ਆਸਟਰੇਲੀਆ ਵਾਲੇ ਵੀ ਵੀਜ਼ਾ ਦੇਣ ਤੋਂ ਟਾਲ-ਮਟੋਲ ਕਰ ਰਹੇ ਸਨ। ਮੈਨੂੰ ਜੁਝਾਰੂ ਲਹਿਰ ਨਾਲ ਓੜਕਾਂ ਦੀ ਮੁਹੱਬਤ ਹੈ। ਇਹ ਮੇਰੀ ਕਿਸਮਤ ਹੀ ਸੀ ਕਿ ਮੈਂ ਸੰਤ ਜਰਨੈਲ ਸਿੰਘ ਜੀ ਨੂੰ ਕਈ ਵਾਰ ਮਿਲਿਆ ਤੇ ਉਨ੍ਹਾਂ ਨਾਲ ਮੁਲਾਕਾਤਾਂ ਕੀਤੀਆਂ। ਇਹ ਹੈ ਮੇਰਾ ਹੱਡੀਂ ਹੰਢਾਇਆ ਦਰਦ ਜੋ ਤੁਹਾਡੇ ਨਾਲ ਸਾਂਝਾ ਕੀਤਾ ਹੈ।

*(ਪਿਛਲੇ ਸਫੇ ਦੀ ਬਾਕੀ)*

ਦੇ ਰਿਹਾ ਹੈ। ਇਹ ਸਾਡੇ ਸਾਰਿਆਂ ਲਈ ਭਿਆਨਕ ਚੀਜ਼ ਹੋਣੀ ਚਾਹੀਦੀ ਹੈ। ਇਹ ਸਿਰਫ਼ ਵਿਅਕਤੀਗਤ ਪੱਤਰਕਾਰਾਂ 'ਤੇ ਹਮਲਾ ਨਹੀਂ ਹੈ, ਇਹ ਤਾਂ ਦਰਅਸਲ ਕੁਲ ਦੁਨੀਆ ਦੇ ਲੋਕਾਂ ਦੇ 'ਸੱਚ ਜਾਣਨ ਦੇ ਅਧਿਕਾਰ' ਉੱਪਰ ਹਮਲਾ ਹੈ—ਮਨੁੱਖੀ ਪੀੜਾ ਦੀ ਗਹਿਰਾਈ ਸਮਝਣ ਅਤੇ ਹਾਕਮਾਂ ਨੂੰ ਜਵਾਬਦੇਹ ਬਣਾਉਣ ਦੇ ਅਧਿਕਾਰ ਉੱਪਰ ਹਮਲਾ।

ਇਨ੍ਹਾਂ ਹਾਲਾਤ ਵਿਚ ਪੂਰੀ ਦੁਨੀਆ ਦੇ ਲੋਕਾਂ ਸਿਰ ਵੱਡੀ ਜ਼ਿੰਮੇਵਾਰੀ ਆ ਪਈ ਹੈ। ਉਨ੍ਹਾਂ ਨੂੰ ਫ਼ਲਸਤੀਨੀਆਂ ਦੀ ਨਸਲਕੁਸ਼ੀ ਵਿਰੁੱਧ ਆਵਾਜ਼ ਉਠਾਉਂਦੇ ਸਮੇਂ ਮੀਡੀਆ ਦੀ ਆਜ਼ਾਦੀ ਉੱਪਰ ਇਜ਼ਰਾਈਲੀ ਹਮਲੇ ਨੂੰ ਤਾਂ ਹੋਰ ਵੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਸਿਰਾਂ 'ਤੇ ਕੱਫਣ ਬੰਨ੍ਹ ਕੇ ਗਾਜ਼ਾ ਵਿਚ ਕੰਮ ਕਰ ਰਹੇ ਮੀਡੀਆ ਕਾਮੇ ਸਿਰਫ਼ ਘਟਨਾਵਾਂ ਨੂੰ ਰਿਕਾਰਡ ਨਹੀਂ ਕਰ ਰਹੇ। ਉਹ ਦਰਅਸਲ, ਅੱਜ ਦੇ ਇਤਿਹਾਸ ਦਾ ਮੁੱਢਲਾ ਰੂਪ ਸਿਰਜ ਰਹੇ ਹਨ, ਜਿਸ ਦੇ ਆਧਾਰ 'ਤੇ ਭਵਿੱਖ ਦੇ ਇਤਿਹਾਸਕਾਰ ਉਸ ਕਤਲੇਆਮ ਦਾ ਅਧਿਐਨ ਕਰਨਗੇ, ਜੋ 21ਵੀਂ ਸਦੀ ਦਾ 'ਟੀਵੀ 'ਤੇ ਸਭ ਤੋਂ ਵੱਧ ਦਿਖਾਇਆ ਗਿਆ ਕਤਲੇਆਮ' ਹੈ। ਯੁੱਧਾਂ ਅਤੇ ਸੰਘਰਸ਼ਾਂ ਬਾਰੇ ਪੁਖ਼ਤਾ ਜਾਣਕਾਰੀ ਦਾ ਹੋਣਾ ਸਹੂਲਤ ਦਾ ਸਵਾਲ ਨਹੀਂ ਹੈ, ਸਮੁੱਚੀ ਮਾਨਵਤਾ ਦੀ ਬਿਹਤਰੀ, ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਜੰਗੀ ਜੁਰਮਾਂ ਦੇ ਦੋਸ਼ੀਆਂ ਨੂੰ ਜਵਾਬਦੇਹ ਬਣਾਉਣ ਦੇ ਨਜ਼ਰੀਏ ਤੋਂ ਇਸ ਦਾ ਮਹੱਤਵ ਹੋਰ ਵੀ ਜ਼ਿਆਦਾ ਹੈ। ਜਦੋਂ ਪੱਤਰਕਾਰਾਂ ਦੀ ਜ਼ੁਬਾਨਬੰਦੀ ਕਰ ਦਿੱਤੀ ਜਾਂਦੀ ਹੈ, ਤਾਂ ਸਾਰੇ ਲੋਕ ਝੂਠੀ ਜਾਣਕਾਰੀ, ਕੂੜ-ਪ੍ਰਚਾਰ ਅਤੇ ਸੱਤਾ ਦੀ ਬੇਲਗਾਮ ਦੁਰਵਰਤੋਂ ਦੇ ਹੋਰ ਵੀ ਸੌਖੇ ਸ਼ਿਕਾਰ ਬਣਨ ਦੀ ਹਾਲਤ 'ਚ ਸੁੱਟ ਦਿੱਤੇ ਜਾਂਦੇ ਹਨ। ਇਸ ਨੂੰ ਅਸੀਂ ਭਾਰਤ ਵਿਚ ਭਗਵਾ ਹਕੂਮਤ ਵੱਲੋਂ ਬਣਾਏ ਫਾਸ਼ੀਵਾਦੀ ਹਾਲਾਤ, ਖ਼ਾਸ ਕਰਕੇ ਕਸ਼ਮੀਰ ਅਤੇ ਬਸਤਰ ਦੇ ਹਵਾਲੇ ਨਾਲ ਸੌਖਿਆਂ ਹੀ ਸਮਝ ਸਕਦੇ ਹਾਂ ਜਿੱਥੇ ਸਿਲਸਿਲੇਵਾਰ ਤਰੀਕੇ ਨਾਲ ਪੱਤਰਕਾਰੀ ਨੂੰ ਆਪਣੇ ਉੱਪਰ ਸਵੈ-ਸੈਂਸਰਸ਼ਿਪ ਲਾਗੂ ਕਰ ਲੈਣ ਲਈ ਮਜਬੂਰ ਕਰ ਦਿੱਤਾ ਗਿਆ ਹੈ।

ਗਾਜ਼ਾ ਵਿਚ ਲਗਾਤਾਰ ਬੰਬਾਰੀ, ਅਤੇ ਸਖ਼ਤ ਨਾਕਾਬੰਦੀ ਦੁਆਰਾ ਸਿਲਸਿਲੇਵਾਰ ਨਸਲਕੁਸ਼ੀ ਹੁਣ ਕਿਸੇ ਸਬੂਤ ਦੀ ਮੁਥਾਜ ਨਹੀਂ ਹੈ। ਜਿਨ੍ਹਾਂ ਲੋਕਾਂ ਦੀ ਜ਼ਮੀਰ ਅਜੇ ਵੀ ਝੰਜੋੜੀ ਨਹੀਂ ਜਾ ਰਹੀ, ਅਤੇ ਉਨ੍ਹਾਂ ਨੂੰ ਫਿਰ ਵੀ ਲੱਗਦਾ ਹੈ ਕਿ ਉਹ ਮਨੁੱਖੀ ਤੇ ਜਮਹੂਰੀ ਹੱਕਾਂ ਦੀ ਚੇਤਨਾ ਬਾਰੇ ਜਾਗਰੂਕ ਹਨ, ਉਨ੍ਹਾਂ ਨੂੰ ਆਪਣੇ ਅੰਦਰ ਝਾਤੀ ਜ਼ਰੂਰ ਮਾਰਨੀ ਚਾਹੀਦੀ ਹੈ। ਇਸ ਨਸਲਕੁਸ਼ੀ ਨੂੰ ਬਰਦਾਸ਼ਤ ਕਰਦੇ ਰਹਿਣ ਅਤੇ ਇਸ ਵਿਰੁੱਧ ਨਾ ਬੋਲਣ ਦਾ ਭਾਵ ਹੈ ਨਾ ਸਿਰਫ਼ ਪੱਤਰਕਾਰੀ, ਸਗੋਂ ਜਵਾਬਦੇਹੀ, ਲੋਕਤੰਤਰੀ ਮੁੱਲਾਂ ਅਤੇ ਨਿਆਂਪਸੰਦ ਭਵਿੱਖ ਦੀ ਸੰਭਾਵਨਾ ਨੂੰ ਨਸ਼ਟ ਕਰਨ 'ਚ ਭਾਗੀਦਾਰ ਬਣਨਾ। ਗਾਜ਼ਾ ਵਿਚ ਨਸਲਕੁਸ਼ੀ ਅਤੇ ਭਿਆਨਕ ਤਬਾਹੀ ਦੀ ਸੱਚਾਈ ਨੂੰ ਦੁਨੀਆ ਤੱਕ ਪਹੁੰਚਾਉਣ ਲਈ ਸਭ ਕੁਝ ਦਾਅ 'ਤੇ ਲਾ ਕੇ ਕੰਮ ਕਰ ਰਹੇ ਪੱਤਰਕਾਰਾਂ ਦੀ ਰਾਖੀ ਲਈ ਡੱਟਣਾ ਸਮੁੱਚੀ ਮਨੁੱਖਤਾ ਦਾ ਫ਼ਰਜ਼ ਹੈ। ਪੱਤਰਕਾਰਾਂ ਨੂੰ ਹਿੰਸਾ ਦੇ ਡਰ ਤੋਂ ਮੁਕਤ ਹੋ ਕੇ ਆਪਣਾ ਫ਼ਰਜ਼ ਨਿਭਾਉਣ ਦੀ ਆਜ਼ਾਦੀ ਮਿਲਣੀ ਚਾਹੀਦੀ ਹੈ। ਇਸ ਤੋਂ ਘੱਟ ਕੁਝ ਵੀ ਪ੍ਰਗਟਾਵੇ ਦੀ ਆਜ਼ਾਦੀ ਦੇ ਸਭ ਤੋਂ ਬੁਨਿਆਦੀ ਸਿਧਾਂਤਾਂ ਨਾਲ ਧੋਖਾ ਹੋਵੇਗਾ।

ਗ਼ਾਜ਼ਾ ਦੇ ਪੱਤਰਕਾਰਾਂ ਦੀ ਦਲੇਰੀ, ਵਚਨਬੱਧਤਾ ਅਤੇ ਕੁਰਬਾਨੀ ਸਾਡੇ ਤੋਂ ਮੁਕੰਮਲ ਹਮਾਇਤ ਅਤੇ ਲਗਾਤਾਰ ਵਕਾਲਤ ਦੀ ਮੰਗ ਕਰਦੀ ਹੈ। ਸਾਡੀ ਖ਼ਾਮੋਸ਼ੀ ਅਤੇ ਬੇਹਰਕਤੀ ਇਤਿਹਾਸ ਵਿਚ ਉਨ੍ਹਾਂ ਦੀ ਰਾਖੀ ਕਰਨ ਵਿਚ ਸਾਡੀ ਵੱਡੀ ਨਾਕਾਮੀ ਵਜੋਂ ਦਰਜ ਹੋਵੇਗੀ, ਜੋ ਅੱਜ ਸੱਚ ਨੂੰ ਸਾਹਮਣੇ ਲਿਆਉਣ ਲਈ ਹਵਾਈ ਹਮਲਿਆਂ ਅੱਗੇ ਹਿੱਕ ਡਾਹ ਕੇ ਲੜ ਰਹੇ ਹਨ।

ਜੰਗ ਵਿਚ ਪੱਤਰਕਾਰਾਂ ਦੀ ਸੁਰੱਖਿਆ ਲਈ ਅੰਤਰਰਾਸ਼ਟਰੀ ਨਿਯਮਾਂ ਨੂੰ ਮਜ਼ਬੂਤ ਬਣਾਉਣ ਤੇ ਲਾਗੂ ਕਰਨ ਅਤੇ ਸਰਕਾਰਾਂ ਨੂੰ ਉਲੰਘਣਾਵਾਂ ਲਈ ਜਵਾਬਦੇਹ ਬਣਾਉਣ 'ਤੇ ਜ਼ੋਰ ਦੇਣਾ ਅੱਜ ਸਮੇਂ ਦੀ ਵੱਡੀ ਮੰਗ ਹੈ। ਇਜ਼ਰਾਈਲ ਦੇ ਖ਼ੂਨੀ ਹੱਥ ਰੋਕਣ ਲਈ ਇਹ ਜ਼ੋਰਦਾਰ ਮੰਗ ਕਰਨੀ ਹੋਵੇਗੀ ਕਿ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣਾ ਬੰਦ ਕੀਤਾ ਜਾਵੇ ਅਤੇ ਗ਼ਾਜ਼ਾ ਪੱਟੀ ਵਿਚ ਅੰਤਰਰਾਸ਼ਟਰੀ ਮੀਡੀਆ ਦੀ ਪਹੁੰਚ ਅਤੇ ਕੰਮ ਕਰਨ ਦੀ ਆਜ਼ਾਦੀ ਯਕੀਨੀ ਬਣਾਈ ਜਾਵੇ।

# ਨੇਲ ਪਾਲਿਸ਼

ਇਸ ਵਾਰ ਘਰ ਨਾਟ-ਮੰਚ ਬਣ ਗਿਆ ਸੀ।

ਭੈਣ ਬੇਅੰਤ ਮੇਰੇ ਅੱਗੇ ਬਰੈੱਡ-ਆਮਲੇਟ ਤੇ ਕੌਫ਼ੀ ਰੱਖਦੀ ਕਹਿ ਗਈ ਸੀ, 'ਅੱਜ ਤਾਂ ਮੇਰੇ ਵੀਰ ਦੇ ਮੂੰਹ...ਸ਼ਗਨਾਂ ਦਾ ਲੱਡੂ ਲੱਗਣਾ!'

ਮੈਂ ਗਲ ਪਿਆ। ਬੂਹੇ ਵੱਲ ਵੇਖਿਆ ਤਾਂ ਭਾਪਾ ਕਾਰ ਨੂੰ ਕਾਹਲੀ-ਕਾਹਲੀ ਧੋ ਰਿਹਾ ਸੀ।

ਫਿਰ ਆਪਣੇ ਨੇੜਿਓਂ ਲੰਘਦੀ ਭੈਣ ਨੂੰ ਵੀ, ਭਾਪਾ ਕਹਿਣ ਲੱਗ ਪਿਆ ਸੀ, 'ਕੁੜੇ ਬੇਅੰਤ! ਆਪਣੀ ਬੀਬੀ ਨੂੰ ਕਹਿ ਜਲਦੀ-ਜਲਦੀ ਤਿਆਰ ਹੋ ਜਾਵੇ।'

ਮੰਚ 'ਤੇ ਪੁੱਜਣ ਲਈ ਸਾਰੇ ਪਾਤਰ ਤਿਆਰ ਹੋਣ ਲੱਗ ਪਏ ਸਨ।



ਜਦੋਂ ਦਾ ਮੈਂ ਘਰ ਪੈਰ ਪਾਇਆ ਸੀ। ਬੀਬੀ-ਭਾਪੇ ਨੇ ਇਕੋ ਸੁਰ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਸੀ,'ਕਾਕਾ ਸਹਿਜ! ਹੁਣ ਤੂੰ

**ਭਗਵੰਤ ਰਸੂਲਪੁਰੀ**
**ਫੋਨ: 94170-64350**

ਪੱਕਾ ਹੋ ਗਿਆ, ਬਸ ਚੂੜੇ ਵਾਲੀ ਘਰ 'ਚ ਲੈ ਆ!' ਬੀਬੀ ਉੱਠਦੀ-ਬੈਠਦੀ ਇਹੋ ਅਲਾਪ ਕਰਦੀ ਰਹਿੰਦੀ। ਕਦੇ ਉਹਦੀ ਸੁਰ ਥੱਲੇ ਹੁੰਦੀ ਕਦੇ ਉਪਰ।

ਤੇ ਭਾਪਾ ਅਕਸਰ ਹੀ ਸ਼ਾਮ ਨੂੰ ਪੈੱਗ ਲਾ, ਮੁੱਛਾਂ 'ਤੇ ਹੱਥ ਫੇਰਦਾ ਕਹਿਣ ਲੱਗ ਪੈਂਦਾ ਸੀ, 'ਵੇਖ ਸਹਿਜ ਪੁੱਤ! ਹੁਣ ਤੂੰ ਤੀਹਾਂ ਦੇ ਨੇੜੇ ਪੁੱਜ ਗਿਆਂ, ਪੜ੍ਹ ਵੀ ਗਿਆਂ ਤੇ ਸੈੱਟ ਵੀ ਹੋ ਗਿਆਂ, ਸਾਡੇ ਮਗਰ ਕੁੜੀਆਂ ਵਾਲੇ ਫਿਰਨ ਲੱਗ ਪਏ ਨੇ। ਸਵੇਰੇ ਈ ਚਾਹ ਪੀਣ ਦੇ ਟੈਮ ਫ਼ੋਨ ਵੱਜਣੇ ਸ਼ੁਰੂ ਹੋ ਜਾਂਦੇ ਨੇ...ਮੈਂ ਕਹਿ ਛੱਡਦਾਂ, ਬਈ ਮੁੰਡੇ ਨੇ ਆ ਜਾਣਾ, ਬੈਠ ਕੇ ਤਸੱਲੀ ਨਾਲ ਗੱਲ ਕਰਾਂਗੇ।'

ਤੇ ਆਖ਼ਰ ਭਾਪੇ ਨੇ ਮੇਰੇ ਘਰ ਪੁੱਜਣ 'ਤੇ ਮੈਨੂੰ ਰਿਸ਼ਤੇ ਦੇ ਜਾਲ 'ਚ ਫਸਾਉਣਾ ਸ਼ੁਰੂ ਕਰ ਦਿੱਤਾ ਸੀ।

ਮੈਂ ਹਾਂ-ਹੂੰ ਕਰਦੇ ਨੇ ਵੀਹ-ਪੱਚੀ ਦਿਨ ਲੰਘਾ ਦਿੱਤੇ ਸਨ। ਮੰਚਕਾਰੀ ਤੋਂ ਵਿੱਥ ਬਣਾ ਕੇ ਘਰ 'ਚ ਵਿਚਰਨ ਲੱਗ ਪਿਆ ਸਾਂ। ਆਖ਼ਰ ਭਾਪਾ ਮੋਢੇ 'ਤੇ ਰਿਸ਼ਤੇ ਦਾ ਜਾਲ ਸੁੱਟ ਕੇ ਮੇਰੇ ਮਗਰ-ਮਗਰ ਤੁਰ ਪਿਆ ਸੀ। 'ਏਹ ਵੀ ਕਰ ਲਵੇ ਆਪਣਾ ਰਾਂਝਾ ਰਾਜ਼ੀ' ਸੋਚ ਕੇ ਮੈਂ ਘਰ 'ਚ ਕੈਨੇਡਾ ਮੁੜਨ ਦੇ ਦਿਨ ਲੰਘਾਉਣ ਲੱਗ ਪਿਆ ਸਾਂ। ਫਿਰ ਜਾਣ ਤੋਂ ਇਕ ਦਿਨ ਪਹਿਲਾਂ ਹੀ ਮੌਕਾ ਤਾੜ ਕੇ ਭਾਪੇ ਨੇ ਮੇਰੇ ਉੱਤੇ ਜਾਲ ਸੁੱਟ ਦਿੱਤਾ ਸੀ।

...ਉਹ ਦਿਨ ਆ ਹੀ ਗਿਆ ਸੀ। ਨਾਟ-ਨਿਰਦੇਸ਼ਕ ਵਿਚੋਲੇ ਨੇ ਸਾਰੇ ਪਾਤਰ ਤੇ ਦਰਸ਼ਕ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਸਨ।

ਉਦੋਂ ਮੈਂ ਘੁੱਟਿਆ-ਵੱਟਿਆ ਜਿਹਾ...ਵਾਲਾਂ ਨੂੰ ਪਿੱਛੇ ਕਰ, ਰਬੜ ਬੈਂਡ ਪਾ ਕੇ... ਸੂਤਰਧਾਰ ਭਾਪੇ ਦੇ ਬਰੋਬਰ ਕਾਰ ਵਿਚ ਬੈਠ ਗਿਆ ਸਾਂ। ਭਾਪਾ ਪੂਰੇ ਜਲੌ 'ਚ ਸੀ। ਵਾਰ-ਵਾਰ ਮੁੱਛਾਂ 'ਤੇ ਹੱਥ ਲੈ ਜਾਂਦਾ ਤੇ ਖੰਘੂਰਾ ਮਾਰ ਕੇ ਕਹਿੰਦਾ, 'ਸਹਿਜ ਦੀ ਬੇਬੇ! ਛਾਬੜਾ ਸਵੀਟਸ ਤੋਂ ਪੰਜ ਕਿਲੋ ਮੋਤੀ ਚੂਰ ਦੇ ਲੱਡੂਆਂ ਦੇ ਡੱਬੇ ਚੁੱਕਣੇ ਐ... ਚੇਤਾ ਕਰਾ ਦਈਂ...ਸ਼ਗਨਾਂ ਦੇ ਕਾਰਜ ਵਿਚ ਲੱਡੂਆਂ ਦਾ ਹੋਣਾ ਜ਼ਰੂਰੀ ਹੁੰਦੈ।'

ਭੈਣ ਬੇਅੰਤ ਕੌਰ ਬੀਬੀ ਦੇ ਬਰਾਬਰ ਬੈਠੀ ਆਪਣੀ ਗੱਲ ਨੂੰ ਘਰੋੜ-ਘਰੋੜ ਕੇ ਕਹਿਣ ਲੱਗੀ ਹੋਈ ਸੀ, 'ਭਾਪਾ ਜੀ ਪੰਜ ਕਿਓਂ...ਦਸ ਲੈ ਕੇ ਜਾਓ...ਸੁਖ ਨਾਲ ਸ਼ਗਨ ਦਾ ਕੰਮ ਐ।'

ਫੇਰ ਭਾਪਾ ਮੇਰੇ ਵੱਲ ਵੇਖਦਾ ਕਹਿਣ ਲੱਗ ਪਿਆ ਸੀ, 'ਉਏ ਸਹਿਜ ਦੇ ਬੱਚਿਆ, ਇੰਡੀਆ ਆਉਣ ਤੋਂ ਪਹਿਲਾਂ ਦਾੜ੍ਹੀ-ਮੁੱਛ ਹੀ ਵਧਾ ਲੈਂਦਾ, ਥੋੜ੍ਹਾ ਰੋਹਬ ਪੈ ਜਾਂਦਾ...ਹੁਣ ਤਾਂ ਐਵੇਂ...ਪੁੱਤ ਤੂੰ ਆਪਣੇ ਭਾਪੇ ਦੀ ਮੁੱਛ ਈ ਦੇਖ ਲੈਂਦਾ...ਤੇਰਾ ਪਿਓ ਹਫ਼ਤੇ ਬਾਅਦ ਨਾਈ ਤੋਂ ਸ਼ੇਵ 'ਤੇ ਮੁੱਛਾਂ ਦੀ ਸੈਟਿੰਗ ਕਰਾਉਣ ਜਾਂਦੈ।' ਭਾਪਾ ਫਿਰ ਮੁੱਛਾਂ 'ਤੇ ਹੱਥ ਫੇਰਨ ਲੱਗ ਪਿਆ ਸੀ। ਜਦੋਂ ਕਿਤੇ ਜਾਣਾ ਹੁੰਦਾ ਭਾਪਾ ਖਿੱਚ ਕੇ ਸ਼ੇਵ ਕਰਦਾ, ਮੁੱਛਾਂ 'ਤੇ ਰੀਝ ਨਾਲ ਦੋ ਉਂਗਲਾਂ ਅਤੇ ਅੰਗੂਠਾ ਫੇਰਦਾ ਮਰੋੜੀ ਦਿੰਦਾ ਰਹਿੰਦਾ ਸੀ।

ਬੀਬੀ ਕਹਿਣ ਲੱਗ ਪਈ ਸੀ, 'ਲੈ ਜਾਣ ਦੇ ਹੁਣ...ਬਸ ਵੀ ਕਰ...ਸ਼ਗਨਾਂ ਦੇ ਕੰਮ ਵਿਚ ਐਦਾਂ ਖਰੋੜ੍ਹ ਨ੍ਹੀਂ ਕਰੀਦੀ ਹੁੰਦੀ... ਅੱਛਾ!' ਫਿਰ ਭੈਣ ਨੇ ਵਿਚ ਪੈ ਕੇ ਦੋਹਾਂ ਨੂੰ ਸ਼ਾਂਤ ਕੀਤਾ ਸੀ।

ਮੈਂ ਉਦੋਂ ਸਬਰ ਦਾ ਘੁੱਟ ਭਰ ਕੇ ਰਹਿ ਗਿਆ ਸਾਂ। ਜਦੋਂ ਮੈਂ ਆਪਣੀ ਪੀ.ਆਰ. ਦੀ ਖ਼ਬਰ ਭਾਪੇ ਨੂੰ ਦੱਸੀ ਤਾਂ ਭਾਪੇ ਹੁਰਾਂ ਜਸ਼ਨ ਮਨਾਉਣੇ ਸ਼ੁਰੂ ਕਰ ਦਿੱਤੇ ਸਨ। ਉਸੇ ਦਿਨ ਇਕ ਹੋਟਲ ਵਿਚ ਆਪਣੇ ਸਾਥੀ ਪ੍ਰਾਪਰਟੀ ਡੀਲਰ ਨਾਲ ਮਿਲ ਕੇ ਪਾਰਟੀ ਕੀਤੀ ਸੀ। ਉਥੇ ਹੀ ਮੈਨੂੰ ਵੀਡੀਓ ਕਾਲ ਕਰਨੀ ਸ਼ੁਰੂ ਕਰ ਦਿੱਤੀ ਸੀ। ਪਰ ਉਦੋਂ ਮੈਂ ਸੁਪਨਦੀਪ ਨਾਲ ਸਾਂ ਤੇ ਆਪਣੇ ਰੰਗਾਂ ਵਿਚ ਰੰਗਿਆ ਹੋਇਆ ਸਾਂ। ਫਿਰ ਭਾਪੇ ਹੁਰਾਂ ਮੈਨੂੰ ਪਾਰਟੀ ਦੀਆਂ ਫੋਟੋ ਭੇਜੀਆਂ ਸਨ। ਮੈਂ ਘਰ ਦਿਆਂ ਨਾਲ ਵੀਡੀਓ ਕਾਲ ਬਹੁਤ ਘੱਟ ਕਰਦਾ ਸਾਂ। ਕਦੇ ਕੰਮ ਦਾ ਬਹਾਨਾ ਲਾ ਦਿੰਦਾ ਕਦੇ ਕਾਲਜ ਦਾ। ਜਦੋਂ ਕਦੇ ਵੀਡੀਓ ਕਾਲ 'ਤੇ ਹੁੰਦਾ ਤਾਂ ਭਾਪਾ-ਬੀਬੀ ਮੇਰੇ ਹੁਲੀਏ ਨੂੰ ਵੇਖ ਕਈ ਸਵਾਲ ਕਰਦੇ ਰਹਿੰਦੇ, 'ਉਏ ਤੂੰ ਵਾਲ ਕਿਵੇਂ ਦੇ ਰੱਖੇ ਆ ਉਏ?... ਉਏ ਤੂੰ ਬਣਿਆ ਕੀ ਏਂ? ਮੈਂ ਅੱਗੋਂ ਕਹਿੰਦਾ 'ਯਾਰ ਭਾਪੇ! ਏਹ ਕੈਨੇਡਾ ਐ...ਏਥਰ ਤਰ੍ਹਾਂ-ਤਰ੍ਹਾਂ ਦੇ ਫੈਸ਼ਨ ਐ...ਤੁਸੀਂ ਪਿੰਡ 'ਚੋਂ ਕਦੇ ਬਾਹਰ ਨੀਂ ਨਿਕਲੇ ਤੁਹਾਨੂੰ ਕੀ ਪਤੈ ਡੱਡਾਂ ਕਿਹੜੇ ਛੱਪੜ 'ਚੋਂ ਪਾਣੀ ਪੀਂਦੀਆਂ। ਅੱਗੋਂ ਭਾਪਾ ਬੋਲ ਪੈਂਦਾ...ਓਏ ਤੇਰਾ ਪਿਓ ਸੱਤ ਪੱਤਣਾਂ ਦਾ ਤਾਰੂ ਐ ਤੇ ਹੁਣ ਥੱਕ ਘਾਟ-ਘਾਟ ਦਾ ਪਾਣੀ ਪੀ ਚੁੱਕੈ...' ਮੈਂ ਚੌੜਾ ਹੋ ਜਾਂਦਾ ਸਾਂ, 'ਉਏ ਭਾਪੇ ਕਈ ਵਾਰ ਥੋੜੇ ਵਰਗੇ ਤਾਰੂ ਐਵੇਂ ਗੋਤਾ ਖਾ ਜਾਂਦੇ ਐ...।' ਤੇ ਅਸੀਂ ਹੱਸ ਹੱਸ ਕੇ ਲੋਟ-ਪੋਟ ਹੋ ਜਾਂਦੇ ਸਾਂ।

ਸੱਤ ਸਾਲ ਹੋ ਗਏ ਸਨ ਮੈਨੂੰ ਕੈਨੇਡਾ ਦੇ ਸਰੀ ਸ਼ਹਿਰ ਆਇਆਂ। ਏਸ ਦੌਰਾਨ ਮੈਂ ਪੜ੍ਹਾਈ ਪੂਰੀ ਕੀਤੀ। ਕੰਮ ਕੀਤਾ ਤੇ ਤਿੰਨ ਸਾਲਾਂ 'ਚ ਪੱਕਾ ਹੋ ਗਿਆ। ਫਿਰ ਭਾਪਾ ਅਕਸਰ ਕਹਿਣ ਲੱਗ ਪੈਂਦਾ, 'ਆ ਜਾ ਮੁੰਡਿਆ! ਏਸ ਵਾਰ ਤੇਰਾ ਘਰ 'ਚ ਪੈਰ ਢੋਲ ਦੇ ਡਗੇ ਨਾਲ ਪਵਾਉਣਾ...ਕਹੇਂ ਤਾਂ ਤੇਰੀ ਟਿਕਟ ਕਰਾ ਦਿਆਂ...।

ਫਿਰ ਭਾਪਾ-ਬੀਬੀ ਤੇ ਭੈਣ ਨੂੰ ਮਿਲਣ ਲਈ ਮੇਰਾ ਮਨ ਵੀ ਕਾਹਲਾ ਪੈਣ ਲੱਗ ਪਿਆ। ਥੋੜ੍ਹਾ ਸਹਿਜ ਹੋ ਕੇ ਆਪਣੇ ਬੀਬੀ-ਭਾਪੇ ਦਾ ਸਹਿਜ ਬਣ ਕੇ ਮੈਂ ਇੰਡੀਆ ਜਾਣ ਵਾਲੇ ਜਹਾਜ਼ੇ ਚੜ੍ਹ ਗਿਆ ਸਾਂ।

ਮੰਗਣੀ ਦੀ ਪਾਰਟੀ ਕੁੜੀ ਵਾਲਿਆਂ ਨੇ ਹੋਟਲ 'ਚ ਰੱਖੀ ਹੋਈ ਸੀ। ਸਟੇਜ ਸਜੀ ਹੋਈ ਸੀ। ਦਰਸ਼ਕ ਤੇ ਪਾਤਰ ਪੁੱਜ ਰਹੇ ਸਨ। ਕੁੜੀ ਵਾਲੇ ਦਸ-ਪੰਦਰਾਂ ਬੰਦੇ-ਔਰਤਾਂ ਸਨ। ਸਾਡੇ ਵੱਲੋਂ ਮਾਮੇ-ਮਾਮੀਆਂ ਤੇ ਮਾਸੀਆਂ ਸਨ।

ਭਾਪਾ-ਬੀਬੀ ਤੇ ਕੁੜੀ ਦੇ ਮਾਂ-ਪਿਓ ਹੱਸ-ਹੱਸ ਗੱਲਾਂ ਕਰ ਰਹੇ ਸਨ। ਵਿਚੋਲਾ ਭਾਪੇ ਦਾ ਕੋਈ ਪ੍ਰਾਪਰਟੀ ਡੀਲਰ ਦੋਸਤ ਸੀ। ਵਿਚੋਲਣ ਨੇ ਕੁੜੀ ਨੂੰ ਖਿੱਚ ਕੇ ਮੇਰੇ ਸਾਹਮਣੇ ਕਰ ਦਿੱਤਾ। ਉਸ ਨੇ ਹੱਥ ਜੋੜ ਕੇ ਮੈਨੂੰ ਬੁਲਾਇਆ। ਕੁੜੀ ਵਾਕਿਆ ਹੀ ਬਹੁਤ ਸੋਹਣੀ ਸੀ। ਜਿੰਨਾ ਝੂਠ ਬੋਲ ਲਓ, ਓਨੀ। ਮੇਰੀ ਨਜ਼ਰ ਉਸ ਦੀ ਹੀਲ ਵਾਲੀ ਸੁਨਹਿਰੀ ਜੁੱਤੀ 'ਤੇ ਗਈ। ਮੈਂ ਥੱਲਿਓਂ ਉਪਰ ਤੱਕ ਉਸ ਵੱਲ ਨੀਝ ਨਾਲ ਦੇਖਿਆ। ਕੱਦ 'ਚ ਉਹ ਮੇਰੇ ਬਰਾਬਰ ਆਉਣ ਦੀ ਕੋਸ਼ਿਸ਼ 'ਚ ਸੀ। ਫਿਰ ਮੇਰੀ ਨਜ਼ਰ ਉਸ ਦੇ ਹੱਥਾਂ ਵੱਲ ਗਈ, ਉਹਨੇ ਗੋਲਡਨ ਕਲਰ ਦੀ ਨੇਲ ਪਾਲਿਸ਼ ਲਗਾਈ ਹੋਈ ਸੀ। ਹਲਕੇ ਗੋਲਡਨ ਕਲਰ ਦੇ ਪਲਾਜ਼ੋ ਸੂਟ 'ਚ ਉਹ ਪਰੀ ਲੱਗ ਰਹੀ ਸੀ।

ਉਦੋਂ ਹੀ ਮੇਰੇ ਮਨ ਵਿਚ ਸਰੀ ਦੀ ਸਿੰਗਲ ਬੈੱਡਰੂਮ ਵਾਲੀ ਬੇਸਮੈਂਟ 'ਚ ਅਨੇਕਾਂ ਹੀਲ ਵਾਲੇ ਸੈਂਡਲ ਘੁੰਮਣ ਲੱਗ ਪਏ। ਡਰੈਸਿੰਗ ਟੇਬਲ 'ਤੇ ਪਏ ਵੱਖ-ਵੱਖ ਕਲਰ ਦੇ ਨੇਲ ਪਾਲਿਸ਼ ਤੇ ਮੇਕਅਪ ਦਾ ਸਾਮਾਨ ਘੁੰਮਣ ਲੱਗ ਪਿਆ ਸੀ। ਮੇਰੇ ਅੰਦਰ ਅਜੀਬ ਜਿਹੀ ਹਲਚਲ ਹੋਣ ਲੱਗ ਪਈ ਸੀ। ਮੈਂ ਬੜੀ ਮੁਸ਼ਕਲ ਨਾਲ ਸਹਿਜ ਹੋਣ ਦੀ ਕੋਸ਼ਿਸ਼ ਕਰਨ ਲੱਗਾ ਸਾਂ। ਉਦੋਂ ਕੁ ਹੀ ਮੈਨੂੰ ਭਾਪੇ ਦਾ ਖੰਘੂਰਾ ਸੁਣਾਈ ਦਿੱਤਾ...ਮੈਨੂੰ ਭਾਪੇ ਦੀ ਖਿੱਚ ਕੇ ਕੀਤੀ ਸ਼ੇਵ ਤੇ ਉੱਪਰ ਨੂੰ ਕੀਤੀ ਮੁੱਛ ਦਿਖਾਈ ਦੇਣ ਲੱਗ ਪਈ। ਮੇਰੇ ਮਨ ਵਿਚੋਂ ਕੈਨੇਡਾ ਦੇ ਦ੍ਰਿਸ਼ ਧੁੰਦਲੇ ਹੋ ਗਏ। ਮੈਂ ਆਪਣੇ ਆਪ ਨੂੰ ਵਰਤਮਾਨ 'ਚ ਲੈ ਆਇਆ ਸਾਂ।... ਮੈਨੂੰ ਮੰਗਣੀ ਵਾਲੀ ਥਾਂ ਮੰਚ ਲੱਗਣ ਲੱਗ ਪਿਆ। ਮੈਂ ਇਕ ਪਾਤਰ ਬਣ ਕੇ ਮੰਚ ਵਿਚ ਵਿਚਰਨ ਲੱਗ ਪਿਆ ਸਾਂ। ਬੀਬੀ-ਭਾਪਾ ਤੇ ਕੁੜੀ ਵਾਲੇ ਹੰਢੇ ਹੋਏ ਕਲਾਕਾਰਾਂ ਵਾਂਗ ਮੰਚਕਾਰੀ ਕਰਨ ਲੱਗੇ ਮਹਿਸੂਸ ਹੋਣ ਲੱਗ ਪਏ ਸਨ। ਮੈਨੂੰ ਲੱਗਾ ਭੈਣ, ਭਾਪੇ-ਬੀਬੀ ਨਾਲ ਰਲ ਕੇ ਸਿਖੰਡਿਣ ਦਾ ਰੋਲ ਬਾ-ਖ਼ੂਬੀ ਨਿਭਾ ਰਹੀ ਸੀ। ਨਾਟਕ ਦਾ ਨਿਰਦੇਸ਼ਕ ਵਿਚੋਲਾ ਬੜੀ ਕੁਸ਼ਲਤਾ ਨਾਲ ਆਪਣੇ ਕਲਾਕਾਰਾਂ ਨੂੰ ਆਪਣਾ-ਆਪਣਾ ਰੋਲ ਸਮਝਾ ਰਿਹਾ ਸੀ। ਉਸ ਦੀ ਪਤਨੀ ਨਾਟਕ ਦੀ ਕੋ-ਨਿਰਦੇਸ਼ਕ ਬਣ ਕੇ ਉਹਦੀ ਹਾਂ ਵਿਚ ਹਾਂ ਮਿਲਾ ਰਹੀ ਸੀ। ਸ਼ਾਇਦ ਕੁੜੀ ਦੀ ਡਰੈਸ ਡਿਜ਼ਾਇਨਿੰਗ 'ਚ ਵੀ ਉਹਦੀ ਭੂਮਿਕਾ ਹੋਵੇ।

ਬੈਠਿਆਂ-ਬੈਠਿਆਂ ਹੀ ਮੈਂ ਨਾਟ ਨਿਰਦੇਸ਼ਕ ਦੀ ਆਵਾਜ਼ ਸੁਣੀ। ਉਸ ਨੇ ਮੈਨੂੰ ਵੀ ਨਾਟਕ 'ਚ ਅਦਾਕਾਰੀ ਕਰਨ ਲਈ 'ਵਾਜ਼ ਮਾਰ ਲਈ ਸੀ। ਨਿਰਦੇਸ਼ਕ ਨੇ ਮੰਚ 'ਤੇ ਦੋ ਕੁਰਸੀਆਂ ਰਖਵਾ



ਦਿੱਤੀਆਂ ਸਨ ਤੇ ਮੈਨੂੰ ਇਸ਼ਾਰਾ ਕੀਤਾ ਸੀ,

'ਸਹਿਜ ਬੇਟਾ! ਆ ਬਈ ਹੁਣ, ਸ਼ਗਨ ਦਾ ਵੇਲਾ ਹੋ ਗਿਆ।'

ਪਰ ਕੋ-ਨਿਰਦੇਸ਼ਕ ਵਿਚੋਲੇ ਦੀ ਪਤਨੀ ਨੇ ਨਾਟਕ ਨੂੰ ਇਕ ਹੋਰ ਮੋੜ ਦੇ ਦਿੱਤਾ ਸੀ। ਉਹ ਮੈਨੂੰ ਤੇ ਕੁੜੀ ਨੂੰ ਇਕ ਹੋਰ ਸਟੇਜ 'ਤੇ ਲੈ ਵੜੀ, ਇਹ ਕਹਿੰਦੀ ਹੋਈ, 'ਰੁਕੋ-ਰੁਕੋ ਅਜੇ...ਮੁੰਡਾ-ਕੁੜੀ ਇਕ-ਦੂਜੇ ਨੂੰ ਕੋਈ ਗੱਲ ਪੁੱਛ-ਦੱਸ ਤਾਂ ਲੈਣ।'

ਕੁੜੀ ਮੇਰੇ ਸਾਹਮਣੇ ਆ ਬੈਠੀ ਸੀ। ਨਾਟਕ ਦਾ ਅਗਲਾ ਸੀਨ ਚਲ ਪਿਆ ਸੀ। ਮੈਂ ਬੈਠਦਿਆਂ ਸਾਰ ਹੀ ਬੋਲਿਆ, 'ਮੈਨੂੰ ਤੁਹਾਡੀ ਹੀਲ ਵਾਲੀ ਜੁੱਤੀ ਪਸੰਦ ਏ...ਮੈਂ ਵੀ ਇਸੇ ਤਰ੍ਹਾਂ ਦੀ ਹੀਲ ਪਸੰਦ ਕਰਦਾਂ...ਨੁਕੀਲੀ ਤੇ ਤਿੱਖੀ! ਜੋ ਵੇਖਣ ਵਾਲੇ ਦੇ ਦਿਲ 'ਚ ਖੁੱਭ ਜਾਵੇ...।'

ਕੁੜੀ ਹੱਸ ਪਈ। ਬੋਲੀ ਕੁਝ ਨਹੀਂ ਸੀ। ਮੈਂ ਫਿਰ ਕਿਹਾ ਸੀ, 'ਉਹ ਹਾਂ...ਨੇਲ ਪਾਲਿਸ਼ ਤੁਸੀਂ ਬੜੇ ਸਲੀਕੇ ਨਾਲ ਲਗਾਇਆ ਏ। ਏਸ ਤਰ੍ਹਾਂ ਦਾ ਨੇਲ ਪਾਲਿਸ਼ ਤਾਂ ਮੇਰਾ ਫੇਵਰਟ ਏ...ਤੇ ਮੇਕਅੱਪ ਵਾਹ...ਖ਼ੂਬਸੂਰਤ ਹੋਣਾ ਤੇ ਖ਼ੂਬਸੂਰਤ ਬਣ ਕੇ ਦੂਜੇ ਦੇ ਸਾਹਮਣੇ ਆ ਉਹਨੂੰ ਆਪਣੀ ਮੁੱਠੀ 'ਚ ਕਰਨਾ ਕਿਸੇ-ਕਿਸੇ ਨੂੰ ਆਉਂਦਾ ਏ, ਪਲਾਜ਼ੋ ਸੂਟ ਦਾ ਕੰਟਰਾਸਟ ਵੀ ਕਮਾਲ ਦਾ ਏ...ਸਭ ਕੁਝ ਮੇਰੀ ਪਸੰਦ ਦਾ...ਕਦੇ ਕਦੇ ਤਾਂ ਕਮਾਲ ਹੋ ਜਾਂਦੀ ਐ।'

ਕੁੜੀ ਸ਼ਰਮਾ ਗਈ ਸੀ। ਏਸ ਤੋਂ ਅੱਗੇ ਮੈਂ ਹੋਰ ਗੱਲ ਕਰਦਾ, ਦਰਵਾਜ਼ੇ 'ਤੇ ਠੱਕ-ਠੱਕ ਹੋਈ। ਨਾਟ ਨਿਰਦੇਸ਼ਕ ਦੀ ਪਤਨੀ ਦਰਵਾਜ਼ੇ 'ਚ ਖੜ੍ਹੀ ਸੀ, 'ਆ ਜਾਓ ਬਈ!...ਬਾਕੀ ਗੱਲਾਂ ਫੋਨਾਂ ਅਤੇ ਵੀਡੀਓ ਕਾਲ 'ਤੇ ਕਰੀ ਜਾਇਓ! ਹੁਣ ਤਾਂ ਬੜਾ ਕੁਝ ਆ ਗਿਆ...ਵੇਖਣ-ਪਰਖਣ ਨੂੰ...ਤੁਹਾਨੂੰ ਇਕ ਦੂਜੇ ਦਾ ਨੰਬਰ ਦੇ ਦਿਆਂਗੇ।'

ਅਸੀਂ ਉਠ ਪਏ ਸਾਂ।

ਸਟੇਜ 'ਤੇ ਰੱਖੀਆਂ ਕੁਰਸੀਆਂ ਉੱਤੇ ਮੈਂ ਤੇ ਉਹ ਬੈਠ ਗਏ ਸਾਂ। ਕੁੜੀ ਦੀ ਮਾਂ ਨੇ ਮੇਰੀ ਝੋਲੀ ਲੱਡੂਆਂ ਦਾ ਡੱਬਾ, ਸ਼ਗਨਾਂ ਦੇ ਪੈਸੇ ਰੱਖ ਕੇ ਮੇਰੇ ਮੂੰਹ ਨੂੰ ਮੋਤੀ ਚੂਰ ਦਾ ਲੱਡੂ ਲਗਾਇਆ। ਮੈਨੂੰ ਬੇਅੰਤ ਭੈਣ ਦੀ ਸ਼ਗਨਾਂ ਦੇ ਲੱਡੂ ਵਾਲੀ ਗੱਲ ਚੇਤੇ ਆ ਗਈ ਸੀ। ਫਿਰ ਬੀਬੀ ਨੇ ਕੁੜੀ ਦੀ ਝੋਲੀ ਸ਼ਗਨ ਪਾਇਆ। ਮੈਂ ਕੁੜੀ ਦੇ ਤੇ ਉਸ ਨੇ ਮੇਰੇ ਰਿੰਗ ਪਾਈ ਸੀ। ਹਾਲ 'ਚ ਆਏ ਰਿਸ਼ਤੇਦਾਰਾਂ ਨੇ ਦਰਸ਼ਕਾਂ ਵਾਲੀ ਅਦਾਕਾਰੀ ਸੋਹਣੀ ਕੀਤੀ। ਹਾਲ ਵਿਚ ਤਾੜੀਆਂ ਦੀ ਗੂੰਜ ਸੀ। ਭਾਪਾ, ਕੁੜੀ ਦਾ ਪਿਓ ਤੇ ਵਿਚੋਲਾ ਜੱਫ਼ੀ-ਜੱਫ਼ੀ ਹੋਈ ਜਾ ਰਹੇ ਸਨ।

ਸ਼ਗਨ ਤੋਂ ਬਾਅਦ ਸਾਰੇ ਰਿਸ਼ਤੇਦਾਰਾਂ ਨੇ ਚਾਹ-ਪਕੌੜਿਆਂ ਨਾਲ ਜਸ਼ਨ ਮਨਾਇਆ। ਭਾਪੇ ਹੁਰੀਂ ਇਕ ਨੁੱਕਰੇ ਪੈੱਗ ਲਗਾਉਣ ਬੈਠ ਗਏ।

ਉਸ ਦਿਨ ਭਾਪਾ-ਬੀਬੀ ਖ਼ੁਸ਼ ਸਨ। ਮੈਂ ਆਪਣੇ ਆਪ ਨੂੰ ਕਠਪੁਤਲੀ ਬਣ ਗਿਆ ਮਹਿਸੂਸ ਕਰਨ ਲੱਗ ਪਿਆ ਸਾਂ। ਭੈਣ ਚੁੱਪ ਕਰਕੇ ਬੈਠੀ ਹੋਈ ਸੀ। ਉਹ ਮੇਰੇ ਤੋਂ ਪੰਜ ਸਾਲ ਵੱਡੀ ਸੀ। ਪ੍ਰਾਇਮਰੀ ਸਕੂਲ ਵਿਚ ਪੱਕੀ ਨੌਕਰੀ ਕਰਦਿਆਂ, ਉਹਨੂੰ ਸੱਤ ਸਾਲ ਹੋ ਗਏ ਸਨ। ਭਾਪੇ ਹੁਰਾਂ ਉਸ ਲਈ ਕਈ ਸਾਲ ਪਹਿਲਾਂ ਤੋਂ ਮੁੰਡਾ ਲੱਭਣਾ ਸ਼ੁਰੂ ਕਰ ਦਿੱਤਾ ਸੀ।

ਮੁੰਡੇ ਵਾਲੇ ਬੇਅੰਤ ਨੂੰ ਵੇਖਦੇ। ਉਹਦੀ ਚਾਲ, ਗੱਲ-ਬਾਤ ਸੁਣਦੇ ਤੇ 'ਸਲਾਹ ਕਰਕੇ ਦੱਸਾਂਗੇ' ਕਹਿ ਕੇ ਤੁਰ ਜਾਂਦੇ। ਭਾਪਾ ਉਸ ਨੂੰ ਘਰੋਂ ਤੋਰਨਾ ਚਾਹੁੰਦਾ ਸੀ। ਪਰ ਕਿਤੇ ਢੋਅ-ਮੇਲ ਬਣ ਨਹੀਂ ਸੀ ਰਿਹਾ। ਨਾ ਕੋਈ ਗੱਲ ਕਿਸੇ ਤਣ-ਪੱਤਣ ਲੱਗਦੀ ਸੀ। ਉਦੋਂ ਮੈਂ ਕੈਨੇਡਾ ਪੜ੍ਹ ਰਿਹਾ ਸਾਂ। ਬੀਬੀ-ਭਾਪਾ ਤਾਂ ਬੇਅੰਤ ਦੇ ਰਿਸ਼ਤੇ ਦੀਆਂ ਮੇਰੇ ਨਾਲ ਗੱਲਾਂ ਕਰਦੇ ਨਹੀਂ ਸਨ ਥੱਕਦੇ ਪਰ ਮੈਂ ਥੱਕ ਜਾਂਦਾ ਸਾਂ, ਬੇਅੰਤ ਵੀ ਆਪਣੇ ਰਿਸ਼ਤੇ ਦੀਆਂ ਗੱਲਾਂ ਮੇਰੇ ਨਾਲ ਕਰ ਲੈਂਦੀ। ਇਕ ਦਿਨ ਮੈਂ ਪੁੱਛ ਬੈਠਾ, 'ਭੈਣ! ਕੱਲ੍ਹ ਜੋ ਮੁੰਡੇ ਵਾਲੇ ਤੈਨੂੰ ਵੇਖਣ ਆਏ ਸੀ...ਕੀ ਕਹਿੰਦੇ ਫੇਰ?'

ਕਹਿਣ ਲੱਗੀ, 'ਕੀ ਦੱਸਾਂ! ਮੁੰਡੇ ਦੀ ਮਾਂ ਕਹਿੰਦੀ, ਤੁਹਾਡੀ ਕੁੜੀ 'ਚ ਤਾਂ ਜਮਾਂ ਕਣ ਨੀ...ਸਿਰ ਤੋਂ ਪੈਰਾਂ ਤੱਕ ਸ਼ਤੀਰ ਜਿਹੀ ਲੱਗਦੀ ਐ। ਏਹਦੀ ਨੌਕਰੀ ਅਸੀਂ ਕੀ ਕਰਨੀ...ਕੁੜੀ 'ਚ ਭੋਰਾ ਕਣ ਤਾਂ ਹੋਵੇ।'

ਮੈਂ ਉਦੋਂ ਹੱਸ ਪਿਆ ਸਾਂ। ਮੈਨੂੰ ਪ੍ਰੀਤੂ ਚੌਕੀਦਾਰ ਦੀ ਗੱਲ ਚੇਤੇ ਆ ਗਈ। ਉਦੋਂ ਬੋਹੜ ਥੱਲੇ ਖੜ੍ਹ ਕੇ ਉਹ ਮੈਨੂੰ ਰੋਕ ਕੇ ਕਹਿਣ ਲੱਗਾ ਸੀ, 'ਉਏ ਸਹਿਜ ਕੱਲ੍ਹ ਦੁਪਹਿਰੇ ਮੈਂ ਤੁਹਾਡੇ ਘਰ ਗਿਆ...ਹਾਕਾਂ ਮਾਰੀ ਜਾਵਾਂ...ਕੋਈ ਬੋਲੇ ਹੀ ਨਾ...ਹਾਕਾਂ ਮਾਰਦਾ ਵਿਹੜੇ 'ਚ ਚਲਾ ਗਿਆ, ਅੰਦਰੋਂ 'ਵਾਜ਼ ਆਈ, 'ਅਖੇ ਚਾਚਾ ਅੰਦਰ ਲੰਘ ਆ'...ਜਮਾਂ ਮੁੰਡਿਆ ਤੇਰੇ ਵਰਗੀ 'ਵਾਜ਼...ਲੱਗਾ ਜਿਵੇਂ ਤੂੰ ਬੋਲ ਰਿਹਾ ਹੋਵੇਂ...ਅੰਦਰ ਗਿਆ ਤਾਂ ਆਪਣੀ ਬੇਅੰਤ ਕੌਰ ਬੈਠੀ ਆਲੂ ਛਿੱਲ ਰਹੀ ਸੀ। ਉਹਨੂੰ ਵੇਖ ਕੇ ਇਕ ਵਾਰ ਤਾਂ ਮੇਰਾ ਸਿਰ ਘੁੰਮਿਆ...ਅੱਖਾਂ ਹੋਰ ਉਘਾੜ ਕੇ ਬੋਲਿਆ, 'ਕੁੜੇ ਅੰਦਰ ਕੌਣ ਬੋਲਿਆ?'... ਕਹਿਣ ਲੱਗੀ...'ਚਾਚਾ ਮੈਂ ਬੋਲਦੀ ਪਈ ਆਂ!'... ਫੇਰ ਜਮਾਂ ਤੇਰੇ ਵਰਗੀ 'ਵਾਜ਼...ਮੈਂ ਕਿਹਾ ਕੁੜੇ ਤੇਰੀ 'ਵਾਜ਼ ਨੂੰ ਕੀ ਹੋ ਗਿਆ...ਕਿਤੇ ਦੋਵੇਂ ਭੈਣ-ਭਰਾ ਰਲ ਕੇ ਚਾਚੇ ਨਾਲ ਮਕਰੀ ਤਾਂ ਨੀ ਮਾਰਦੇ?'

ਫਿਰ ਪ੍ਰੀਤੂ ਚੌਕੀਦਾਰ ਨੇ ਬੇਅੰਤ ਦੀਆਂ ਕਿੰਨੀਆਂ ਈ ਗੱਲਾਂ ਪਿੰਡ 'ਚ ਫੈਲਾ ਦਿੱਤੀਆਂ ਸਨ। ਗੱਲਾਂ ਨੂੰ ਖੰਭ ਲੱਗਦੇ ਤੇ ਉਹ ਪਿੰਡ ਵਿਚ ਉੱਡਣ ਲੱਗ ਪੈਂਦੀਆਂ। ਉੱਡਦੀਆਂ-ਉੱਡਦੀਆਂ ਭਾਪੇ ਦੇ ਕੰਨੀਂ ਵੀ ਪੈ ਜਾਂਦੀਆਂ। ਕਦੇ-ਕਦੇ ਭਾਪਾ ਪ੍ਰੀਤੂ ਚੌਕੀਦਾਰ ਨੂੰ ਘੇਰ ਕੇ ਖੜ ਜਾਂਦਾ, 'ਓਏ ਲੰਗੜਿਆ! ਤੂੰ ਸਾਡੀ ਕੁੜੀ ਬਾਰੇ ਕੀ ਪੁੱਠਾ ਸਿੱਧਾ ਬੋਲਦਾ ਰਹਿੰਦਾ। ਕੰਜਰ ਦਿਆ ਦੂਜੀ ਲੱਤ ਵੀ ਤੋੜ ਦਊਂ।'

ਤੇ ਅੱਗੋਂ ਪ੍ਰੀਤੂ ਕੰਬਦਾ-ਕੰਬਦਾ ਭਾਪੇ ਦੇ ਪੈਰੀਂ ਹੱਥ ਲਾਉਣ 'ਤੇ ਆ ਜਾਂਦਾ। ਫੇਰ ਬੋਹੜ ਥੱਲੇ ਆ ਆਪੇ ਹਵਾ ਨਾਲ ਗੱਲਾਂ ਕਰਨ ਲੱਗ ਜਾਂਦਾ, 'ਲੈ ਸੱਚ ਤਾਂ ਸੱਚ ਐ...ਭਾਵੇਂ ਤੁਸੀਂ ਸੁਣ ਲਓ...ਕੁਦਰਤ ਬੜੀ ਬੇ-ਅੰਤ ਐ ਭਾਈ...ਬੰਦਾ ਏਥੇ ਕੁਝ ਨੀਂ ਕਰ ਸਕਦਾ...ਉਹਦੀਆਂ ਖੇਡਾਂ ਉਹੀ ਜਾਣਦਾ ਐ...ਬੰਦਾ ਚਾਹੇ ਜਿੰਨੀ ਮਰਜ਼ੀ ਮੁੱਛ ਉੱਤੇ ਨੂੰ ਚੁੱਕੀ ਜਾਵੇ...ਕੁਦਰਤ ਝਟ-ਪਟ ਨੀਵੀਂ ਕਰ ਦਿੰਦੀ ਐ...ਅੱਛਾ ਦਾਤਿਆ ਭਲੀ ਕਰੀਂ...।'

ਇਨ੍ਹਾਂ ਗੱਲਾਂ ਕਰਕੇ ਭਾਪਾ-ਬੀਬੀ ਦੁਖੀ ਰਹਿਣ ਲੱਗ ਪਏ ਸਨ। ਫਿਰ ਉਹ ਸਮਾਂ ਵੀ ਆਇਆ ਕਿ ਬੇਅੰਤ ਨੂੰ ਰਿਸ਼ਤੇ ਆਉਣੋਂ ਹੀ ਹਟ ਗਏ। ਮਾੜੀ ਜਿਹੀ ਗੱਲ ਚੱਲਦੀ। ਮੁੰਡੇ ਵਾਲੇ ਪਿੰਡ ਵਿਚ ਪੁੱਛ-ਗਿੱਛ ਕਰਦੇ ਤੇ ਗੱਲ ਠੱਪ ਹੋ ਜਾਂਦੀ। ਜੇ ਕੋਈ ਮਾੜਾ-ਧੀੜਾ ਆ ਜਾਂਦਾ ਤਾਂ ਭੈਣ ਤੋੜ ਕੇ ਜਵਾਬ ਦੇ ਦਿੰਦੀ, 'ਮੈਂ ਤਾਂ ਹੁਣ ਏਧਰ ਰਿਸ਼ਤਾ ਕਰਾਉਣਾ ਈ ਨਹੀਂ, ਮੈਂ ਤਾਂ ਸਹਿਜ ਕੋਲ ਕੈਨੇਡਾ ਵਗ ਜਾਣਾ।'

ਮੰਗਣੀ ਵਾਲੇ ਦਿਨ ਬੀਬੀ ਨੇ ਸਾਰੇ ਸ਼ਰੀਕੇ 'ਚ ਲੱਡੂ ਵੰਡੇ। ਮੈਂ ਕੈਨੇਡਾ ਜਾਣ ਦੀ ਤਿਆਰੀ ਕਰਨ ਲੱਗ ਪਿਆ ਸਾਂ। ਸ਼ਾਮ ਹੋਈ ਤਾਂ ਭਾਪੇ ਦੀ ਗੱਡੀ ਚੁੱਕ ਕੇ ਸ਼ਹਿਰ ਕੁਝ ਸਾਮਾਨ ਲੈਣ ਤੁਰ ਪਿਆ। ਭਾਪੇ ਦੇ ਯਾਰ-ਬੇਲੀ ਦੇਰ ਰਾਤ ਤੱਕ ਦਾਰੂ ਪੀਂਦੇ ਰਹੇ। ਘਰੋਂ ਨਿਕਲਦਾ ਦੇਖ, ਭਾਪੇ ਨੇ ਕਿਹਾ ਵੀ ਸੀ, 'ਸਹਿਜ ਪੁੱਤ! ਮੈਂ ਚੱਲਦਾਂ ਤੇਰੇ ਨਾਲ।' ਪਰ ਮੈਂ ਤਾਂ ਇਕੱਲਾ ਹੀ ਜਾਣਾ ਚਾਹੁੰਦਾ ਸਾਂ।

ਉਸ ਦਿਨ ਬਾਜ਼ਾਰ ਜਾ ਕੇ ਮੈਂ ਹੀਲ ਵਾਲੀਆਂ ਜੁੱਤੀਆਂ ਦੇ ਚਾਰ ਜੋੜੇ ਲਏ, ਗੂੜ੍ਹੇ ਲਾਲ ਤੇ ਚਾਂਦੀ ਰੰਗੇ...ਇਕ ਗੋਲਡਨ। ਦੋ ਪਾਰਟੀ 'ਤੇ ਪਾਉਣ ਵਾਲੇ ਮਹਿੰਗੇ ਸੂਟ...ਜਦੋਂ ਦੁਕਾਨਦਾਰ ਨੇ ਸਾਈਜ਼ ਤੇ ਫਿਟਿੰਗ ਪੁੱਛੀ ਤਾਂ ਮੈਂ ਆਪਣੇ ਸਾਈਜ਼ ਦੇ ਦਿਖਾਉਣ ਨੂੰ ਕਹਿ ਦਿੱਤਾ। ਦੁਕਾਨਦਾਰ ਹੱਸਦਾ-ਹੱਸਦਾ ਕਹਿਣ ਲੱਗਾ, 'ਲੱਗਦਾ ਤੁਸੀਂ ਬਾਹਰ ਲੈ ਕੇ ਜਾਣੇ ਨੇ।'... 'ਜੀ-ਜੀ ਬਿਲਕੁਲ।' ਕਹਿ ਕੇ ਮੈਂ ਦੋ ਸੂਟ ਪਸੰਦ ਕਰ ਲਏ ਸਨ।

ਫਿਰ ਦੂਜੀ ਦੁਕਾਨ ਉੱਤੇ ਜਾ ਕੇ ਮਹਿੰਗੇ ਬਰੈਂਡ ਵਾਲਾ ਮੇਕਅੱਪ ਦਾ ਸਾਮਾਨ ਕਾਲੇ ਪੋਲੀਥੀਨ ਵਿਚ ਪਵਾ ਕੇ ਸਾਂਭ ਲਿਆ ਸੀ। ਘਰ ਆ, ਆਪਣੇ ਕਮਰੇ ਦੀ ਕੁੰਡੀ ਲਗਾ ਕੇ ਸਾਰਾ ਖ਼ਰੀਦਿਆ ਸਾਮਾਨ ਅਟੈਚੀ ਵਿਚ ਪਾ, ਜਿੰਦੀ ਲਗਾ ਕੇ ਚਾਬੀ ਸਾਂਭ ਲਈ।

ਦੂਜੇ ਦਿਨ ਭਾਪੇ-ਬੀਬੀ ਨੇ ਮੈਨੂੰ ਦਿੱਲੀ ਏਅਰਪੋਰਟ ਛੱਡਣ ਜਾਣਾ ਸੀ। ਰਾਤ ਬਾਰਾਂ ਕੁ ਵਜੇ ਫਲਾਈਟ ਸੀ ਤੇ ਮੈਂ ਆਪਣੇ 'ਸੁਪਨ ਸੰਸਾਰ' 'ਚ ਪੁੱਜਣ ਲਈ ਜਹਾਜ਼ 'ਚ ਬੈਠਣਾ ਸੀ।

******

ਚਾਰ ਨੰਬਰ ਟਰਮੀਨਲ 'ਤੇ ਪੁੱਜ ਕੇ ਇਕ ਵਾਰ ਫਿਰ ਆਪਣਾ ਪਾਸਪੋਰਟ, ਜਹਾਜ਼ ਦੀ ਟਿਕਟ ਦਾ ਸਮਾਂ, ਪੀ.ਆਰ. ਕਾਰਡ, ਡਰਾਈਵਿੰਗ ਲਾਇਸੈਂਸ, ਬੈਂਕ ਦਾ ਕਾਰਡ ਤੇ ਡਾਲਰ ਚੈਕ ਕੀਤੇ। ਟਰਾਲੀ 'ਤੇ ਬੈਗ ਲੱਦੀ ਮੈਂ ਲਾਈਨ 'ਚ ਲੱਗਣ ਦੀ ਤਿਆਰੀ ਕਰ ਹੀ ਰਿਹਾ ਸਾਂ ਕਿ ਮੇਰੀ ਨਜ਼ਰ ਭੈਣ ਬੇਅੰਤ ਵੱਲ ਚਲੇ ਗਈ। ਮੈਂ ਭਰਵੀਂ ਨਜ਼ਰ ਨਾਲ ਉਹਦੇ ਵੱਲ ਦੇਖਿਆ। 'ਵਿਚਾਰੀ' ਮੇਰੇ ਧੁਰ ਅੰਦਰੋਂ ਹੌਕਾ ਨਿਕਲਿਆ ਸੀ। ਪੈਂਤੀ ਸਾਲਾਂ ਤੱਕ ਪੁੱਜਦਿਆਂ ਹੀ ਉਹਦੇ ਦੁਆਲਿਓਂ ਕਿੰਨਾ ਕੁਝ ਝੜ ਗਿਆ ਸੀ। ਚਿਹਰੇ ਦੀਆਂ ਹੱਡੀਆਂ ਦਿਸਣ ਲੱਗ ਪਈਆਂ ਸਨ। ਅੱਖਾਂ ਵਿਚ ਵੜ ਗਈਆਂ ਸਨ। ਦੇਹ 'ਤੇ ਭੋਰਾ ਰੋਹਬ ਨਹੀਂ ਰਿਹਾ ਸੀ। ਮੈਂ ਉਹਦੇ ਨੇੜੇ ਹੋਇਆ ਤਾਂ ਉਹ ਮੇਰੇ ਗਲ਼ ਲੱਗ ਕੇ ਸਿਸਕਣ ਲੱਗ ਪਈ। ਮੈਨੂੰ ਉਦੋਂ ਲੱਗਾ, ਜਿਵੇਂ ਮੈਂ ਹੱਡੀਆਂ ਦੀ ਮੁੱਠ ਨੂੰ ਕਲਾਵੇ ਵਿਚ ਲੈ ਲਿਆ ਹੋਵੇ। ਮੇਰੀਆਂ ਵੀ ਅੱਖਾਂ ਭਰ ਆਈਆਂ ਸਨ।

'ਸਹਿਜ ਤੂੰ ਤਾਂ ਭਰਾਵਾ ਚੰਗੇ ਮੌਕੇ ਕੈਨੇਡਾ ਚਲੇ ਗਿਆ...ਬੀਬੀ-ਭਾਪੇ ਤੇ ਪਿੰਡ ਦੇ ਲੋਕਾਂ ਤੋਂ ਦੂਰ...ਆਜ਼ਾਦ ਹੋ ਕੇ ਮਨ ਮਰਜ਼ੀ ਨਾਲ ਆਪਣੀ ਜ਼ਿੰਦਗੀ ਜਿਓਂ ਰਿਹਾਂ...ਉਥੇ ਤੇਰੇ ਵੱਲ ਵੇਖਣ ਵਾਲਾ ਕੋਈ ਨੀਂ...ਤੈਨੂੰ ਟੋਕਣ ਵਾਲਾ ਕੋਈ ਨੀਂ...ਪਿੰਡ ਵਿਚ ਤਾਂ ਮੈਂ ਬੋਲ ਵੀ ਨਹੀਂ ਸਕਦੀ...ਨਿਗੁਣੀ ਜਿਹੀ ਕਮੀਜ਼ ਨੀਂ ਪਾ ਸਕਦੀ...ਨਿਆਣੇ ਹੱਸਣ ਲੱਗ ਪੈਂਦੇ ਨੇ...'ਔਹ ਗਿਆ ਓਏ... ਆ ਗਿਆ ਓਏ'... ਕਹਿ ਨੱਠ ਜਾਂਦੇ ਨੇ। ਸਹਿਜ! ਮੈਨੂੰ ਵੀ ਕੈਨੇਡਾ ਲੈ ਜਾ...ਮੈਂ ਵੀ ਆਪਣੀ ਬਚਦੀ ਜ਼ਿੰਦਗੀ 'ਸਹਿਜ' ਹੋ ਕੇ ਜੀਅ ਲਵਾਂ...।' ਬੇਅੰਤ ਮੈਨੂੰ ਕਹਿ ਰਹੀ ਸਿਸਕੀਆਂ ਭਰ ਰਹੀ ਸੀ।

ਸਾਡੇ ਤੋਂ ਕੁਝ ਫ਼ਾਸਲੇ 'ਤੇ ਬੀਬੀ-ਭਾਪਾ ਖੜ੍ਹੇ ਸਨ। ਭਾਪੇ ਦਾ ਮੁੱਛ ਵੱਲ ਜਾਂਦਾ-ਜਾਂਦਾ ਹੱਥ ਰੁਕ ਗਿਆ ਸੀ। ਉਹਦੀਆਂ ਵੀ ਅੱਖਾਂ ਭਰ ਆਈਆਂ ਸਨ।

ਮੈਂ ਭੈਣ ਨੂੰ ਹੌਸਲਾ ਦਿੱਤਾ, 'ਹੌਸਲਾ ਰੱਖ ਭੈਣੇ! ਨੀਲੀ ਛਤਰੀ ਆਲਾ ਜੋ ਕਰਦਾ ਸਹੀ ਕਰਦਾ, ਬੰਦੇ ਨੂੰ ਉਹਦੀ ਰਜ਼ਾ 'ਚ ਰਹਿਣਾ ਪੈਂਦਾ।' ਤੇ ਮੈਂ ਭੈਣ ਨੂੰ ਛੱਡ ਬੀਬੀ ਭਾਪੇ ਦੇ ਪੈਰੀਂ ਹੱਥ ਲਾ ਕੇ ਏਅਰ ਪੋਰਟ ਅੰਦਰ ਜਾਣ ਵਾਲੀ ਕਤਾਰ 'ਚ ਜਾ ਖੜ੍ਹਾ ਸਾਂ। ਭੈਣ ਦੀਆਂ ਅੱਖਾਂ ਰੋ-ਰੋ ਲਾਲ ਹੋ ਗਈਆਂ ਸਨ। ਬੀਬੀ-ਭਾਪਾ ਹੌਸਲਾ ਦੇਣ ਲੱਗੇ ਹੋਏ ਸਨ।

****

ਜਹਾਜ਼ ਵਿਚ ਬੈਠ ਮੈਂ ਇਕ ਵਾਰ ਫਿਰ ਸੁਪਨਦੀਪ ਨਾਲ ਜੁੜ ਗਿਆ ਸਾਂ। ਰਿਸ਼ਤਾ ਮੈਂ ਭਾਪੇ-ਬੀਬੀ ਡਰੋਂ ਕਰਵਾ ਆਇਆ ਸਾਂ। ਸੋਚਿਆ ਸੀ ਇਹ ਕੇਵਲ ਮੰਗਣਾ ਹੀ ਏ। ਏਥੇ ਤਾਂ ਵਿਆਹ ਕਰਵਾ ਕੇ ਮੁੰਡਾ-ਕੁੜੀ ਦੂਜੇ ਦਿਨ ਵੱਖ ਹੋ ਜਾਂਦੇ ਨੇ। ਮਾਪਿਆਂ ਦੇ ਕਰੋੜਾਂ ਰੁਪਏ ਮਿੱਟੀ ਹੋ ਜਾਂਦੇ ਨੇ।

ਪਹਿਲਾਂ-ਪਹਿਲ ਜਦੋਂ ਮੈਂ ਸਰੀ ਦੇ ਕਾਲਜ ਪੜ੍ਹਨ ਜਾਣ ਲੱਗਾ ਸਾਂ ਤਾਂ ਕਲੀਨ ਸ਼ੇਵ ਤਾਂ ਹੋ ਹੀ ਗਿਆ ਸਾਂ। ਕਦੇ ਕਦੇ ਵੀਕਐਂਡ 'ਤੇ ਨੇਲ ਪਾਲਿਸ਼ ਵੀ ਲਾਉਣ ਲੱਗ ਪਿਆ ਸਾਂ। ਬੱਸਾਂ 'ਚ ਏਧਰ-ਉਧਰ ਘੁੰਮਦਾ ਰਹਿੰਦਾ। ਮੈਂ ਆਪਣੀ ਬੇਸਮੈਂਟ 'ਚ ਮੇਕਅੱਪ ਦਾ ਸਾਮਾਨ ਵੀ ਲੈ ਆਇਆ ਸਾਂ। ਮੈਂ ਮੋਢਿਆਂ ਤੱਕ ਵਾਲ ਵਧਾ ਲਏ ਸਨ। ਕਾਲਜ ਜਾਣ ਲੱਗਾ ਰਬੜ ਬੈਂਡ ਨਾਲ ਪਿੱਛੇ ਕਰਕੇ ਬੰਨ੍ਹ ਲੈਂਦਾ। ਜਦੋਂ ਮਨ ਕਰਦਾ ਖੋਲ੍ਹ ਲੈਂਦਾ। ਕੁਝ ਦੋਸਤ ਮੇਰੇ ਟੇਸਟ ਦੇ ਬਣ ਗਏ ਸਨ। ਉਨ੍ਹਾਂ ਵਿਚ ਇਕ ਗੋਰਾ, ਇਕ ਫਿਲਪੀਨਾ ਤੇ ਇਕ ਪੰਜਾਬੀ ਮੂਲ ਦਾ ਕੈਨੇਡਾ ਜੰਮਿਆ ਪਲਿਆ ਸੁਪਨਦੀਪ ਵੀ ਸੀ। ਸਾਡਾ ਸੋਹਣਾ ਗਰੁੱਪ ਬਣ ਗਿਆ ਸੀ। ਵੀਕਐਂਡ 'ਤੇ ਅਸੀਂ ਦੂਰ ਬੀਚ ਜਾਂ ਜੰਗਲ ਵੱਲ ਨਿਕਲ ਜਾਂਦੇ ਜਾਂ ਸਮੁੰਦਰੀ ਜਹਾਜ਼ 'ਤੇ ਬੈਠ ਸਾਲਟ ਸਪ੍ਰਿੰਗ ਜਾਂ ਏਹੋ ਜਿਹੇ ਕਿਸੇ ਟਾਪੂ 'ਤੇ ਚਲੇ ਜਾਂਦੇ।

**(ਬਾਕੀ ਅਗਲੇ ਸਫੇ 'ਤੇ)**

# ਸਰਬਤ ਭਲਾਈ ਟਰਸੱਟ ਦੀਆਂ ਬਰਕਤਾਂ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪੀ.ਏ.ਯੂ. (ਪੰਜਾਬੀ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ) ਦੀਆਂ ਪ੍ਰਾਪਤੀਆਂ ਦੀ ਗੱਲ ਹੋ ਰਹੀ ਸੀ ਤਾਂ ਸਰਬਤ ਦਾ ਭਲਾ ਚੈਰੀਟੇਬਲ



ਐਸ.ਪੀ.ਐਸ. ਓਬਰਾਏ ਨੂੰ ਸਨਮਾਨਿਤ ਕਰਦੇ ਹੋਏ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਵਾਈਸ ਚਾਂਸਲਰ ਪ੍ਰੋ. ਨਿਆਜ਼ ਅਹਿਮਦ ਅਖਤਰ।

ਟਰੱਸਟ ਵੀ ਜ਼ਿਕਰ ਵਿਚ ਆ ਗਿਆ। ਮਹਿੰਦਰ ਦੁਸਾਂਝ, ਜਗਜੀਤ ਹਰਾ ਤੇ ਮਹਿੰਦਰ ਸਿੰਘ ਗਰੇਵਾਲ ਦੀਆਂ ਕਿਸਾਨੀ ਵਿਚ ਵਿਅਕਤੀਗਤ ਮੱਲਾਂ ਦੀ ਗੱਲ ਛਿੜੀ ਤਾਂ ਦੁਬਈ ਬੈਠੇ ਐਸ.ਪੀ.ਐਸ. ਓਬਰਾਏ ਦੀਆਂ ਸਮਾਜ ਸੇਵੀ ਪ੍ਰਾਪਤੀਆਂ ਦਾ ਜ਼ਿਕਰ ਹੋਣਾ ਵੀ ਕੁਦਰਤੀ ਸੀ। ਉਹ ਉਮਰ ਵਿਚ ਛੋਟਾ ਹੈ ਤੇ ਪ੍ਰਾਪਤੀਆਂ ਵਿਚ ਵੱਡਾ। ਉਸ ਨੇ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਸਥਾਪਨਾ ਹੀ ਨਹੀਂ ਕੀਤੀ ਹਰ ਸਾਲ ਨਵਾਂ ਕੰਮ ਵਿੱਢ ਕੇ ਸਾਥੀਆਂ ਨੂੰ ਮਾਤ ਵੀ ਪਾ ਰਿਹਾ ਹੈ। ਪਹਿਲਾਂ ਸਰਬਤ ਭਲਾਈ ਟਰਸਟ ਦੀ ਹੀ ਗੱਲ ਕਰਦੇ ਹਾਂ।

ਓਬਰਾਏ ਦੁਆਰਾ ਸਥਾਪਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਉਨ੍ਹਾਂ ਕੌਮਾਂ ਅਤੇ ਵਿਅਕਤੀਆਂ ਦੀ ਸਹਾਇਤਾ ਕਰ ਰਿਹਾ ਹੈ ਜੋ ਦੂਰ ਦੇ ਪੇਂਡੂ ਖੇਤਰਾਂ ਵਿਚ ਰਹਿ ਰਹੇ ਹਨ, ਉਨ੍ਹਾਂ ਦੇ ਜੀਵਨ ਪੱਧਰ ਨੂੰ ਸੁਧਾਰਨਾ, ਵਿਸ਼ੇਸ਼ ਕਰ ਸੰਬੰਧਤ ਖੇਤਰ ਵਿਚ ਸਿਹਤ ਤੇ ਸਿੱਖਿਆ ਦੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਉਸਦਾ ਮੰਤਵ ਤੇ ਮਨੋਰਥ ਹੈ। ਭਾਰਤ ਦੇ ਪੇਂਡੂ ਅਤੇ ਪੱਛੜੇ ਖੇਤਰਾਂ ਦੇ ਸਮਾਜਿਕ ਆਰਥਿਕ ਰੂਪਾਂਤਰਣ ਲਈ ਅਜਿਹਾ ਧਰਾਤਲ ਸਿਰਜਿਆ ਜਿਸ ਰਾਹੀਂ ਪੇਂਡੂ ਲੋਕ ਸਿਹਤ, ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਪੱਖੋਂ ਵਿਕਸਿਤ ਹੋ ਸਕਣ। ਅਜਿਹੇ ਸਮੂਹਾਂ ਅਤੇ ਸੰਸਥਾਵਾਂ ਨੂੰ ਸਹਾਇਤਾ ਪ੍ਰਦਾਨ ਕਰਨਾ ਜੋ ਅਜਿਹੀਆਂ ਗਤੀਵਿਧੀਆਂ ਵਿਚ ਪਹਿਲਾਂ ਤੋਂ ਹੀ ਸਰਗਰਮ ਹਨ, ਪ੍ਰਮੁੱਖ ਹੈ।

ਇੱਕ ਤਰ੍ਹਾਂ ਨਾਲ ਪੂਰੇ ਵਿਸ਼ਵ ਵਿਚ ਪੱਛੜੇ ਖੇਤਰਾਂ ਦੀ ਸਾਰ ਲੈਣਾ ਅਤੇ ਵਿਅਕਤੀਆਂ ਅਤੇ ਕੌਮਾਂ ਨੂੰ ਸਸ਼ਕਤ ਕਰਨਾ ਵੀ ਸ਼ਾਮਲ ਹੈ ਤਾਂ ਕਿ ਉਹ ਅਣਗਹਿਲੀ ਭਰੇ ਜੀਵਨ ਤੋਂ ਉੱਚੇ ਉੱਠ ਕੇ ਚੰਗੀ ਸਿਹਤ, ਸਿੱਖਿਆ ਅਤੇ ਜੀਵਨ ਪੱਧਰ ਹਾਸਲ ਕਰ ਸਕਣ। ਟਰੱਸਟ ਦੀਆਂ ਹੁਣ ਤੱਕ ਦੀਆਂ ਗਤੀਵਿਧੀਆਂ ਦੱਸਦੀਆਂ ਹਨ ਕਿ ਇਹ ਪੂਰੇ ਭਾਰਤ ਵਿਚ ਤੇਜ਼ ਗਤੀ ਨਾਲ ਹੋ ਰਹੀ ਪ੍ਰਗਤੀ ਦੇ ਉੱਦਮਾਂ ਨੂੰ ਸਾਰਥਕ ਕਰਨ ਲਈ ਯਤਨਸ਼ੀਲ ਹੈ, ਵਿਸ਼ੇਸ਼ ਤੌਰ 'ਤੇ ਸਮਾਜ ਤੋਂ ਹਾਸ਼ੀਏ 'ਤੇ ਰਹਿ ਗਏ ਕਮਜ਼ੋਰ ਵਰਗਾਂ ਨਾਲ ਸੰਬੰਧਤ ਵਿਅਕਤੀਆਂ ਅਤੇ ਪੱਛੜੀਆਂ ਕੌਮਾਂ ਦੇ ਸਸ਼ਕਤੀਕਰਣ ਲਈ ਖਾਸ ਕਰ ਮਾਨਸਿਕ ਰੋਗ ਨਾਲ ਪੀੜਤ ਬੱਚਿਆਂ, ਅਨਾਥਾਂ, ਗੂੰਗੇ, ਬੋਲਿਆਂ, ਨੇਤਰਹੀਣਾਂ, ਵਿਧਵਾ ਔਰਤਾਂ ਅਤੇ ਬੇਸਹਾਰਿਆਂ ਵਾਸਤੇ।

ਅਜੋਕੇ ਸਮਾਜ ਵਿਚ ਲੱਖਾਂ ਵਿਚੋਂ ਇੱਕ ਵਿਲੱਖਣ ਸ਼ਖ਼ਸੀਅਤ ਦਾ ਮਾਲਕ ਐਸ.ਪੀ. ਸਿੰਘ ਲੋਕ ਭਲਾਈ ਦੇ ਖੇਤਰ ਵਿਚ ਅੰਤਰਰਾਸ਼ਟਰੀ ਸਿਤਾਰੇ ਵਜੋਂ ਉਭਰਿਆ ਹੈ ਤੇ ਸੇਵੀਅਰ ਸਿੰਘ ਵਜੋਂ ਜਾਣਿਆ ਜਾਂਦਾ ਹੈ।

ਏਥੇ ਹੀ ਬਸ ਨਹੀਂ ਓਬਰਾਏ ਦੀ ਸਰਪ੍ਰਸਤੀ ਅਧੀਨ ਸਥਾਪਿਤ ਅਪੈਕਸ ਸਮੂਹ ਆਪਣੀ ਭਰੋਸੇਯੋਗਤਾ ਅਤੇ ਸ਼ਕਤੀਸ਼ਾਲੀ ਹਿੱਸੇਦਾਰੀ ਲਈ ਜਾਣਿਆ ਜਾਂਦਾ ਹੈ। ਅਪੈਕਸ ਸਮੂਹ ਦਾ ਮਿਸ਼ਨ ਸਕਾਰਾਤਮਕ ਅਤੇ ਗਤੀਸ਼ੀਲ ਯੋਗਦਾਨ ਰਾਹੀਂ ਆਪਣੇ ਮੌਜੂਦਾ ਅਤੇ ਨਵੇਂ ਉਪਭੋਗਤਾਵਾਂ ਲਈ ਵਧੀਆ ਪਹੁੰਚ ਵਾਲੀ ਸੇਵਾ ਪ੍ਰਦਾਨ ਕਰਨਾ ਹੈ। ਉਸਨੇ ਇਸ ਸਮੂਹ ਕਲਾ ਸਮੱਗਰੀ, ਮਸ਼ੀਨਾਂ ਅਤੇ ਨਵੀਨ ਤਕਨਾਲੋਜੀ ਦਾ ਯੋਗ ਪ੍ਰਬੰਧ ਵੀ ਖੁਦ ਹੀ ਕੀਤਾ ਹੈ।

ਗਲੋਬਲ ਖਿੱਤੇ ਵਿਚ ਇਹ ਪ੍ਰਾਪਤੀ ਅਚੰਭਿਤ ਕਰਨ ਵਾਲੀ ਤੇ ਆਪਣੇ ਆਪ ਵਿਚ ਵਿਲੱਖਣ ਤੇ



ਐਸ.ਪੀ. ਸਿੰਘ ਓਬਰਾਏ ਆਪਣੀ ਜੀਵਨ ਸਾਥਣ ਮਨਿੰਦਰ ਕੌਰ ਨਾਲ।

ਬੇਮਿਸਾਲ ਮੰਨੀ ਜਾ ਰਹੀ ਹੈ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਰਾਹੀਂ ਓਬਰਾਏ ਮਾਨਵਤਾ ਦੀ ਸੇਵਾ ਨੂੰ ਸਾਰਥਕ ਕਰਨ ਲਈ ਵਚਨਬੱਧ ਹੈ।

ਐਸ.ਪੀ. ਸਿੰਘ ਦੇ ਸਥਾਪਤ ਕੀਤੇ ਟਰੱਸਟ ਨੇ ਭਾਰਤ ਦੀਆਂ ਕਿੰਨੀਆਂ ਜ਼ਿਹਲਾਂ ਵਿਚ ਪੌਣ-ਪਾਣੀ ਦਾ ਪ੍ਰਬੰਧ ਕੀਤਾ ਹੈ ਤੇ ਕਿੰਨੇ ਹਸਪਤਾਲਾਂ ਨੂੰ ਐਂਬੂਲੈਂਸ ਵੈਨਾਂ ਦਾਨ ਕੀਤੀਆਂ ਹਨ, ਗਿਣਤੀ ਤੋਂ ਬਾਹਰ ਹਨ। ਏਨਾ ਦੱਸ ਦੇਣਾ ਕਾਫੀ ਹੋਵੇਗਾ ਕਿ ਇਹ ਚੈਰੀਟੇਬਲ ਟਰੱਸਟ ਹੁਣ ਤੱਕ 142 ਵਿਅਕਤੀਆਂ ਦੀ ਫਾਂਸੀ ਮੁਆਫ ਕਰਵਾ ਚੁੱਕਿਆ ਹੈ। ਹਰ ਇੱਕ ਮੁਆਫੀ ਲਈ ਉਸਨੂੰ ਪੰਜਾਹ ਲੱਖ ਰੁਪਏ ਬਲੱਡ ਮਨੀ (ਦਾਈ) ਵਜੋਂ ਦੇਣੇ ਪਏ ਹਨ। ਇਨ੍ਹਾਂ ਵਿਚੋਂ 17 ਮੁਆਫੀਆਂ ਟਰੱਸਟ ਦੀ ਸਥਾਪਤੀ ਤੋਂ ਦੋ ਸਾਲ ਪਹਿਲਾਂ ਦੀਆਂ ਹਨ।

ਮੇਰੇ ਨਾਲ ਐਸ.ਪੀ. ਦੀ ਏਨੀ ਸਾਂਝ ਪੈ ਚੁੱਕੀ ਹੈ ਕਿ ਮੈਨੂੰ ਇਸ ਗੱਲ ਦਾ ਵੀ ਪੂਰਾ ਇਲਮ ਹੈ ਕਿ ਉਸਨੂੰ ਵਿਦੇਸ਼ਾਂ ਤੋਂ ਮਿਲਣ ਵਾਲੇ ਮਾਣ ਸਨਮਾਨ ਭਾਰਤ ਨਾਲੋਂ ਵੱਧ ਹਨ ਤੇ ਇਨ੍ਹਾਂ ਦੀ ਪ੍ਰਾਪਤੀ ਵਿਚ ਉਸਦੀ ਜੀਵਨ ਸਾਥਣ ਮਨਿੰਦਰ ਕੌਰ ਦਾ ਬੜਾ ਸਹਿਯੋਗ ਹੈ।

## ਨੇਲ ਪਾਲਿਸ਼

*(ਪਿਛਲੇ ਸਫੇ ਦਾ ਬਾਕੀ)*

ਇਕ ਵਾਰ ਤਾਂ ਜ਼ਿੰਦਗੀ ਜਿਉਣ ਦਾ ਮਜ਼ਾ ਆਉਣ ਲੱਗ ਪਿਆ ਸੀ। ਵੀਕਐਂਡ 'ਤੇ ਨਿਕਲਣ ਤੋਂ ਪਹਿਲਾਂ ਮੈਂ ਬੈਗ ਵਿਚ ਹੀਲ ਵਾਲੀ ਜੁੱਤੀ ਤੇ ਮੇਕਅੱਪ ਦਾ ਸਾਮਾਨ ਰੱਖ ਲੈਂਦਾ ਸਾਂ। ਉਸ ਦਿਨ ਗੂੜ੍ਹੇ ਲਾਲ ਰੰਗ ਦੀ ਨੇਲ ਪਾਲਿਸ਼ ਲਗਾਉਂਦਾ। ਮੇਕਅੱਪ ਕਰਕੇ ਕਾਲੇ ਰੰਗ ਦੀ ਫਰਾਕ ਪਾ ਕੇ ਆਪਣੇ ਦੋਸਤਾਂ ਵਿਚ ਰਚ-ਮਿਚ ਜਾਂਦਾ। ਸੁਪਨਦੀਪ ਵੀ ਸਾਡੇ ਗਰੁੱਪ ਵਿਚ ਹਰ ਵਾਰ ਹੁੰਦਾ ਸੀ। ਕੈਮ ਜੋ ਕਾਲਜ ਲੜਕੀ ਦੀ ਦਿੱਖ 'ਚ ਪੜ੍ਹਨ ਆਉਂਦੀ ਸੀ ਵੀਕਐਂਡ 'ਤੇ ਮੁੰਡਿਆਂ ਵਾਲੇ ਕੱਪੜੇ ਪਾ ਕਾ ਸਾਡੇ ਵਿਚ ਰਲ ਜਾਂਦੀ। ਅਸੀਂ ਦੋ-ਤਿੰਨ ਦਿਨ ਖੂਬ ਧਰਮਸਤੀਆਂ ਕਰਦੇ, ਖੇਡਦੇ-ਮੱਲਦੇ ਅਤੀਤ ਨੂੰ ਭੁੱਲ ਜਾਂਦੇ ਸਾਂ। ਕਾਲਜ ਆ ਕੇ ਜ਼ਿੰਦਗੀ ਦੀ ਸਟੇਜ 'ਤੇ ਪਹਿਲਾਂ ਵਾਂਗ ਵਿਚਰਨ ਲੱਗ ਪੈਂਦੇ ਸਾਂ। ਅੰਦਰੋਂ ਅਸੀਂ ਇਕ ਦੂਜੇ ਨੂੰ ਉਸੇ ਤਰ੍ਹਾਂ ਮਿਲਦੇ ਜਿਵੇਂ ਵੀਕਐਂਡ 'ਤੇ ਮਿਲਦੇ ਸਾਂ। ਕਾਲਜ ਵਿਚ, ਕੰਮ ਉੱਤੇ ਜਾਂ ਬੱਸ ਦਾ ਸਫ਼ਰ ਕਰਦਿਆਂ ਜਦੋਂ ਕੋਈ ਹਾਣ ਦਾ ਮੁੰਡਾ-ਕੁੜੀ ਮਿਲ ਪੈਂਦਾ, ਅਸੀਂ ਝਟ ਇਕ ਦੂਜੇ ਨੂੰ ਪਛਾਣ ਲੈਂਦੇ ਸਾਂ। ਗੱਲਾਂ ਕਰਨ ਲੱਗ ਪੈਂਦੇ...ਘਿਉ-ਖਿਚੜੀ ਹੋ ਜਾਂਦੇ ਤੇ ਇਕ ਦੂਜੇ ਦਾ ਮੋਬਾਈਲ ਨੰਬਰ ਸ਼ੇਅਰ ਕਰ...ਇਕ ਦੂਜੇ ਨੂੰ ਆਪਣੇ ਵ੍ਹੱਟਸ ਐਪ ਗਰੁੱਪ 'ਚ ਸ਼ਾਮਿਲ ਕਰ ਲੈਂਦੇ।

ਪੀ.ਆਰ. ਮਿਲਣ ਤੋਂ ਬਾਅਦ ਤਾਂ ਮੈਂ ਆਪਣੇ-ਆਪ ਨੂੰ ਹੋਰ ਵੀ ਆਜ਼ਾਦ ਸਮਝਣ ਲੱਗ ਪਿਆ। ਫਿਰ ਮੈਂ ਲੈਂਗਲੀ ਟਾਊਨਸ਼ਿਪ ਦੇ ਇਕ ਫਾਰਮ ਹਾਊਸ ਵਿਚ ਸਿੰਗਲ ਬੈਡਰੂਮ ਵਾਲਾ ਘਰ ਰੈਂਟ 'ਤੇ ਲੈ ਲਿਆ। ਇਸ ਇਲਾਕੇ ਵਿਚ ਵਧੇਰੇ ਕਰਕੇ ਫਾਰਮ ਹਾਊਸ ਸਨ। ਫਾਰਮ ਵਿਚ ਘਰ ਤੇ ਬੇਸਮੈਂਟਾਂ ਸਸਤੀਆਂ ਮਿਲ ਜਾਂਦੀਆਂ ਸਨ। ਆਉਣ-ਜਾਣ ਦੀ ਥੋੜ੍ਹੀ ਦਿੱਕਤ ਹੁੰਦੀ ਸੀ ਪਰ ਜਿਨ੍ਹਾਂ ਕੋਲ ਗੱਡੀਆਂ ਸਨ, ਉਨ੍ਹਾਂ ਨੂੰ ਕੋਈ ਦਿੱਕਤ ਨਹੀਂ ਸੀ। ਫਾਰਮ ਵਿਚ ਮੇਰੇ ਘਰ ਦੇ ਪਿੱਛੇ ਮਾਲਕਾਂ ਦਾ ਇਕ ਸਟੋਰ ਸੀ। ਜਿੱਥੇ ਉਨ੍ਹਾਂ ਆਪਣਾ ਪੁਰਾਣਾ ਤੇ ਖੇਤੀਬਾੜੀ ਦਾ ਸਾਮਾਨ ਰੱਖਿਆ ਹੋਇਆ ਸੀ। ਮੇਰੇ ਵਾਲੇ ਘਰ ਦਾ ਇਕ ਦਰਵਾਜ਼ਾ ਸਟੋਰ ਵੱਲ ਵੀ ਖੁੱਲ੍ਹ ਜਾਂਦਾ ਸੀ। ਮੇਰੀਆਂ ਹੀਲ ਵਾਲੀਆਂ ਜੁੱਤੀਆਂ ਦੀ ਕੁਲੈਕਸ਼ਨ, ਹੋਰ ਸਪੋਰਟਸ ਸ਼ੂਅ, ਚੱਪਲਾਂ ਉਧਰ ਇਕ ਪਾਸੇ ਪਏ ਰਹਿੰਦੇ। ਕਦੇ-ਕਦੇ ਮੈਂ ਆਪਣੇ ਕੱਪੜੇ ਵੀ ਉਧਰ ਪਾ ਦਿੰਦਾ ਸਾਂ। ਇਕ ਦਿਨ ਮਕਾਨ ਮਾਲਕ ਸਟੋਰ ਵਿਚੋਂ ਕੋਈ ਸਾਮਾਨ ਲੱਭ ਰਿਹਾ ਸੀ। ਨਾਲ ਉਹਦੇ ਕੋਈ ਲਿਹਾਜ਼ੀ ਜਾਂ ਰਿਸ਼ਤੇਦਾਰ ਸੀ। ਉਹ ਬੰਦਾ ਮੇਰੀਆਂ ਹੀਲ ਵਾਲੀਆਂ ਜੁੱਤੀਆਂ ਵੇਖ ਕੇ ਕਹਿਣ ਲੱਗਾ, 'ਯਾਰ ਆਹ ਕੇਹਦੀਆਂ ਨੇ...ਐਂ ਲੱਗਦਾ ਜਿਵੇਂ ਘਰ 'ਚ ਦੋ-ਤਿੰਨ ਕੁੜੀਆਂ ਰਹਿੰਦੀਆਂ ਹੋਣ...ਤੇ ਆਹ ਕੁੜੀਆਂ ਵਾਲੇ ਕੱਪੜੇ... ਤੂੰ ਤਾਂ ਕਹਿੰਦੈਂ ਏਥੇ ਇਕ ਮੁੰਡਾ ਰਹਿੰਦਾ...' ਉਸ ਬੰਦੇ ਦੀ ਗੱਲ ਮੈਨੂੰ ਸੁਣ ਗਈ ਸੀ। ਚੁੱਪ ਕਰ ਓਏ...ਹੌਲੀ ਬੋਲ... ਐਵੇਂ ਕਿਤੇ ਬੂਹਾ ਖੋਲ੍ਹ ਕੇ ਅੰਦਰ ਵੜ...ਝਾਤੀਆਂ ਨਾ ਮਾਰਨ ਲੱਗ ਪਈਂ...ਮੁੰਡਾ ਅੰਦਰ ਈ ਬੈਠਾ...ਹੁਣ ਇਹ ਪ੍ਰਾਪਰਟੀ ਉਹਦੀ ਐ...ਅਸੀਂ ਪੁੱਛ ਕੇ ਉਹਦੀ ਪਰਮੀਸ਼ਨ ਨਾਲ ਅੰਦਰ ਦਾਖਲ ਹੋ ਸਕਦੇ ਆਂ.. ਲਾਅ ਤਾਂ ਏਹੀ ਆ...ਪਰ ਜੇ ਤੂੰ ਅੰਦਰ ਵੜ ਵੀ ਜਾਵੇਂ ਤਾਂ ਉਹ ਕੁਝ ਨੀਂ ਕਹਿਣ ਲੱਗਾ...ਪਰ ਕਾਹਨੂੰ ਯਾਰ।' ਫਾਰਮ ਮਾਲਕ ਕਹਿੰਦਾ ਹੋਇਆ ਉਹਨੂੰ ਬਾਹਰ ਲੈ ਗਿਆ ਸੀ। ਫਿਰ ਮੈਨੂੰ ਉੱਚੀ-ਉੱਚੀ ਹੱਸਣ ਦੀ ਆਵਾਜ਼ ਸੁਣੀ ਸੀ।

ਮੈਂ ਫਾਰਮ ਵਿਚ ਘੁੰਮਦਾ ਉਨ੍ਹਾਂ ਨੂੰ ਮਿਲ ਪੈਂਦਾ ਸਾਂ। ਫਾਰਮ ਦੇ ਮਾਲਕਾਂ ਦੇ ਘਰ ਵੀ ਚਲੇ ਜਾਂਦਾ ਸਾਂ। ਮਾਲਕ ਦੀ ਘਰਵਾਲੀ ਰੋਟੀ ਪਾਣੀ ਵੀ ਖਵਾ ਦਿੰਦੀ ਸੀ।

ਫਿਰ ਏਥੇ ਰਹਿੰਦਿਆਂ ਹੀ ਮੈਨੂੰ ਸੁਪਨਦੀਪ ਮਿਲ ਪਿਆ ਸੀ। ਉਨ੍ਹੀਂ ਦਿਨੀਂ ਉਹ ਆਪਣੀ ਕੁੰਜ ਲਾਹ ਕੇ ਅਸਲੀ ਜਾਮੇ ਵਿਚ ਆਉਣ ਲਈ ਹੱਥ-ਪੈਰ ਮਾਰ ਰਿਹਾ ਸੀ। ਉਦੋਂ ਘਰਦਿਆਂ ਦਾ ਪਰਛਾਵਾਂ ਉਹਦੇ ਉੱਤੇ ਛਾਇਆ ਰਹਿੰਦਾ ਸੀ। ਪੰਜਾਬੀ ਪਿਛੋਕੜ ਵਾਲੇ ਪਿਓ ਦਾ ਉਹ ਇਕੋ-ਇਕ ਪੁੱਤ ਸੀ ਜੋ ਸਿਟੀ 'ਚ ਟਰੱਕਾਂ ਦਾ ਕਾਰੋਬਾਰ ਕਰਦਾ ਸੀ। ਇਕ ਦਿਨ ਘਰਦਿਆਂ ਨਾਲ ਲੜ ਕੇ ਉਹਨੇ ਘਰ ਛੱਡ ਦਿੱਤਾ। ਉਹਦੀ ਆਵਾਜ਼ ਵਿਚ ਮੁੰਡਿਆਂ ਵਾਲਾ ਗੜਕਾ ਸੀ। ਉਹ ਅਕਸਰ ਗੱਲਾਂ ਕਰਦਿਆਂ ਮੁੰਡਿਆਂ ਵਾਂਗ ਹੱਥ 'ਤੇ ਹੱਥ ਮਾਰ ਮੈਨੂੰ ਬਾਂਹਾਂ ਵਿਚ ਭਰ ਲੈਂਦਾ ਸੀ। ਜਦੋਂ ਉਹ ਮੇਰੇ ਕੋਲ ਠਹਿਰਦਾ ਤਾਂ ਮੈਂ ਬੜਾ ਸਹਿਜ ਹੋ ਜਾਂਦਾ ਸਾਂ। ਆਪਣੇ ਸ਼ੁਭ ਦੇ ਨਾਲ ਆਪਣੀ ਕੁੰਜ ਲਾਹ ਕੇ ਮੇਰੀ ਬੇਸਮੈਂਟ ਵਿਚ ਆ ਵੜਦਾ ਸੀ। ਮੈਂ ਵੀ ਆਪਣੇ ਅਸਲੀ ਰੂਪ ਵਿਚ ਆ ਜਾਂਦਾ ਸਾਂ। ਸਾਡੀ ਦੋਹਾਂ ਦੀ ਰਾਸ ਰਲ ਗਈ ਸੀ। ਹੀਲ ਵਾਲੀਆਂ ਜੁੱਤੀਆਂ, ਮੇਕਅੱਪ ਦਾ ਸਾਮਾਨ ਤਾਂ ਬੇਸਮੈਂਟ ਵਿਚ ਪਹਿਲਾਂ ਹੀ ਸੀ ਹੁਣ ਮੁੰਡਿਆਂ ਵਾਲਾ ਸਾਮਾਨ ਵੀ ਆਉਣ ਲੱਗ ਪਿਆ ਸੀ। ਮੇਰੇ ਮੇਕਅੱਪ ਦੇ ਸਾਮਾਨ ਕੋਲ ਵਿਮੈਨ ਸੈਂਟ ਦੇ ਨਾਲ ਮੈਨ ਸੈਂਟ ਵੀ ਮਲਕ ਦੇਣੀ ਆ ਟਿਕਿਆ ਸੀ। ਜਦੋਂ ਅਸੀਂ ਵੀਕਐਂਡ 'ਤੇ ਕਿਸੇ ਪਾਰਟੀ ਵਿਚ ਜਾਂਦੇ ਤਾਂ ਮੈਨੂੰ ਸੁਪਨਦੀਪ ਹੀਲ ਪਾਉਣ ਨੂੰ ਕਹਿੰਦਾ। ਉਦੋਂ ਮੈਂ ਲਾਲ ਰੰਗ ਦਾ ਨੇਲ ਪਾਲਿਸ਼ ਤੇ ਵਿਮੈਨ ਸੈਂਟ ਲਗਾ ਉਹਦੇ ਨਾਲ ਗੱਡੀ 'ਚ ਬਰਾਬਰ ਬੈਠਦਾ ਸਾਂ। ਉਹ ਗੱਡੀ ਨੂੰ ਚਲਾਉਂਦਾ ਵਾਰ-ਵਾਰ ਆਪਣੀ ਘੜੀ ਠੀਕ ਕਰਦਾ ਤੇ ਐਨਕ ਵਿਚੋਂ ਮੇਰੇ ਵੱਲ ਦੇਖਦਾ ਰਹਿੰਦਾ। ਉਦੋਂ ਮੈਨੂੰ ਬੜੀ ਤਕੜੀ ਫੀਲਿੰਗ ਆਉਂਦੀ ਸੀ।

ਦਿੱਲੀ ਏਅਰਪੋਰਟ 'ਤੇ ਜਹਾਜ਼ੇ ਚੜ੍ਹਨ ਲੱਗਿਆਂ ਮੈਂ ਸੁਪਨਦੀਪ ਨੂੰ ਦੱਸ ਦਿੱਤਾ ਸੀ ਕਿ ਕਦੋਂ ਵੈਨਕੂਵਰ ਪੁੱਜਣਾ ਏ। ਜਹਾਜ਼ ਉਪਰ ਜਾ ਕੇ ਟਿਕ ਗਿਆ ਸੀ। ਏਅਰ ਹੋਸਟਸ ਕੁੜੀਆਂ 'ਚ ਹਲਚਲ ਹੋਣ ਲੱਗ ਪਈ ਸੀ। ਖਾਣੇ ਦੀਆਂ ਟਰਾਲੀਆਂ ਆ ਗਈਆਂ ਸਨ। ਮੈਂ ਵ੍ਹਿਸਕੀ ਦਾ ਪੈੱਗ ਪੀ, ਖਾਣਾ ਖਾ ਕੇ ਸੁਸਤਾਉਣ ਲਈ ਟੇਢਾ ਹੋ ਗਿਆ ਸਾਂ। ਮੇਰਾ ਖਿਆਲ ਬਹੁਤ ਪਿੱਛੇ ਚਲੇ ਗਿਆ ਸੀ।

...ਉਦੋਂ ਮੈਨੂੰ ਜਵਾਨੀ ਅਜੇ ਚੜ੍ਹਨ ਹੀ ਲੱਗੀ ਸੀ। ਮੈਂ ਬੀਬੀ ਦਾ ਨੇਲ ਪਾਲਿਸ਼ ਲਗਾ, ਉਹਦਾ ਸੂਟ ਪਾ ਕੇ ਸ਼ੀਸ਼ੇ ਮੋਹਰੇ ਖੜ੍ਹਾ ਹੋਇਆ ਹੀ ਸਾਂ ਕਿ ਬੀਬੀ ਬਾਂਸ ਵਾਲੀ ਪੌੜੀ ਰਾਹੀਂ ਕੋਠੇ ਤੋਂ ਥੱਲੇ ਉੱਤਰ ਆਈ ਸੀ। ਮੈਂ ਸਮਝੀ ਬੈਠਾ ਸਾਂ ਕਿ ਬੀਬੀ ਘਰੋਂ ਬਾਹਰ ਗਵਾਂਢ 'ਚ ਮਕਾਣੇ ਗਈ ਹੋਈ ਏ। ਮੇਰੇ ਸੂਟ ਪਾਇਆ ਵੇਖ ਕੇ ਬੀਬੀ ਮੈਨੂੰ ਥਾਪੜਨ ਲੱਗ ਪਈ, 'ਵੇ ਨਾ ਹੁਣ ਆ ਤੂੰ ਕਿਹੜੇ ਸ਼ੌਕ ਪਾਲਣ ਲੱਗਾ ਹੋਇਆਂ? ਬੰਦਾ ਬਣ ਕੇ ਬੰਦਿਆਂ ਵਾਲੇ ਕੰਮ ਕਰੀਦੇ ਐ...ਲੈ ਵੇਖ ਕਿਵੇਂ ਨਹੁੰ ਪਾਲਿਸ਼ ਲਾਈ ਫਿਰਦਾ... ਸਾਰੀ ਸ਼ੀਸ਼ੀ ਮੁਕਾ ਛੱਡੀ ਐ...ਲੈ ਸੁਰਖੀ ਪਾਊਡਰ ਵੀ ਲਾਈ ਫਿਰਦਾ...ਬੇਹ ਪੈਣਾ!' ਬੀਬੀ ਮੇਰੀ ਲਿਪਸਟਿਕ ਪੂੰਝਣ ਲੱਗ ਪਈ ਸੀ। ਕਦੇ-ਕਦੇ ਮੇਰਾ ਜੀਅ ਕਰਦਾ ਕਿ ਮੈਂ ਵਾਲ਼ ਵਧਾ ਕੇ ਗੁੱਤਾਂ ਕਰਾਂ ਤੇ ਅਦਾ ਨਾਲ ਗੱਲਾਂ ਕਰਾਂ...ਇਕ ਵਾਰ ਪੰਜਾਬੀ ਵਾਲੇ ਮਾਸਟਰ ਨੇ ਇਕ ਨਾਟਕ ਵਿਚ ਮੈਨੂੰ ਚੰਦੂ ਦੀ ਵਹੁਟੀ ਦਾ ਰੋਲ ਵੀ ਦਿੱਤਾ ਸੀ। ਉਸ ਦਿਨ ਤੋਂ ਬਾਅਦ ਸਾਰੇ ਸਕੂਲ ਦੇ ਮੈਨੂੰ ਚੰਦੂ ਦੀ ਵਹੁਟੀ ਕਹਿਣ ਲੱਗ ਪਏ ਸਨ। ਜਦੋਂ ਭਾਪੇ ਨੂੰ ਪਤਾ ਲੱਗਾ ਤਾਂ ਉਹ ਮਾਸਟਰ ਨਾਲ ਲੜਨ ਸਕੂਲ ਆ ਗਿਆ ਸੀ, 'ਉਏ ਗੱਲ ਸੁਣ ਮਾਸਟਰਾ! ਤੇਰਾ ਕੀ ਕੰਮ ਆ...ਨਿਆਣੇ ਨੂੰ ਕਿਸੇ ਦੀ ਵਹੁਟੀ ਬਣਾਉਣ ਦਾ...ਯਾਰ ਹੱਦ ਹੋਗੀ...ਅਸੀਂ ਤੈਨੂੰ ਨਿਆਣੇ ਪੜ੍ਹਾਉਣ ਨੂੰ ਭੇਜਦੇ ਆਂ ਕਿ ਨਾਟਕਾਂ ਵਿਚ ਕੁੜੀਆਂ-ਬੁੜ੍ਹੀਆਂ-ਵਹੁਟੀਆਂ ਬਣਾਉਣ ਨੂੰ...ਜੇ ਨਾਟਕ ਕਰਨਾ ਐਂ ਤਾਂ ਕੋਈ ਬੰਦਿਆਂ ਆਲੇ ਕਰਵਾਓ...।' ਅੱਗੋਂ ਮਾਸਟਰ ਭਾਪੇ ਅੱਗੇ ਲੇਲੜ੍ਹੀਆਂ ਕੱਢਣ ਲੱਗ ਪਿਆ ਸੀ, 'ਵੇਖੋ ਨਾ ਭਾਜੀ! ਨਾਟਕ ਤਾਂ ਨਾਟਕ ਹੁੰਦਾ...ਕੋਈ ਸੱਚੀ ਥੋੜ੍ਹਾ ਕਿਸੇ ਦੀ ਵਹੁਟੀ ਬਣ ਜਾਂਦਾ। ਮੈਂ ਹੁਣੇ ਨਿਆਣਿਆਂ ਨੂੰ ਸੂਤ ਕਰਦਾਂ...।' ਸਕੂਲ ਵਿਚ ਕਈ ਵਾਰ ਮੇਰੇ ਹਾਣੀ ਮੇਰੀਆਂ ਗੱਲ੍ਹਾਂ ਪੁੱਟ ਦਿੰਦੇ, ਚੂੰਢੀਆਂ ਵੱਢ ਦਿੰਦੇ ਸਨ। ਕੋਈ ਮੇਰੀ ਪੈਂਟ ਥੱਲੇ ਨੂੰ ਕਰਨ ਦੀ ਕੋਸ਼ਿਸ਼ ਕਰਨ ਲੱਗ ਪੈਂਦਾ ਸੀ। ਮੈਂ ਰੋਂਦਾ-ਰੋਂਦਾ ਮਾਸਟਰ ਕੋਲ ਚਲੇ ਜਾਂਦਾ। ਅੱਗੋਂ ਮਾਸਟਰ ਮੇਰੇ ਵੱਲ ਵੇਖ ਕੇ ਹੱਸਣ ਲੱਗਦਾ।

ਜਦੋਂ ਕਦੇ ਪ੍ਰੀਤੂ ਚੌਂਕੀਦਾਰ ਮੈਨੂੰ ਪਿੰਡ ਵਿਚ ਟੱਕਰ ਜਾਂਦਾ ਤਾਂ ਮੂੰਹ ਜਿਹਾ ਬਣਾ ਕੇ ਮੈਨੂੰ ਕਹਿਣ ਲੱਗਦਾ, 'ਓਏ ਸਹਿਜ ਦੇ ਬੱਚਿਆ, ਐਂ ਦੱਸ ਤੂੰ ਤੁਰਦਾ ਕਿਵੇਂ ਐਂ...ਲੈ ਦੱਸ ਕੰਜਰ ਦਿਆ ਮੁੰਡਿਆ ਵਾਂਗ ਤੁਰੀਦਾ ਹੁੰਦਾ...ਫੇਰ ਤੇਰਾ ਭਾਪਾ ਲੋਕਾਂ ਦੇ ਘਰਾਂ 'ਚ ਜਾ ਕੇ ਲੜਦਾ ਫਿਰਦਾ, ਅਖੇ ਮੇਰੇ ਮੁੰਡੇ ਨੂੰ 'ਚੰਦੂ ਦੀ ਵਹੁਟੀ' ਕਹਿ ਕੇ ਛੇੜਦੇ ਆ।'

ਮੈਂ ਉਹਦੇ ਵੱਲ ਗੁੱਸੇ 'ਚ ਵੇਖਦਾ ਅੱਗੇ ਲੰਘ ਜਾਂਦਾ। ਪਿੱਛੋਂ ਪ੍ਰੀਤੂ ਚੌਂਕੀਦਾਰ ਫਿਰ ਟਕੋਰ ਮਾਰਦਾ, 'ਮਿੰਦਰ ਦੇ ਨਿਆਣੇ ਵੀ ਬਸ ਕੁਝ ਨੀਂ...ਮੁੰਡਾ ਜਮ੍ਹਾਂ ਈ ਫੋਸੜ...ਤੇ ਕੁੜੀ ਦਾ ਹਾਲ ਉਹਤੋਂ ਵੀ ਮਾੜਾ...ਉੱਤੋਂ ਮਿੰਦਰ ਆਪਣੀ ਮੁੱਛ ਥੱਲੇ ਨੀਂ ਹੋਣ ਦਿੰਦਾ...।' ਉਦੋਂ ਮੇਰਾ ਜੀਅ ਕਰਦਾ ਉਹਦੀ ਚੂਹੀ ਦੰਦੀਆਂ ਵੱਢ-ਵੱਢ ਕੇ ਖਾ ਜਾਵਾਂ।

ਪਰ ਕੈਨੇਡਾ ਪੁੱਜ ਕੇ ਏਸ ਤਰ੍ਹਾਂ ਦੀ ਕੋਈ ਗੱਲ ਨਹੀਂ ਦਿਸੀ। ਬੰਦਾ ਚਾਹੇ ਜਿਹੋ ਜਿਹੇ ਮਰਜ਼ੀ ਕੱਪੜੇ ਪਾ ਲਵੇ...ਜਿਸ ਤਰ੍ਹਾਂ ਮਰਜ਼ੀ ਮੇਕਅੱਪ ਕਰ ਲਵੇ ਜਾਂ ਨਾ ਈ ਕਰੇ। ਇਕ ਵਾਰ ਰਾਤ ਨੂੰ ਕਾਲਜ ਕੋਈ ਪ੍ਰੋਗਰਾਮ ਸੀ ਮੈਂ ਟਾਪ ਜੀਨਜ਼, ਹੀਲ ਵਾਲੀ ਜੁੱਤੀ ਤੇ ਲਿਪਸਟਿਕ ਲਾ ਕੇ ਗਿਆ। ਮੇਰੇ ਨਾਲ ਪੜ੍ਹਦੀ ਕੈਮ ਮੁੰਡਾ ਬਣ ਕੇ ਆਈ ਸੀ। ਅਸੀਂ ਦੋਵੇਂ ਰੈਪ ਗੀਤਾਂ 'ਤੇ ਬਹੁਤ ਨੱਚੇ ਸਾਂ। ਕਿਸੇ ਨੇ ਵੀ ਸਾਡੇ ਵੱਲ ਬਹੁਤਾ ਧਿਆਨ ਨਾ ਦਿੱਤਾ। ਇਕ-ਦੋ ਦੋਸਤ ਮੈਨੂੰ ਗਲਵੱਕੜੀ ਪਾ ਕੇ ਵੀ ਮਿਲੇ। ਫਿਰ ਅਸੀਂ ਦੋਹਾਂ ਨੇ ਪੱਬ 'ਚ ਬੈਠ ਕੇ ਰੈਡ ਵਾਈਨ ਪੀਤੀ। ਉਸ ਰਾਤ ਕੈਮ ਮੇਰੀ ਬੇਸਮੈਂਟ 'ਚ ਸੁੱਤੀ ਸੀ।

ਕਦੇ ਕਦੇ ਬੇਅੰਤ ਭੈਣ ਵ੍ਹੱਟਸ ਐਪ 'ਤੇ ਗੱਲਾਂ ਕਰਦਿਆਂ ਮੇਰੇ ਨਾਲ ਮਨ ਦੀ ਭੜਾਸ ਕੱਢ ਲੈਂਦੀ, 'ਭਰਾਵਾ ਮੇਰਾ ਵੀ ਕਦੇ-ਕਦੇ ਜੀਅ ਕਰਦਾ ਮੈਂ ਜੈਂਪਰ ਸਲਵਾਰ ਪਾੜ ਕੇ ਪਰ੍ਹੇ ਸੁੱਟ ਦਿਆਂ। ਹੁਣ ਜੇ ਮੇਰੀ ਆਵਾਜ਼ ਬਦਲ ਗਈ ਐ ਤਾਂ ਮੇਰਾ ਕੀ ਕਸੂਰ?... ਰੱਬ ਨੇ ਮੈਨੂੰ ਗੱਭੇ ਸੁੱਟ ਦਿੱਤਾ...ਨਾ ਮੈਂ ਆਰ ਜੋਗੀ ਨਾ ਪਾਰ ਜਾਣ ਜੋਗੀ...ਤ੍ਰਿਸ਼ੰਕੂ ਵਾਂਗ ਵਿਚੇ ਲਟਕੀ ਹੋਈ ਆਂ। ਸਕੂਲ ਚਲੇ ਜਾਂਦੀ ਆਂ ਤਾਂ ਦਿਨ ਲੰਘ ਜਾਂਦਾ। ਨਹੀਂ ਭਾਪਾ-ਬੀਬੀ ਤਾਂ ਮੈਨੂੰ ਟੁੱਟ-ਟੁੱਟ ਪੈਂਦੇ ਐ।'

ਮੈਂ ਦੱਸਦਾ ਸਾਂ ਕਿ ਏਥੇ ਕੋਈ ਰੋਕ-ਟੋਕ ਨਹੀਂ...ਮੈਂ ਉਸ ਨਾਲ ਆਪਣੇ ਦੋਸਤਾਂ ਤੇ ਵੀਕਐਂਡ 'ਤੇ ਕੀਤੀ ਮਸਤੀ ਦੀਆਂ ਗੱਲਾਂ ਕਰ ਲੈਂਦਾ ਸਾਂ। ਕੈਮ ਅਤੇ ਸੁਪਨਦੀਪ ਦੀਆਂ ਗੱਲਾਂ ਅਕਸਰ ਦੱਸਦਾ ਰਹਿੰਦਾ। ਫਿਰ ਉਹਨੇ ਮੰਗ ਕੇ ਮੇਰੇ ਤੋਂ ਕੈਮ ਦਾ ਨੰਬਰ ਲਿਆ ਤੇ ਉਸ ਨਾਲ ਗੱਲਾਂ ਕਰਨ ਲੱਗ ਪਈ।

ਭੈਣ ਮੇਰੀਆਂ ਗੱਲਾਂ ਸੁਣਦੀ ਰਹਿੰਦੀ। ਮੈਨੂੰ ਲੱਗਦਾ ਜਿਵੇਂ ਮੇਰੀਆਂ ਗੱਲਾਂ ਸੁਣ ਕੇ ਉਹ ਹਟਕੋਰੇ ਭਰਦੀ ਹੋਵੇ। ਮੈਂ ਕਹਿੰਦਾ, 'ਏਥੇ ਕੋਈ ਵੀ ਕਿਸੇ ਵੱਲ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਨਹੀਂ ਦੇਖਦਾ। ਹਰ ਬੰਦਾ-ਜਵਾਨ ਆਪਣੇ ਆਪ ਵਿਚ ਮਸਤ ਰਹਿੰਦਾ। ਭਾਵੇਂ ਕੋਈ ਗੋਰੀ ਬਿਕਨੀ ਪਾ ਕੇ ਲੰਘ ਜਾਵੇ ਕੋਈ ਨੀਂ ਵੇਖਦਾ। ਬੀਚਾਂ 'ਤੇ ਸਭ ਇਕ ਹੋ ਜਾਂਦੇ ਤੇ ਪਾਣੀ ਨਾਲ ਖੇਡਦੇ।

ਫਿਰ ਬੀਬੀ-ਭਾਪੇ ਭੈਣ ਦੇ ਵਿਆਹ ਦਾ ਵਰਕਾ ਈ ਪਾੜ ਦਿੱਤਾ ਸੀ। ਉਹਨੂੰ ਕਹਿਣਾ ਬੰਦ ਕਰ ਦਿੱਤਾ ਤੇ ਭਾਣਾ ਮੰਨ ਲਿਆ ਸੀ। ਸਾਰਾ ਧਿਆਨ ਮੇਰੇ ਵੱਲ ਕਰ ਲਿਆ ਸੀ।

ਮੈਨੂੰ ਝਟਕਾ ਲੱਗਾ ਤੇ ਮੈਂ ਤ੍ਰਭਕ ਕੇ ਉੱਠ ਪਿਆ ਸਾਂ।

****

ਮੇਰੇ ਅੱਗੇ ਜਹਾਜ਼ ਦਾ ਮੈਪ ਚੱਲ ਰਿਹਾ ਏ। ਜਹਾਜ਼ ਤੇਜ਼ੀ ਨਾਲ ਵੈਨਕੂਵਰ ਵੱਲ ਵਧ ਰਿਹਾ ਏ। ਸੁਪਨਦੀਪ ਨੂੰ ਮਿਲਣ ਲਈ ਮਨ ਕਾਹਲਾ ਪੈ ਰਿਹਾ ਏ। ਸੋਚਾਂ ਸੋਚਦਾ ਮੈਂ ਵਾਸ਼ਰੂਮ ਵਿਚ ਜਾ ਕੇ ਅੱਖਾਂ 'ਤੇ ਪਾਣੀ ਦੇ ਛਿੱਟੇ ਮਾਰ, ਮੁੜ ਆਪਣੀ ਸੀਟ 'ਤੇ ਬੈਠ ਗਿਆ ਸਾਂ।

ਏਅਰ ਹੋਸਟਸ ਸੀਟ ਬੈਲਟ ਲਗਾਉਣ ਨੂੰ ਕਹਿਣ ਲੱਗ ਪਈਆਂ ਸਨ।

****

ਵੈਨਕੂਵਰ ਦੀ ਧਰਤੀ 'ਤੇ ਪੈਰ ਰੱਖਦਿਆਂ ਹੀ ਮੇਰੇ 'ਚ ਨਵੀਂ ਊਰਜਾ ਭਰ ਜਾਂਦੀ ਏ।

ਇੰਮੀਗ੍ਰੇਸ਼ਨ ਦੀ ਲਾਈਨ 'ਚ ਲੱਗਿਆ ਮੈਂ ਸੁਪਨਦੀਪ ਨੂੰ ਕਾਲ ਕਰਦਾ ਹਾਂ। ਉਹ ਬਾਹਰ ਮੇਰੀ ਉਡੀਕ ਕਰ ਰਿਹਾ ਏ। ਇੰਮੀਗ੍ਰੇਸ਼ਨ ਕਰਵਾ ਆਪਣਾ ਅਟੈਚੀ ਚੁੱਕ, ਟਰਾਲੀ 'ਤੇ ਰੱਖ ਮੈਂ ਵਾਸ਼ਰੂਮ 'ਚ ਵੜ ਗਿਆ ਸਾਂ। ਹੈਂਡਬੈਗ 'ਚੋਂ ਹੀਲ ਵਾਲੀ ਜੁੱਤੀ ਕੱਢ ਪਾ ਲੈਂਦਾ ਹਾਂ। ਗੂੜ੍ਹੀ ਲਿਪਸਟਿਕ ਤੇ ਨੇਲ ਪਾਲਿਸ਼ ਲਾ...ਰਬੜ ਬੈਂਡ ਨਾਲ ਬੰਨ੍ਹੇ ਹੋਏ ਵਾਲ ਖੋਲ੍ਹ...ਕੰਘੀ ਕਰਦਾ ਹਾਂ...ਏਅਰ ਪੋਰਟ ਤੋਂ ਬਾਹਰ ਆ ਜਾਂਦਾ ਹਾਂ। ਸੁਪਨਦੀਪ ਮੈਨੂੰ ਦੂਰੋਂ ਵੇਖ ਮੇਰੇ ਵੱਲ ਨੱਠਾ ਆਉਂਦਾ ਏ। ਪੈਂਟ-ਸ਼ਰਟ ਪਾਈ ਉਹ ਸਮਾਰਟ ਬੁਆਏ ਦਾ ਭਰਮ ਸਿਰਜ ਰਿਹਾ ਏ। ਉਹ ਮੇਰੇ ਵੱਲ ਫੁੱਲਾਂ ਦਾ ਗੁਲਦਸਤਾ ਵਧਾਉਂਦਾ ਏ ਤਾਂ ਮੈਂ ਫੁੱਲ ਵਾਂਗ ਖਿੜ ਜਾਂਦਾ ਹਾਂ। ਅਸੀਂ ਪਲਾਂ 'ਚ ਇਕ-ਦੂਜੇ ਨੂੰ ਬਾਹਾਂ 'ਚ ਲੈ ਲੈਂਦੇ ਹਾਂ। ਮੈਨੂੰ ਉਹਦੇ ਕੱਪੜਿਆਂ 'ਚੋਂ 'ਮੈਨ' ਵਾਲੇ ਸੈਂਟ ਦੀ ਖ਼ੁਸ਼ਬੂ ਆ ਰਹੀ ਏ। ਮੈਂ ਮਦਹੋਸ਼ ਹੋ ਜਾਂਦਾ ਹਾਂ।

ਉਦੋਂ ਹੀ ਮੈਨੂੰ ਵ੍ਹਟਸ ਐਪ 'ਤੇ ਕਾਲ ਆ ਜਾਂਦੀ ਏ। ਮੈਂ ਆਈ ਫੋਨ ਆਨ ਕਰਦਾ ਹਾਂ ਤੇ ਅੱਗੋਂ ਮੈਨੂੰ ਇਕ ਕੁੜੀ ਦਾ ਚਿਹਰਾ ਦਿਖਾਈ ਦਿੰਦਾ ਏ। ਮੈਂ ਗਹੁ ਨਾਲ ਪਛਾਣਦਾ ਹਾਂ। ਇਹਦੇ ਨਾਲ ਹੀ ਤਾਂ ਮੇਰੀ ਦੋ ਦਿਨ ਪਹਿਲਾਂ ਮੰਗਣੀ ਹੋਈ ਸੀ।

ਇਕ ਪਾਸੇ ਹੋ ਮੈਂ ਉਹਦੇ ਨਾਲ ਗੱਲ ਕਰਦਾ ਹਾਂ, 'ਹੈਲੋ ਡੀਅਰ...ਤੇਰਾ ਕੀ ਹਾਲ ਏ। ਮੈਂ ਆਪਣੇ ਸੁਪਨ ਦੇਸ਼ ਕੈਨੇਡਾ ਪੁੱਜ ਗਿਆ ਹਾਂ। ਤੈਨੂੰ ਕਿਹਾ ਸੀ ਨਾ ਮੈਨੂੰ ਹੀਲ ਵਾਲੀ ਜੁੱਤੀ ਬਹੁਤ ਪਸੰਦ ਏ...ਤੇ ਗੂੜ੍ਹੇ ਰੰਗ ਦੀ ਨੇਲ ਪਾਲਿਸ਼...ਤੇ ਨਾਲ ਰੈਡ ਕਲਰ ਦੀ ਮੈਟ ਵਾਲੀ ਲਿਪਸਟਿਕ ਵੀ।' ਫਿਰ ਮੈਂ ਉਹਨੂੰ ਆਪਣੀ ਹੀਲ ਵਾਲੀ ਜੁੱਤੀ ਵਿਖਾਉਂਦਾ ਹਾਂ...ਬੁੱਲ੍ਹ ਮਰੋੜ ਕੇ ਲਿਪਸਟਿਕ...ਤੇ ਨੇਲ ਪਾਲਿਸ਼ ਵੀ। ਉਹ ਕਿੰਨਾ ਚਿਰ ਮੇਰੇ ਵੱਲ ਦੇਖਦੀ ਰਹਿੰਦੀ ਏ, ਜਿਵੇਂ ਪੱਥਰ ਹੋ ਗਈ ਹੋਵੇ। ਉਹਦੇ ਪਿੱਛੇ ਉਹਦੀ ਮਾਂ ਖੜ੍ਹੀ ਵੀ ਦਿਸਦੀ ਏ। ਇਸ ਦੌਰਾਨ ਕਾਲੇ ਰੰਗ ਦੀ ਗੱਡੀ ਕੋਲ ਜਾ ਕੇ, ਸੁਪਨਦੀਪ ਮੈਨੂੰ ਆਵਾਜ਼ ਮਾਰਦਾ ਏ। ਫਿਰ ਇਕਦਮ ਮੋਬਾਈਲ ਦੀ ਸਕਰੀਨ ਅੱਗੇ ਹਨੇਰਾ ਆ ਜਾਂਦਾ ਏ। ਲੱਗਦਾ ਏ ਜਿਵੇਂ ਮੇਰੀ ਮੰਗੇਤਰ ਦੇ ਹੱਥੋਂ ਮੋਬਾਈਲ ਡਿੱਗ ਗਿਆ ਹੋਵੇ, ਮੇਰੇ ਵੱਲ ਵੇਖ ਕੇ ਸ਼ਾਇਦ ਉਹ ਵੀ ਡਿੱਗ ਗਈ ਹੋਵੇ। ਮੈਂ ਸੁਪਨਦੀਪ ਵੱਲ ਵੇਖਦਾ ਹਾਂ। ਮੇਰੀਆਂ ਅੱਖਾਂ ਰੌਸ਼ਨੀ ਨਾਲ ਭਰ ਜਾਂਦੀਆਂ ਨੇ। ਅਸੀਂ ਇਕ ਸੈਲਫੀ ਕਲਿੱਕ ਕਰਦੇ ਹਾਂ। ਆਪਣੇ ਅੰਦਾਜ਼ ਵਿਚ ਨਾਟ-ਮੱਚ ਤੋਂ ਹਕੀਕਤ ਵੱਲ...ਤੁਰਦਾ ਹੋਇਆ...'ਸੁਪਨਦੀਪ' ਦੇ ਨਾਲ ਵਾਲੀ ਸੀਟ ਉੱਤੇ 'ਸਹਿਜ' ਹੋ ਕੇ ਬੈਠ ਜਾਂਦਾ ਹਾਂ।

# ਮੁਨਤਜ਼ਰ ਕਬਸੇ ਤਹਯਉਰ ਹੈ ਤੇਰੀ ਤਕਰੀਰ ਕਾ...!

## *ਪਟਿਆਲੇ ਵਾਲੇ ਲਾਲੀ ਬਾਬੇ ਨੂੰ ਯਾਦ ਕਰਦਿਆਂ...*


ਕਾਫ਼ੀ ਯਾਦ ਕੀਤਾ, ਮੈਨੂੰ ਸਾਲ ਯਾਦ ਨਹੀਂ ਆ ਰਿਹਾ। 2014 ਤੋਂ ਪਹਿਲਾਂ, ਕਿਸੇ ਸਾਲ, ਡਾ. ਮਨਮੋਹਨ ਹੁਰਾਂ ਦੇ ਘਰ, ਅੰਮ੍ਰਿਤਸਰ ਵਿਚਾਰ-ਗੋਸ਼ਟੀ ਲਈ ਅਦੀਬ ਇਕੱਤਰ ਹੋਏ ਸਨ। ਸ਼ਾਮ ਨੂੰ ਕਵੀ ਦਰਬਾਰ ਸੀ। ਗਿਆਨ ਦਾ ਦਰਿਆ ਵਗ ਰਿਹਾ ਸੀ। ਸਾਰੇ ਆਪੋ-ਆਪਣੀ ਸਮਰੱਥਾ ਮੁਤਾਬਕ ਗਿਆਨ ਇਸ਼ਨਾਨ ਕਰ ਰਹੇ ਸਨ, ਕਰਵਾ ਰਹੇ ਸਨ। ਮੈਂ ਉਨ੍ਹੀਂ ਦਿਨੀ ਪੀਐੱਚ.ਡੀ. ਦਾ ਖੋਜਾਰਥੀ ਸਾਂ। ਮੇਰੀ ਖੋਜ ਦਾ ਵਿਸ਼ਾ 'ਅਸਤਿਤਵਵਾਦ' ਸੀ। ਉਨ੍ਹਾਂ ਦਿਨਾਂ ਵਿਚ ਸਿਵਾਏ ਇਸ ਵਿਸ਼ੇ ਤੋਂ ਕੁਝ ਹੋਰ ਸੁੱਝਦਾ ਹੀ ਨਹੀਂ ਸੀ। ਮੰਚ ਤੋਂ ਪਰਚਾ ਪੜ੍ਹਨ ਲਈ ਜਦ ਮੇਰਾ ਨਾਮ ਲਿਆ ਗਿਆ ਤਾਂ ਮੈਂ ਆਪਣੇ ਅਸਤਿਤਵਵਾਦੀ ਨਜ਼ਰੀਏ ਤੋਂ ਆਪਣਾ ਖੋਜ-ਪੱਤਰ ਪੇਸ਼ ਕੀਤਾ। ਮੈਂ ਜੋ ਬੋਲਿਆ, ਉਹ ਸਹੀ ਸੀ ਜਾਂ ਗ਼ਲਤ, ਇਹ ਮੈਂ ਨਹੀਂ ਜਾਣਦਾ ਪਰ ਕਿਸੇ ਨੇ ਮੇਰੇ ਪ੍ਰਵਚਨਮੂਲਕ ਵਿਖਿਆਨ ਬਾਰੇ ਕੁਮੈਂਟ ਕਰਦਿਆਂ 'ਲਾਲੀ ਜੀ' ਦਾ ਜ਼ਿਕਰ ਕੀਤਾ ਸੀ। ਸ਼ਾਇਦ ਮੋਹਨਜੀਤ ਹੁਰਾਂ ਨੇ! ਉਸ ਦਿਨ ਭੂਤਵਾੜੇ ਵਾਲੇ 'ਲਾਲੀ' ਦਾ ਨਾਮ ਪਹਿਲੀ ਵਾਰ ਸੁਣਿਆ ਸੀ। ਪਤਾ ਨਹੀਂ ਕੀ ਮਿਕਨਾਤੀਸੀ ਖਿੱਚ ਸੀ ਉਸ ਨਾਮ ਵਿਚ! ਬਸ! ਸਿਰ ਨੂੰ ਚੜ੍ਹ ਗਿਆ। ਕੋਈ ਵਿਸ਼ੇਸ਼ ਗੱਲ ਵੀ ਨਹੀਂ ਸੁਣੀ ਸੀ ਓਦੋਂ ਤੱਕ 'ਲਾਲੀ' ਬਾਰੇ, ਪਰ ਨਾਮ ਸੁਣ ਕੇ ਦਿਲ ਦੀ ਕੈਫ਼ੀਅਤ ਇਹ ਹੋ ਗਈ ਕਿ ਹੁਣ 'ਲਾਲੀ' ਨੂੰ ਮਿਲੇ ਬਿਨਾਂ ਗੁਜ਼ਾਰਾ ਨਹੀਂ। ਉਸੇ ਦਿਨ ਸ਼ਾਮ ਤੱਕ ਮੌਜੂਦ ਅਦੀਬਾਂ ਕੋਲੋਂ ਜੋ ਵੀ 'ਲਾਲੀ' ਬਾਰੇ ਪਤਾ ਲੱਗ ਸਕਦਾ ਸੀ, ਪਤਾ ਲਾਉਣ ਦੀ ਕੋਸ਼ਿਸ਼ ਕੀਤੀ। ਇੰਨਾ ਹੀ ਪਤਾ ਲੱਗਾ ਕਿ ਜਿਹੜਾ ਵੀ 'ਲਾਲੀ' ਕੋਲ ਅੱਧਾ ਘੰਟਾ ਬੈਠ ਗਿਆ, ਉਸ ਨੂੰ ਛੇ ਮਹੀਨੇ ਪੜ੍ਹੀਆਂ ਜਾ ਸਕਣ ਜੋਗੀਆਂ ਕਿਤਾਬਾਂ ਦੀ ਫ਼ਹਿਰਸਤ ਮਿਲ ਜਾਵੇਗੀ। ਦਿਲ ਨੂੰ ਧੂਹ ਪਾਉਣ ਲਈ ਇਹ ਜਾਣਕਾਰੀ ਕਾਫ਼ੀ ਸੀ। ਖ਼ੈਰ, ਪਤਾ ਲੱਗਾ ਕਿ 'ਲਾਲੀ' ਪਟਿਆਲੇ ਰਹਿੰਦੈ। ਕੁਝ ਸਮੇਂ ਬਾਅਦ ਇੱਕ ਸੈਮੀਨਾਰ ਦੇ ਸਿਲਸਿਲੇ ਵਿਚ ਪਟਿਆਲਾ ਜਾਣਾ ਹੋਇਆ। ਲਾਲੀ ਜੀ ਦਾ ਪਤਾ ਪੁੱਛਿਆ ਇੱਕ ਨਾਮਵਰ ਕਵੀ ਜੀ (ਮਰਹੂਮ) ਕੋਲੋਂ, ਜੋ ਭੂਤਵਾੜੇ ਦੇ ਦਿਨਾਂ ਤੋਂ ਲਾਲੀ ਜੀ ਦੀ ਸੰਗਤ ਕਰ ਰਹੇ ਸਨ। ਕਾਰਨ ਮੈਂ ਨਹੀਂ ਜਾਣਦਾ ਕਿਉਂ ਪਰ ਕਵੀ ਜੀ ਨੇ ਜੋ ਜਵਾਬ ਦਿੱਤਾ ਉਹ ਬਹੁਤ ਹੀ ਹੈਰਾਨ ਅਤੇ ਨਿਰਾਸ਼ ਕਰਨ ਵਾਲਾ ਸੀ।

ਮੈਂ: ਸਰ, ਮੈਂ ਲਾਲੀ ਜੀ ਨੂੰ ਮਿਲਣਾ ਚਾਹੁੰਦਾ ਹਾਂ, ਉਨ੍ਹਾਂ ਦਾ ਐਡਰੈਸ ਦੱਸੋਗੇ?

ਕਵੀ ਜੀ: ਨਾ ਨਾ ਨਾ, ਉਹਨੂੰ ਨਾ ਮਿਲਿਓ! ਉਹ ਤਾਂ ਬਹੁਤ ਬਿਮਾਰ ਹੋ ਗਿਆ।

ਉਸ ਨੂੰ ਕੁਝ ਪਤਾ-ਪੁਤਾ ਨਹੀਂ ਲੱਗਦਾ। ਕਦੋਂ ਕਿਸੇ ਦੇ ਚਪੇੜ ਕੱਢ ਮਾਰੇ। ਪੱਗ-ਪੁੱਗ ਲਾਹ ਦੇਂਦਾ ਉਹ ਤਾਂ!

ਮੇਰਾ ਦਿਲ ਨਿਰਾਸ਼ਾ ਦੀ ਡੂੰਘੀ ਖੱਡ ਵਿਚ ਜਾ ਪਿਆ। ਮੈਂ ਉਹ ਰਾਤ ਬਹੁਤ ਪਰੇਸ਼ਾਨੀ ਅਤੇ ਉਦਾਸੀ ਨਾਲ ਕੱਟੀ। ਮੈਂ ਹਰ ਸੂਰਤ ਲਾਲੀ ਜੀ ਨੂੰ ਮਿਲਣਾ ਚਾਹੁੰਦਾ ਸਾਂ। ਪਿਛਲੇ ਕਿੰਨੇ ਮਹੀਨਿਆਂ ਤੋਂ ਲਾਲੀ ਜੀ ਬਾਰੇ ਪੁੱਛ-ਪੁੱਛ ਕੇ ਜੋ ਕੁਝ ਪਤਾ ਲੱਗਾ ਸੀ ਉਸ ਨੇ ਮੇਰੇ ਸਿਰ ਜਾਦੂ ਕੀਤਾ ਹੋਇਆ ਸੀ। ਮੈਨੂੰ ਇਵੇਂ ਮਹਿਸੂਸ ਹੋਇਆ ਜਿਵੇਂ ਦੁਨੀਆਂ 'ਚ ਇੱਕੋ ਤਾਂ ਬੰਦਾ ਸੀ ਮਿਲਣ ਵਾਲਾ, ਮੈਂ ਉਸਨੂੰ ਵੀ ਨਹੀਂ ਮਿਲ ਸਕਿਆ। ਜਿਵੇਂ ਹੁਣ ਜੀਣ ਦਾ ਕੋਈ ਹੱਜ ਨਾ ਰਿਹਾ ਹੋਵੇ। ਸਾਰੀ ਰਾਤ ਉਦਾਸੀ 'ਚ ਕੱਟਣ ਤੋਂ ਬਾਅਦ ਸਵੇਰੇ ਮੈਂ ਕੰਵਲਜੀਤ ਸਿੰਘ ਨੂੰ ਕਿਹਾ, 'ਚੱਲ ਕੰਵਲਜੀਤ, ਆਪਾਂ ਮਿਲਣਾ ਲਾਲੀ ਨੂੰ! ਮੈਂ ਅੱਗੇ ਲੱਗੂੰ, ਜੇ ਚਪੇੜ ਖਾਣੀ ਵੀ ਪਈ ਤਾਂ ਵੀ ਕੋਈ ਗੱਲ ਨਹੀਂ, ਪਰ ਮੈਂ ਲਾਲੀ ਨੂੰ ਮਿਲੇ ਬਿਨਾਂ ਵਾਪਿਸ ਨਹੀਂ ਜਾਣਾ।' ਅੱਜ ਤੱਕ ਕੰਵਲਜੀਤ ਸਿੰਘ ਨੇ ਮੇਰਾ ਕਿਹਾ ਕਦੀ ਨਹੀਂ ਮੋੜਿਆ। ਪੰਜਾਬੀ ਯੂਨੀਵਰਸਿਟੀ ਤੋਂ ਮੈਂ, ਡਾ. ਕੰਵਲਜੀਤ ਸਿੰਘ (ਖਡੂਰ ਸਾਹਿਬ) ਅਤੇ ਡਾ. ਜਸਵਿੰਦਰ ਸਿੰਘ (ਪੰਜਾਬੀ ਯੂਨੀਵਰਸਿਟੀ ਪਟਿਆਲਾ), ਅਸੀਂ ਤਿੰਨੋਂ ਲਾਲੀ ਜੀ ਦੇ ਘਰ ਮੂਹਰੇ ਪਹੁੰਚ ਗਏ। ਮੈਂ ਦਰਵਾਜ਼ੇ 'ਤੇ ਬੈੱਲ ਵਜਾਈ, ਅੱਗੋਂ ਮੇਰੀ ਚੰਗੀ ਕਿਸਮਤ ਦਰਵਾਜ਼ਾ ਲਾਲੀ ਜੀ ਨੇ ਹੀ ਖੋਲ੍ਹਿਆ। ਅਸੀਂ ਫ਼ਤਿਹ ਬੁਲਾਈ ਅਤੇ ਪੈਰੀਂ ਹੱਥ ਲਾਇਆ। ਲਾਲੀ ਜੀ ਨੇ ਅੱਗੇ ਵਧ ਕੇ ਗ.ਲ ਨਾਲ ਲਾ ਲਿਆ। ਮੈਂ ਅੱਜ ਵੀ ਉਹ ਸਪਰਸ਼ ਨਹੀਂ ਭੁੱਲ ਸਕਦਾ। ਜਿਸ ਮੁਹੱਬਤ ਨਾਲ ਉਨ੍ਹਾਂ ਸਾਡਾ ਸਵਾਗਤ ਕੀਤਾ, ਜਿਸ ਨਿੱਘ ਨਾਲ ਉਨ੍ਹਾਂ ਸਾਨੂੰ ਜੀ ਆਇਆਂ ਆਖਿਆ, ਜਿਵੇਂ ਲਾਲੀ ਜੀ ਸਾਡਾ ਹੀ ਇੰਤਜ਼ਾਰ ਕਰ ਰਹੇ ਸਨ। ਸੱਚ ਜਾਣਿਓ, ਉਸ ਦਿਨ ਇਵੇਂ ਲੱਗਾ ਜਿਵੇਂ ਪਹਿਲੀ ਵਾਰ ਕਿਸੇ ਨੂੰ ਮਿਲਿਆ ਹੋਵਾਂ, ਜਿਵੇਂ ਅਸ਼ਰਫ਼-ਉਲ-ਮਖ਼ਲੂਕਾਤ ਲਫ਼ਜ਼ ਦੇ ਮਾਅਨੇ ਦਾ ਦੀਦਾਰ ਕੀਤਾ ਹੋਵੇ। ਲਾਲੀ ਜੀ ਨੇ ਮੇਰਾ ਹੱਥ ਫੜਿਆ ਹੋਇਆ ਸੀ। ਸਾਨੂੰ ਅੰਦਰ ਬੁਲਾਇਆ। ਅਸੀਂ ਆਪਣੇ ਬਾਰੇ ਦੱਸਿਆ ਕਿ ਸਿਰਫ਼ ਤੁਹਾਨੂੰ ਮਿਲਣ ਆਏ ਹਾਂ! ਲਾਲੀ ਜੀ ਨੇ ਕਿਹਾ, 'ਬਹੁਤ ਚੰਗਾ



ਕੀਤਾ, ਖ਼ੁਸ਼ੀ ਹੋਈ।' ਫਿਰ ਗੱਲਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਕੋਈ ਦੋ ਘੰਟੇ ਅਸੀਂ ਲਾਲੀ ਜੀ ਦੀਆਂ ਗੱਲਾਂ ਸੁਣਦੇ ਰਹੇ। ਪਿਆਰ ਦੀਆਂ ਗੱਲਾਂ, ਨਾਵਲਾਂ ਦੇ ਪਾਤਰ, ਕਵਿਤਾ ਦੀਆਂ ਪੰਕਤੀਆਂ, ਗੁਰੂ ਨਾਨਕ ਸਾਹਿਬ ਦੀਆਂ ਗੱਲਾਂ, ਪੁਰਾਣਾ ਪੰਜਾਬ, ਲਾਹੌਰ ਦੀਆਂ ਗੱਲਾਂ। ਅਸੀਂ ਕਿੰਨਾਂ-ਕਿੰਨਾਂ ਸ਼ਹਿਰਾਂ ਦੀ ਸੈਰ ਕੀਤੀ, ਕਲਾਸਿਕ ਨਾਵਲਾਂ ਦੇ ਕਿਹੜੇ-ਕਿਹੜੇ ਪਾਤਰਾਂ ਨੂੰ ਮਿਲੇ, ਸ਼ਬਦਾਂ ਵਿਚ ਬਿਆਨ ਕਰਨਾ ਕਠਿਨ ਹੈ। ਸੱਚੀਂ, ਸੋ ਸੁਣਿਆ ਸੀ ਉਸ ਤੋਂ ਸਵਾਇਆ ਪਾਇਆ। ਲਾਲੀ ਜੀ ਜਦ ਬੋਲ ਰਹੇ ਸਨ, ਉਨ੍ਹਾਂ ਦੇ ਹੱਥ ਹਵਾ ਵਿਚ ਲਹਿਰਾਉਂਦੇ, ਗੱਲਾਂ ਦੇ ਮਾਅਨਿਆਂ ਨੂੰ ਦ੍ਰਿਸ਼ ਵਿਚ ਦ੍ਰਿੜ ਕਰਦੇ ਜਾਂਦੇ। ਇੰਨਾ ਭਾਵੁਕ ਇਨਸਾਨ, ਆਪਣੇ ਦ੍ਰਿਸ਼ਟੀਕੋਣ ਦਾ ਇੰਨਾ ਬਾਰੀਕ ਅਤੇ ਕੋਮਲ ਵਾਕਾਂ ਨਾਲ ਯੁੱਗਾਂ ਨੂੰ ਬੰਨ੍ਹ ਦੇਣ ਦੀ ਸਮਰੱਥਾ, ਪਹਿਲੀ ਵਾਰ ਦੇਖੀ/ਸੁਣੀ ਸੀ।

ਫ਼ਿਰ ਉਨ੍ਹਾਂ ਆਪਣੀ ਪਤਨੀ ਨਾਲ ਮਿਲਾਇਆ। ਅਸੀਂ ਸਭ ਨੇ ਇਕੱਠਿਆਂ ਚਾਹ ਪੀਤੀ। ਲਾਲੀ ਜੀ ਨੇ ਸਾਨੂੰ ਪਹਿਲੀ ਵਾਰ ਮਿਲਿਆਂ ਨੂੰ ਆਪਣਾ ਘਰ ਦਿਖਾਇਆ। ਘਰ ਦੀ ਇੱਕ ਦੀਵਾਰ ਤੇ ਬਹੁਤ ਸਾਰੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਲਾਲੀ ਜੀ ਨੇ ਇਸ਼ਾਰਾ ਕਰਕੇ ਕਿਹਾ, 'ਇਹ ਕੰਧ ਮੇਰੀ ਹੈ, ਬਸ!' ਉਸ ਦੀਵਾਰ 'ਤੇ ਲਾਹੌਰ ਦੀਆਂ, ਪੁਰਾਣੀਆਂ ਯਾਦਾਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਅਸੀਂ ਇਹ ਪਿਆਰ ਦੀ ਦੌਲਤ ਸਮੇਟ ਕੇ ਆਪਣੀਆਂ ਝੋਲੀਆਂ ਭਰ ਕੇ ਅੰਦਰ ਤੱਕ ਰੱਜ ਚੁੱਕੇ ਸਾਂ। ਉਸ ਦਿਨ ਸੱਚੀਂ ਕਿਸੇ ਬਜ਼ੁਰਗ ਦੇ ਦਰਸ਼ਨ ਹੋਏ ਸਨ। ਲਾਲੀ ਜੀ ਨੂੰ ਮਿਲਣਾ ਆਪਣੇ ਆਪ ਵਿਚ ਇੱਕ ਪ੍ਰਾਪਤੀ ਹੈ। ਉਨ੍ਹਾਂ ਨੂੰ ਸੁਣਨਾ, ਹਾਸਿਲ!

ਸ਼ੇਖ਼ ਸਾਅਦੀ ਨੇ ਖ਼ੂਬ ਕਿਹਾ ਹੈ:

ਬਜ਼ੁਰਗੀ ਬਾਅਕਲ ਅਸਤ ਨਾ ਬਾ-ਸਾਲ,  
ਤਵੰਗਰੀ ਬਾਦਿਲ ਅਸਤ ਨਾ ਬਾ-ਮਾਲ।

ਆਖ਼ਿਰ ਇਜਾਜ਼ਤ ਲਈ, ਫ਼ਤਿਹ ਬੁਲਾਈ। ਵਾਪਿਸ ਜਾਣ ਲੱਗੇ ਦਰਵਾਜ਼ੇ 'ਤੇ ਮੈਂ ਸਹਿਵਣ ਹੀ ਪੁੱਛ ਲਿਆ, 'ਸਰ, ਤੁਸੀਂ ਕਦੀ ਫਿਰ ਲਾਹੌਰ ਨਹੀਂ ਗਏ?' ਲਾਲੀ ਜੀ ਦੀਆਂ ਅੱਖਾਂ ਵਿਚ ਨਮੀ ਦੀ ਇੱਕ ਲਹਿਰ ਆਈ, ਆਪਣੇ ਕੋਮਲ ਹੱਥ ਨਾਲ ਸਾਡੀਆਂ ਦਸਤਾਰਾਂ ਨੂੰ ਪਲੋਸਦੇ ਹੋਏ, ਬੇਹੱਦ ਭਾਵੁਕ ਹੋ ਕੇ ਭਰੇ ਹੋਏ ਗਲੇ ਨਾਲ ਇੱਕੋ ਵਾਕ ਕਿਹਾ, 'ਦਸਤਾਰ ਬਗ਼ੈਰ ਬੰਦਾ ਲਾਹੌਰ ਨਹੀਂ ਜਾ ਸਕਦਾ।' ਜਦ ਪ੍ਰੋ. ਹਰਪਾਲ ਸਿੰਘ ਪਨੂੰ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਆਪਣੀ ਲਿਖਤ 'ਲਾਲੀ ਪੁੱਤਰ ਰਾਠ ਦਾ' ਵਿਚ ਇਸਦਾ ਜ਼ਿਕਰ ਵੀ ਕੀਤਾ। ਇਸ ਤੋਂ ਅੱਗੇ ਨਾ ਅਸੀਂ ਕੁਝ ਪੁੱਛ ਸਕੇ, ਨਾ ਬੋਲ ਸਕੇ। ਅਸੀਂ ਤਿੰਨੋ ਚੁੱਪ, ਕਿਸੇ ਦੈਵੀ ਛੁਹ ਨਾਲ ਸਰਸ਼ਾਰ ਹੋਏ ਵਾਪਿਸ ਆਏ। ਮੈਂ ਅੱਜ ਵੀ ਉਸ ਕੋਮਲਤਾ ਨੂੰ ਮਹਿਸੂਸ ਕਰ ਸਕਦਾ ਹਾਂ। ਬਹੁਤ ਵਾਰ ਇਹ ਵਾਰਤਾ ਦੋਸਤਾਂ ਨਾਲ, ਵਿਦਿਆਰਥੀਆਂ ਨਾਲ, ਲਾਲੀ ਜੀ ਦੇ ਉਪਾਸ਼ਕਾਂ ਨਾਲ ਸਾਂਝੀ ਕੀਤੀ ਹੈ, ਪਰ ਅੱਜ ਵੀ ਇਹ ਯਾਦ ਜਿਵੇਂ ਕੱਲ ਦੀ ਗੱਲ ਹੋਵੇ। ਇਸ ਮਿਲਣੀ ਦੀ ਤਾਜ਼ਗੀ ਜਿਵੇਂ ਅੱਗੇ ਨਾਲੋਂ ਵੀ ਵਧ ਗਈ ਹੋਵੇ। ਜਿਸ ਸਮੇਂ ਅਸੀਂ ਲਾਲੀ ਜੀ ਨੂੰ ਮਿਲਣ ਗਏ, ਉਨ੍ਹਾਂ ਦੇ ਘਰ ਪੇਂਟਰ ਸਿਧਾਰਥ ਜੀ ਆਏ ਬੈਠੇ ਸਨ। ਦਸਮ ਗ੍ਰੰਥ ਦੇ ਅੰਗ੍ਰੇਜ਼ੀ ਅਨੁਵਾਦ ਦੀ ਗੱਲ ਚੱਲ ਰਹੀ ਸੀ। ਇੰਨੀ ਕੀਮਤੀ ਗੱਲ-ਬਾਤ ਵਿਚੋਂ ਸਮਾਂ ਕੱਢ ਕੇ ਵਿਦਿਆਰਥੀਆਂ ਨੂੰ ਖੁੱਲ੍ਹ-ਦਿਲੀ ਨਾਲ ਮਿਲਣਾ ਆਪਣੇ-ਆਪ ਵਿਚ ਸਾਡੇ ਲਈ ਬਹੁਤ ਵੱਡੀ ਗੱਲ ਸੀ।

ਕੁਝ ਮਹੀਨਿਆਂ ਬਾਅਦ ਅੰਮ੍ਰਿਤਸਰ ਵਿਚ ਇੱਕ ਕਵੀ ਦਰਬਾਰ ਦੌਰਾਨ ਉਹੀ ਕਵੀ ਜੀ ਜਦ ਕਾਰ 'ਚੋਂ ਉੱਤਰ ਕੇ ਤੁਰੇ ਆ ਰਹੇ ਸਨ, ਤਾਂ ਮੈਨੂੰ ਸਾਹਮਣੇ ਖੜਾ ਦੇਖ ਸਿੱਧਾ ਮੇਰੇ ਵੱਲ ਆ ਗਏ। ਮੇਰੇ ਮੋਢਿਆਂ 'ਤੇ ਦੋਵੇਂ ਹੱਥ ਰੱਖੇ ਅਤੇ ਕਿਹਾ, 'ਮੈਨੂੰ ਪਤਾ ਸੀ, ਤੂੰ ਜਾਵੇਂਗਾ, ਜ਼ਰੂਰ ਜਾਵੇਂਗਾ। ਮੈਂ ਤੇਰੀਆਂ ਅੱਖਾਂ 'ਚ ਜਨੂੰਨ ਦੇਖ ਲਿਆ ਸੀ।' ਉਸ ਤੋਂ ਬਾਅਦ ਕਵੀ ਜੀ ਨੇ ਮੇਰੇ ਨਾਲ ਕਦੀ ਗੱਲ ਨਹੀਂ ਕੀਤੀ। ਲਾਲੀ ਜੀ ਨਾਲ ਹੋਈ ਉਹ ਮੁਲਾਕਾਤ ਮੈਨੂੰ ਕਦੀ ਨਹੀਂ ਭੁੱਲੀ। ਸਦਾ ਲਈ ਮੇਰੇ ਚੇਤਿਆਂ ਵਿਚ ਵੱਸ ਗਈ। ਜਿਵੇਂ-ਜਿਵੇਂ ਲਾਲੀ ਜੀ ਬਾਰੇ ਹੋਰ ਗੱਲਾਂ ਪਤਾ ਲਗਦੀਆਂ ਗਈਆਂ, ਉਸ ਮੁਲਾਕਾਤ ਦਾ ਨਸ਼ਾ ਹੋਰ ਵੱਧਦਾ ਗਿਆ।

ਸਵਾਮੀ ਪਰਮਹੰਸ ਜੀ ਜਦ ਸਵਰਗ ਸਿਧਾਰ ਗਏ ਤਾਂ ਉਨ੍ਹਾਂ ਦੀ ਪਤਨੀ ਨੇ ਸੁਹਾਗਣ ਵਾਲਾ ਵੇਸ ਨਹੀਂ ਉਤਾਰਿਆ। ਨਾ ਚੂੜੀਆਂ ਉਤਾਰੀਆਂ, ਨਾ ਮਾਂਗ ਵਿਚੋਂ ਸਿੰਧੂਰ ਅਤੇ ਨਾ ਹੀ ਵਿਧਵਾ ਵਾਲਾ ਜੋੜਾ ਪਹਿਨਿਆ। ਸਵਾਮੀ ਜੀ ਦੇ ਚੇਲਿਆਂ ਨੇ ਅਤਿ-ਭਾਵੁਕ ਹੋ ਕੇ ਕਿਹਾ, 'ਮਾਤਾ, ਸਵਾਮੀ ਪਰਮਹੰਸ ਜੀ ਨਹੀਂ ਰਹੇ।' ਤਾਂ ਉਨ੍ਹਾਂ ਬ੍ਰਹਮਲੀਨ ਚੇਤਨਾ ਵਿਚੋਂ ਜਵਾਬ ਦਿੱਤਾ, 'ਸਵਾਮੀ ਜੀ ਸਿਰਫ਼ ਉਸ ਸਰੀਰ ਵਿਚ ਨਹੀਂ ਰਹੇ।'

1971 ਵਿਚ ਰਿਸ਼ੀਕੇਸ਼ ਮੁਖਰਜੀ ਦੀ ਡਾਇਰੈਕਟ ਕੀਤੀ ਹੋਈ ਫ਼ਿਲਮ 'ਆਨੰਦ' ਆਈ ਸੀ। ਜਿਸ ਦੇ ਡਾਇਲੌਗ ਗੁਲਜ਼ਾਰ ਸਾਹਿਬ ਨੇ ਲਿਖੇ ਸਨ। ਫ਼ਿਲਮ ਦੇ ਅੰਤ ਵਿਚ ਜਦ ਆਨੰਦ ਦੀ ਮੌਤ ਹੋ ਜਾਂਦੀ ਹੈ ਤਾਂ ਇੱਕ ਡਾਇਲੌਗ, ਜਿਸ ਦਾ ਜ਼ਿਕਰ ਵਾਜਿਬ ਲਗਦਾ ਹੈ।

'ਆਨੰਦ ਮਰਾ ਨਹੀਂ, ਆਨੰਦ ਮਰਤੇ ਨਹੀਂ'

ਲਾਲੀ ਜੀ ਵੀ ਸਾਡੇ ਚੇਤਿਆਂ ਵਿਚ ਸਦਾ ਜਿਉਂਦੇ ਰਹਿਣਗੇ। ਉਨ੍ਹਾਂ ਦੀਆਂ ਸਿਮਰਤੀਆਂ ਸਾਹਿਤ ਜਗਤ ਦੇ ਹਿਰਦੇ ਵਿਚ ਕਦੇ ਨਾ ਵਿਸਾਰੇ ਜਾ ਸਕਣ ਵਾਲੇ ਅਦੀਬਾਂ ਦੀ ਫਹਿਰਿਸਤ ਵਿਚ ਸ਼ਾਮਿਲ ਹਨ।

*-ਡਾ. ਕੁਲਦੀਪ ਸਿੰਘ ਢਿੱਲੋਂ*  
*ਫੋਨ: 80545-60550*

# ਬੰਤੂ ਛੜੇ ਦੀ ਪਾਰਲੀਮੈਂਟ

ਗੁਰਮੀਤ ਕੜਿਆਲਵੀ



***ਗੁਰਮੀਤ ਕੜਿਆਲਵੀ, ਪੰਜਾਬੀ ਦਾ ਉੱਘਾ ਕਹਾਣੀਕਾਰ ਅਤੇ ਵਾਰਤਕਕਾਰ ਹੈ, ਜੋ ਕਥਾ ਪੁਸਤਕਾਂ, ਕਹਾਣੀਆਂ, ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਵਾਰਤਕ ਪੁਸਤਕਾਂ ਤੋਂ ਇਲਾਵਾ ਨਾਟਕ ਵੀ ਲਿਖ ਚੁੱਕਾ ਹੈ। ਉਸ ਦੀ ਕਹਾਣੀ ਆਤੂ ਖੋਜੀ 'ਤੇ ਲਘੂ ਫਿਲਮ ਬਣ ਚੁੱਕੀ ਹੈ ਤੇ ਬਹੁਤ ਸਾਰੀਆਂ ਕਹਾਣੀਆਂ ਦਾ ਨਾਟਕੀਕਰਨ ਹੋ ਚੁੱਕਾ ਹੈ। ਉਸ ਦੀਆਂ ਕਈ ਰਚਨਾਵਾਂ ਸਕੂਲ ਅਤੇ ਯੂਨੀਵਰਸਿਟੀ ਦੇ ਸਿਲੇਬਸ ਵਿਚ ਵੀ ਸ਼ਾਮਿਲ ਹਨ। ਪ੍ਰਿੰਸੀਪਲ ਸੁਜਾਨ ਸਿੰਘ ਅਤੇ ਪ੍ਰੀਤਲੜੀ ਪੁਰਸਕਾਰ ਸਮੇਤ ਕਈ ਸਨਮਾਨ ਹਾਸਲ ਕਰ ਚੁੱਕੇ ਕੜਿਆਲਵੀ ਦੀਆਂ ਰਚਨਾਵਾਂ ਹਿੰਦੀ, ਮਰਾਠੀ, ਗੁਜਰਾਤੀ ਤੇ ਸ਼ਾਹਮੁਖੀ 'ਚ ਵੀ ਅਨੁਵਾਦ/ਲਿਪੀਅੰਤਰ ਹੋ ਕੇ ਛਪ ਚੁੱਕੀਆਂ ਹਨ। ਅਸੀਂ ਆਪਣੇ ਪਾਠਕਾਂ ਲਈ ਉਸ ਦੀਆਂ ਕਹਾਣੀਆਂ ਦਾ ਕਾਲਮ ਸ਼ੁਰੂ ਕੀਤਾ ਹੈ, ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਨਾਂ ਤਾਂ ਉਸਦਾ ਮਾਂ-ਬਾਪ ਨੇ ਬਲਵੰਤ ਸਿੰਘ ਸਿੱਧੂ ਰੱਖਿਆ ਸੀ ਪਰ ਪਿੰਡ ਵਾਲਿਆਂ ਲਈ ਉਹ ਕੇਵਲ ਬੰਤੂ ਛੜਾ ਹੀ ਸੀ। ਭਾਵੇਂ ਉਹ ਸ਼ਕਲੋਂ ਸੂਰਤੋਂ ਬਣਦਾ-ਤਣਦਾ ਅਤੇ ਮੂੰਹ ਮੱਥੇ ਲੱਗਦਾ ਸੀ ਪਰ ਹਿੱਸੇ ਆਉਂਦੀ ਸਾਢੇ ਤਿੰਨ ਕਨਾਲਾਂ ਜ਼ਮੀਨ ਦੇ ਸਿਰ 'ਤੇ ਬੰਤੂ ਨੂੰ ਕਿਸੇ ਪਦਮਨੀ ਦਾ ਡੋਲਾ ਮਿਲਣਾ ਮੁਸ਼ਕਲ ਨ੍ਹੀਂ ਨਾਮੁਮਕਿਨ ਹੀ ਸੀ। ਉਂਜ ਉਸਦੀ ਮਾਂ ਨੇ ਆਖ਼ਰੀ ਸਾਹ ਤੱਕ ਬੰਤੂ ਦੇ ਵਿਆਹ ਲਈ ਕੋਸ਼ਿਸ਼ ਕੀਤੀ ਸੀ। ਆਂਢਣਾਂ-ਗੁਆਂਢਣਾਂ ਅਤੇ ਰਿਸ਼ਤੇਦਾਰੀਆਂ ਵਿਚ ਮਿੰਨਤ-ਤਰਲਾ ਕਰਨ ਤੇ ਹੱਥ-ਪੱਲਾ ਫੈਲਾਉਣ ਦੇ ਬਾਵਜੂਦ ਪੁੱਤ ਦੇ ਸਿਰ ਤੋਂ ਪਾਣੀ ਵਾਰ ਕੇ ਪੀਣ ਦੀ ਰੀਝ ਪੂਰੀ ਨ੍ਹੀਂ ਸੀ ਹੋਈ। ਉਹ ਇਹ ਸੱਧਰ ਦਿਲ ਵਿਚ ਲੈ ਕੇ ਹੀ ਅਗਲੇ ਜਹਾਨ ਨੂੰ ਕੂਚ ਕਰ ਗਈ। ਉਧਰ ਬੰਤੂ ਸੀ ਜੋ ਆਪਣੇ ਛੜੇ ਰਹਿ ਜਾਣ ਨੂੰ ਮੰਨਦਾ ਹੀ ਨ੍ਹੀਂ ਸੀ। ਉਹ ਤਾਂ ਕਹਿੰਦਾ ਸੀ ਕਿ ਮੈਂ ਆਪ ਹੀ ਵਿਆਹ ਨ੍ਹੀਂ ਕਰਵਾਇਆ। ਉਹ ਆਖਦਾ, 'ਕੀ ਲੈਣਾ ਕਬੀਲਦਾਰੀ ਦੇ ਖਲਜਗਣ ਤੋਂ। ਸਾਰੀ ਉਮਰ ਜੁਆਕ ਚੂੰਡਦੇ ਰਹਿੰਦੇ ਨੇ। ਪਹਿਲਾਂ ਪਾਲੋ, ਫਿਰ ਪੜ੍ਹਾਓ-ਲਿਖਾਓ, ਫਿਰ ਵਿਆਹ ਕਰੋ। ਆਖ਼ਰ ਨੂੰ ਨਤੀਜਾ ਕੁਛ ਵੀ ਨ੍ਹੀਂ ਨਿਕਲਦਾ। ਬੁੱਢੇ ਵਾਰੇ ਜੁਆਕ ਥੋਨੂੰ ਸ਼ਿਸ਼ਕਾਰ ਕੇ ਘਰੋਂ ਬਾਹਰ ਕੱਢ ਦਿੰਦੇ ਐ।' ਬੰਤੂ ਅਕਸਰ ਕਬੀਲਦਾਰਾਂ ਨੂੰ ਟਿੱਚਰਾਂ ਕਰਦਾ ਰਹਿੰਦਾ ਅਤੇ ਉਨ੍ਹਾਂ ਨੂੰ 'ਕਬੀਲਦਾਰੀ ਦਾ ਭਾਰ ਢੋਣ ਵਾਲੇ ਖੋਤੇ' ਆਖਦਾ। ਬੰਤੂ ਸੀ ਵੀ ਸਿਰੇ ਦਾ ਟਿਚਰੀ। ਭਰਜਾਈਆਂ ਨੂੰ ਤਾਂ ਮਖੌਲ ਕਰਦਾ ਹੀ, ਛੋਟੇ ਥਾਓਂ ਲੱਗਦੀਆਂ ਨੂੰਹਾਂ ਧੀਆਂ ਅਤੇ ਵੱਡੇ ਥਾਓਂ ਲੱਗਦੀਆਂ ਚਾਚੀਆਂ-ਤਾਈਆਂ ਨੂੰ ਵੀ ਕੋਈ ਨਾ ਕੋਈ ਆਰ ਲਾ ਜਾਂਦਾ।

ਬੰਤੂ ਰੱਬ-ਰੱਬ ਕਰਕੇ ਢਾਈ ਕੁ ਜਮਾਤਾਂ ਪਾਸ ਕਰ ਸਕਿਆ। ਅਜੇ ਅੱਖ਼ਰ ਚੰਗੀ ਤਰ੍ਹਾਂ ਉਠਾਉਣ ਜੋਗਾ ਹੋਇਆ ਹੀ ਸੀ ਕਿ ਮਾਸਟਰ ਮਦਨ ਲਾਲ ਦੀ ਕੁੱਟ ਤੋਂ ਡਰਦਾ, ਸਕੂਲੋਂ ਹਰਨ ਹੋ ਗਿਆ। ਮਾਸਟਰ ਮਦਨ ਲਾਲ ਦੀ ਕੁੱਟ ਨੂੰ ਯਾਦ ਕਰਕੇ ਬੰਤੂ ਆਖਦਾ, 'ਸ਼ੁਕਰ ਐ ਭਰਾਵਾ ਬਚ ਕੇ ਆਗੇ ਨ੍ਹੀਂ ਕਸਾਈ ਕੋਲੋਂ ਬੱਕਰਾ ਭਲਾ ਕਦੋਂ ਸੁੱਕਾ ਨਿਕਲਦਾ?' ਉਹ ਅੱਖ਼ਰ ਜੋੜ-ਜੋੜ ਕੇ ਅਖ਼ਬਾਰ ਪੜ੍ਹਨ ਲਈ ਉਚੇਚਾ ਹਰ ਰੋਜ਼ ਕਪੂਰੇ ਦੀ ਹੱਟੀ 'ਤੇ ਜਾਂਦਾ। ਅੱਧੀ ਦਿਹਾੜੀ ਵਿਚ ਉਸ ਤੋਂ ਮਸੀਂ ਇੱਕ ਦੋ ਖ਼ਬਰਾਂ ਹੀ ਉਠਾਲ ਹੁੰਦੀਆਂ, ਵਰਨਾ ਬਹੁਤ ਸਮਾਂ ਉਹ ਵਰਕੇ ਹੀ ਉਲੱਦਦਾ ਰਹਿੰਦਾ। ਪੜ੍ਹੀ ਖ਼ਬਰ ਨੂੰ ਹਰ ਸੱਥ ਅਤੇ ਪਰ੍ਹੇ ਵਿਚ ਸੁਣਾਉਣਾ ਆਪਣਾ ਧਰਮ ਸਮਝਦਾ ਸੀ।

'ਲੈ ਵਈ ਐਤਕੀਂ ਬੀਬੀ ਇੰਦਰਾ ਮਾਂਜੀ ਜਾਊ ਨਿਹੰਗਾਂ ਦੇ ਡੋਲ ਵਾਂਗੂੰ।' ਵੋਟਾਂ ਦੇ ਦਿਨਾਂ 'ਚ ਉਹ ਆਪਣਾ ਵਿਚਾਰ ਪ੍ਰਗਟ ਕਰਦਾ।

'ਕਿਵੇਂ ਮਾਂਜੀ ਜਾਊ? ਬਥੇਰੀ ਦੁਨੀਆਂ ਉਹਦੇ ਮਗਰ ਐ। ਮੈਂ ਤਾਂ ਆਪ ਬੀਬੀ ਦੀ ਪਾਲਟੀ ਨੂੰ ਵੋਟ ਪਾਉਣੀ ਐ।' ਕੋਈ ਬੰਤੂ ਨੂੰ ਆਖਦਾ। ਬੰਤੂ ਗਹੁ ਨਾਲ ਆਖਣ ਵਾਲੇ ਦੀਆਂ ਅੱਖਾਂ ਵਿਚ ਝਾਕਦਾ ਤੇ ਜੁਆਬ ਦਿੰਦਾ,

'ਤੂੰ ਬੀਬੀ ਦੇ ਮਗਰ ਏਂ, ਤਾਂਹੀਂ ਤਾਂ ਮਾਂਜੀ ਜਾਣੀ ਆ। ਹੁਣ ਤੂੰ ਆਪ ਹੀ ਸਾਬ ਲਾ; ਤੇਰੇ ਟੱਬਰ ਦੇ ਜੀਅ ਹੈਗੇ ਪੂਰੇ ਸੱਥ। ਹੈ ਕਿ ਨ੍ਹੀਂ? ਸੱਥਾਂ 'ਚੋਂ ਤੇਰੇ ਨਾਲ ਇੱਕ ਵੀ ਹੈਨੀ। ਮਤਬਲ ਕੇ ਤੇਰੇ ਅਖੇ ਬੀਬੀ ਨੂੰ ਇੱਕ ਵੀ ਬੋਟ ਨ੍ਹੀਂ ਮਿਲਣੀ। ਤੂੰ ਦੱਸ ਫੇਰ ਮਾਂਜਾ ਲੱਤੂ ਕ ਨਾ ਬੀਬੀ ਦਾ?' ਬੰਤੂ ਬੋਲਣ ਵਾਲੇ ਨੂੰ ਠੁੱਸ ਕਰ ਦਿੰਦਾ। ਸੱਥ ਵਿਚ ਮੁੰਡੀਹਰ ਹੋ-ਹੱਲਾ ਕਰ ਦਿੰਦੀ।

ਇੱਕ ਵਾਰ ਬੰਤੂ ਨੇ ਪਾਕਿਸਤਾਨ ਵਲੋਂ ਪ੍ਰਮਾਣੂ ਬੰਬ ਬਣਾ ਲੈਣ ਬਾਰੇ ਪੜ੍ਹਿਆ। ਉਸ ਨੇ ਹਰ ਥਾਂ ਗੱਲ ਧੁੰਮਾ ਦਿੱਤੀ, 'ਪਾਕਿਸਤਾਨ ਨੇ ਬੰਬ ਬਣਾਇਆ, ਜਦੋਂ ਚਲਾਇਆ ਸਾਰੇ ਵਿਆਹੇ ਮਾਰੇ ਜਾਣੇ ਆ, ਬੱਸ ਛੜੇ-ਛੜੇ ਈ ਰਹਿ ਜਾਣੇ ਆਂ।'

'ਬੰਬ ਤਾਂ ਬੰਬ ਹੁੰਦਾ ਚੱਲ ਗਿਆ ਤਾਂ ਸਾਰਿਆਂ ਨੂੰ ਈ ਮਾਰੂ। ਛੜੇ ਕਿਵੇਂ ਬਚ ਜਾਣਗੇ?'

'ਸਾਊ ਆਪਾਂ ਕਣਕ ਦੀ ਫ਼ਸਲ 'ਤੇ ਦਵਾਈ ਨ੍ਹੀਂ ਛਿੜਕਦੇ, ਕੀ ਹੁੰਦਾ ਉਦੋਂ? ਬਾਥੂ ਤੇ ਹੋਰ ਝਾੜ-ਬੂਟ ਤਾਂ ਮਾਰਿਆ ਜਾਂਦਾ ਪਰ ਬਾਕੀ ਕਣਕ ਰਹਿ ਜਾਂਦੀ ਉਵੇਂ-ਦੀ ਉਵੇਂ। ਐਕਣ ਈ ਬੰਬ ਕਰੂ। ਵਿਆਹਿਆ ਇੱਕ ਨ੍ਹੀਂ ਬਚਣਾ। ਛੜੇ-ਛੜੇ ਈ ਰਹਿ ਜਾਣਗੇ।' ਇਹੋ ਜਿਹੀਆਂ ਫੈਲਸੂਫ਼ੀਆਂ ਬੰਤੂ ਪਿੰਡ ਵਾਲਿਆਂ ਅੱਗੇ ਪੇਸ਼ ਕਰਦਾ ਹੀ ਰਹਿੰਦਾ ਸੀ।

ਬੰਤੂ ਨੂੰ ਲੋਕ 'ਬੰਤੂ ਕੁਕੜੀਆਂ ਵਾਲਾ' ਵੀ ਆਖਦੇ ਸਨ ਕਿਉਂ ਜੋ ਉਹ ਕੁਕੜੀਆਂ-ਕੁੱਕੜ ਰੱਖਦਾ ਸੀ। ਸਾਰੀ ਦਿਹਾੜੀ ਉਸ ਦੀਆਂ ਇਹ ਕੁੱਕੜੀਆਂ ਆਂਢੀਆਂ-ਗੁਆਂਢੀਆਂ ਦੇ ਵਿਹੜਿਆਂ 'ਚ ਬਿੱਠਾਂ ਕਰਦੀਆਂ ਰਹਿੰਦੀਆਂ। ਬੁੜੀਆਂ ਦੀਆਂ ਪੱਥੀਆਂ ਪਾਥੀਆਂ ਠੂੰਗੇ ਮਾਰ-ਮਾਰ ਖਿਲਾਰ ਦਿੰਦੀਆਂ। ਅੱਕੀਆਂ ਬੁੜੀਆਂ ਕੁੱਕੜੀਆਂ ਵਿਚ ਦੀ ਬੰਤੂ ਨੂੰ ਸੋਹਲੇ ਸੁਣਾਉਂਦੀਆਂ ਤਾਂ ਉਸਨੂੰ ਚੰਗਾ ਚੰਗਾ ਲੱਗਦਾ। ਗਾਲ੍ਹਾਂ ਸੁਣ ਕੇ ਤਾਂ ਜਿਵੇਂ ਉਸਦੇ ਅੰਦਰ ਫੁੱਲਝੜੀਆਂ ਖਿੜਣ ਲੱਗਦੀਆਂ। ਦਰਅਸਲ ਇਹ ਕੁੱਕੜ-ਕੁੱਕੜੀਆਂ ਹੀ ਤਾਂ ਉਸ ਦਾ ਪਰਿਵਾਰ ਸੀ। ਉਸਦੇ ਵੱਡੀਆਂ-ਵੱਡੀਆਂ ਕਲਗੀਆਂ ਵਾਲੇ ਕੁੱਕੜ ਕਈ ਵਾਰ ਖੂੰਖਾਰ ਹੋ ਕੇ ਆਪਸ ਵਿਚ ਲੜ ਪੈਂਦੇ। ਇੱਕ ਦੂਜੇ 'ਤੇ ਹਮਲਾ ਕਰਦੇ, ਚੁੰਝਾਂ ਪੌਂਚੇ ਮਾਰ-ਮਾਰ ਇੱਕ ਦੂਜੇ ਨੂੰ ਲਹੂ-ਲੁਹਾਣ ਕਰ ਦਿੰਦੇ। ਝਈਆਂ ਲੈ-ਲੈ ਇੱਕ ਦੂਜੇ ਨੂੰ ਪੈਂਦੇ। ਬੰਤੂ ਆਪਣੇ ਹਿਸਾਬ ਨਾਲ ਹੀ ਇਨ੍ਹਾਂ ਜਾਨਵਰਾਂ ਨੂੰ ਸਮਝਾਉਂਦਾ, 'ਉਏ ਕਮਲਿਓ...ਕਿਉਂ ਲੜੀ ਜਾਨੇ ਓਂ ਲੀਡਰਾਂ ਵਾਂਗੂੰ...ਸਹੁਰੀ ਦਿਉ ਥੋਡਾ ਕਿਹੜਾ ਕੁਰਸੀ ਪਿੱਛੇ ਰੌਲਾ ਪੈ ਗਿਆ। ਹਟ'ਜੋ ਸ਼ੇਰੋ ਹਟ'ਜੋ। ਸਿਆਣੇ ਬਣੀਦਾ।'

ਉਨ੍ਹਾਂ ਦਿਨਾਂ 'ਚ ਅੱਜ ਵਾਂਗੂੰ ਪਾਰਲੀਮੈਂਟ ਦੀ ਕਾਰਵਾਈ ਟੈਲੀਵਿਜ਼ਨ 'ਤੇ ਨਾਲੋ-ਨਾਲ ਨ੍ਹੀਂ ਸੀ ਦਿਖਾਈ ਜਾਂਦੀ। ਸੰਸਦ ਵਿਚ ਹੋਈ ਬਹਿਸ ਦੀਆਂ ਕੇਵਲ ਝਾਕੀਆਂ ਹੀ ਵਿਖਾਈਆਂ ਜਾਂਦੀਆਂ ਸਨ। ਉਹ ਵੀ ਖ਼ਬਰਾਂ ਵਿਚ ਕੇਵਲ ਅੱਧੇ ਕੁ ਮਿੰਟ ਲਈ। ਓਦੋਂ ਹੈਰਾਨ ਹੋਈਦਾ ਸੀ ਵਈ ਕਾਨੂੰਨ ਘੜਨ ਵਾਲੀ ਇਸ ਪਵਿੱਤਰ ਸੰਸਥਾ 'ਚ ਲੋਕ ਨੁਮਾਇੰਦੇ ਇਉਂ ਰੌਲ਼ਾ ਪਾਉਂਦੇ ਨੇ? ਫਿਰ ਦੂਰਦਰਸ਼ਨ 'ਤੇ ਸੰਸਦੀ ਕਾਰਵਾਈ ਦਾ ਨਾਲੋ-ਨਾਲ ਪ੍ਰਸਾਰਨ ਹੋਣ ਲੱਗਾ ਤਾਂ ਸਾਰੇ ਭੁਲੇਖੇ ਹੀ ਚੁੱਕੇ ਗਏ। ਲੋਕ ਨੁਮਾਇੰਦੇ ਆਪਸ ਵਿਚ ਬਹਿਸਦੇ, ਬਾਹਵਾਂ ਉਲਾਰ-ਉਲਾਰ ਕੇ ਸੌਂਕਣਾਂ ਵਾਂਗ ਮੇਹਣੇ-ਤਾਅਨੇ ਮਾਰਦੇ, ਇੱਕ ਦੂਜੇ ਦੇ ਅਗਲਿਆਂ-ਪਿਛਲਿਆਂ ਨੂੰ ਨੌਲਦੇ। ਐਨੀ ਵਾਹਯਾਤ ਭਾਸ਼ਾ ਦਾ ਪ੍ਰਯੋਗ ਤਾਂ ਪਿੰਡ ਦੀ ਸੱਥ ਵਿਚ ਕਿਸੇ ਝਗੜੇ ਦੇ ਨਿਪਟਾਰੇ ਲਈ ਇਕੱਠੇ ਹੋਏ ਪੇਂਡੂ ਲੋਕ ਵੀ ਨ੍ਹੀਂ ਕਰਦੇ ਹੋਣੇ, ਜਿਹੋ ਜਿਹੀ ਭਾਸ਼ਾ ਦੀ ਵਰਤੋਂ ਸਾਡੇ ਹਰਮਨ ਪਿਆਰੇ ਨੇਤਾ ਇੱਕ-ਦੂਜੇ ਪ੍ਰਤੀ ਕਰ ਦਿੰਦੇ ਨੇ। ਵਿਚਾਰੇ ਸਪੀਕਰ ਸਾਹਿਬ ਉੱਚੀ ਕੁਰਸੀ 'ਤੇ ਬੈਠੇ, 'ਸ਼ਾਂਤ ਹੋ ਜਾਈਏ... ਕਿਰਪਿਆ ਸ਼ਾਂਤ ਹੋ ਜਾਈਏ' ਅਤੇ 'ਸਾਈਲੈਂਸ ਪਲੀਜ਼...ਪਲੀਜ਼ ਸਾਈਲੈਂਸ।' ਬੋਲਦੇ-ਬੋਲਦੇ ਆਪਣਾ ਸੰਘ ਬਹਾ ਲੈਂਦੇ ਨੇ ਪਰ ਸੰਸਦ ਦੇ ਮਾਣਯੋਗ ਮੈਂਬਰਾਂ 'ਤੇ ਇਨ੍ਹਾਂ ਬੇਨਤੀਆਂ ਦਾ ਘੱਟ ਹੀ ਅਸਰ ਹੁੰਦਾ ਹੈ।

ਹੁਣ ਜਦੋਂ ਆਪਣੇ ਹਰਮਨ ਪਿਆਰੇ ਲੋਕ ਨੁਮਾਇੰਦਿਆਂ ਦੀ ਇਸ ਕੁੱਕੜ-ਖੋਹੀ ਨੂੰ ਵੇਖੀਦਾ ਹੈ ਤਾਂ ਬੰਤੂ ਛੜਾ ਯਾਦ ਆ ਜਾਂਦਾ ਹੈ। ਉਸਨੇ ਆਪਣੇ ਕੁੱਕੜ-ਕੁੱਕੜੀਆਂ ਦੇ ਨਾਂ ਲੀਡਰਾਂ ਦੇ ਨਾਵਾਂ 'ਤੇ ਰੱਖੇ ਹੋਏ ਸਨ। ਬੰਤੂ ਆਪਣੇ ਕੁੱਕੜਾਂ ਨੂੰ ਖੁੱਡੇ ਵਿਚ ਤਾੜਨ ਲੱਗਿਆਂ ਅਕਸਰ ਕਿਹਾ ਕਰਦਾ ਸੀ, 'ਚਲੋ ਓਏ ਪੁੱਤਰੋ ਪਾਰਲੀਮੈਂਟ 'ਚ!'

# ਤਬਦੀਲੀ 'ਚੋਂ ਝਾਕਦੀ ਤਕਦੀਰ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਤਬਦੀਲੀ ਕੁਦਰਤ ਦਾ ਵਿਧਾਨ। ਵਕਤ ਨਾਲ ਹਰ ਵਸਤ ਬਦਲਦੀ। ਵਤੀਰਾ ਅਤੇ ਵਿਅਕਤੀ ਬਦਲਦਾ। ਮਾਨਸਿਕਤਾ ਅਤੇ ਵਿਵਹਾਰ ਬਦਲਦਾ। ਸਾਡੇ ਚੌਗਿਰਦੇ, ਬਨਸਪਤੀ ਅਤੇ ਕਾਇਨਾਤ ਵਿਚ ਬਦਲਾਅ। ਇਸ ਬਦਲਾਅ ਦੀ ਜ਼ੱਦ ਵਿਚ ਆ ਜਾਂਦਾ ਹਰੇਕ ਪਸ਼ੂ-ਪੰਛੀ ਅਤੇ ਵਿਅਕਤੀ।

ਵਕਤ ਨਾਲ ਬਦਲਣ ਵਾਲੇ ਲੋਕ ਆਪਣੇ ਰਾਹਾਂ ਨੂੰ ਮਨਮਰਜੀ ਦੀ ਸੇਧ ਦਿੰਦੇ ਜਦ ਕਿ ਨਿੱਜੀ ਮੁਫ਼ਾਦ ਲਈ ਬਦਲਣ ਵਾਲੇ ਸਿਰਫ਼ ਨਿੱਜ ਤੀਕ ਸੀਮਤ ਹੋ, ਸੌੜੇ ਦਾਇਰਿਆਂ ਦੀ ਘੁੰਮਣ-ਘੇਰੀ ਵਿਚ ਹੀ ਆਪਣਾ ਜੀਵਨ ਬਿਤਾਅ ਜਾਂਦੇ।

ਦਰਅਸਲ ਬਦਲਣਾ ਤਾਂ ਬਹੁਤ ਜ਼ਰੂਰੀ ਪਰ ਬੰਦੇ ਨੂੰ ਇਹ ਤਾਂ ਪਤਾ ਹੋਵੇ ਕਿ ਉਸਨੇ ਕਿਉਂ, ਕਿਸ ਮਕਸਦ ਲਈ ਅਤੇ ਕਿਵੇਂ ਬਦਲਣਾ ਹੈ? ਇਸ ਬਦਲਾਅ ਦੇ ਉਸਦੇ ਵਿਅਕਤਿੱਤਵ, ਵਰਤੋਂ-ਵਿਵਹਾਰ ਅਤੇ ਨਿੱਜੀ ਜ਼ਿੰਦਗੀ 'ਤੇ ਕੀ ਅਸਰ ਹੋਵੇਗਾ? ਅਗਰ ਅਸੀਂ ਬਦਲਣ ਤੋਂ ਪਹਿਲਾਂ ਭਵਿੱਖ-ਮੁੱਖੀ ਸੋਚ ਨੂੰ ਮਨ-ਮਸਤਕ ਵਿਚ ਧਰ ਕੇ ਬਦਲਾਂਗੇ ਤਾਂ ਸਾਡਾ ਬਦਲਣਾ ਸਮੁੱਚੇ ਸਮਾਜ ਲਈ ਬਹੁਤ ਸਾਰਥਕ ਤੇ ਲਾਹੇਵੰਦ ਹੋਵੇਗਾ।

ਕੁਝ ਲੋਕ ਬਦਲਦੇ ਨੇ ਲਾਲਚ ਲਈ, ਈਰਖ਼ਾ ਖਾਤਰ, ਧੋਖਾ ਦੇਣ ਜਾਂ ਕਿਸੇ ਲਾਲਸਾ ਦੀ ਪੂਰਤੀ ਕਾਰਨ। ਅਜੇਹਾ ਬਦਲਣਾ ਬਹੁਤ ਖ਼ਤਰਨਾਕ ਕਿਉਂਕਿ ਅਜੇਹੇ ਬਦਲਾਅ ਕਾਰਨ ਰਾਹਾਂ ਵਿਚ ਉਗੀਆਂ ਖਾਈਆਂ ਵਿਚ ਬੰਦਾ ਅਜੇਹਾ ਡਿੱਗਦਾ ਕਿ ਉਸਦਾ ਮੁੜ ਉਭਰਨਾ ਨਾ-ਮੁਮਕਿਨ। ਆਪਣੇ ਹੱਥੀਂ ਪੈਦਾ ਕੀਤੀ ਗਈ ਗਰਕਣੀ ਵਿਚੋਂ ਨਿਕਲਣਾ ਆਸਾਨ ਨਹੀਂ ਹੁੰਦਾ।

ਮੌਸਮ ਬਦਲਦੇ, ਬਿਰਖ਼ਾਂ ਦੇ ਪਿੰਡੇ 'ਤੇ ਪੱਤਝੜ ਤੋਂ ਬਾਅਦ ਬਹਾਰ ਆਉਂਦੀ। ਸਰਦੀਆਂ ਵਿਚ ਸਾਹ ਵਰੋਲਦੇ ਦਰਿਆ ਬਰਸਾਤਾਂ ਵਿਚ ਉਛਲਣ ਲੱਗਦੇ। ਸਰਦੀਆਂ ਵਿਚ ਨਿੱਘ ਭਾਲਦੇ ਠਰੂੰ-ਠਰੂੰ ਕਰਦੇ ਜਿਸਮ, ਜੇਠ-ਹਾੜ ਦੀਆਂ ਤਪਦੀਆਂ ਦੁਪਹਿਰਾਂ ਵਿਚ ਬਿਰਖਾਂ ਦੀ ਠੰਢੜੀ ਛਾਂ ਲੱਭਦੇ। ਰੁੱਤਾਂ ਦੀ ਤਾਸੀਰ ਵਾਂਗ ਜਦ ਕੁਝ ਲੋਕ ਬਦਲਣ ਲੱਗਦੇ ਤਾਂ ਉਨ੍ਹਾਂ ਦੇ ਬਦਲਾਅ ਕਾਰਨ ਬਿਰਖ਼ਾਂ ਨੂੰ ਵੀ ਨਮੋਸ਼ੀ ਹੁੰਦੀ ਕਿਉਂਕਿ ਬਿਰਖ ਤਾਂ ਹਰ ਰੰਗ ਵਿਚ ਖੁਸ਼ ਅਤੇ ਮਨੁੱਖ ਨੂੰ ਬਹੁਤ ਸਾਰੀਆਂ ਸੁਗਾਤਾਂ ਨਾਲ ਲਬਰੇਜ਼ ਕਰਦਾ, ਜਦ ਕਿ ਮਨੁੱਖ ਦਾ ਬਦਲਣਾ ਸਿਰਫ਼ ਉਸਦੇ ਨਿੱਜ ਤੱਕ ਸੀਮਤ। ਆਪਣੇ ਹਿੱਤ ਦੀ ਪੂਰਤੀ ਤੋਂ ਬਾਅਦ ਉਹ ਆਪਣੇ ਸੰਬੰਧਾਂ, ਰਿਸ਼ਤਿਆਂ ਜਾਂ ਸੱਜਣਾਂ-ਮਿੱਤਰਾਂ ਨੂੰ ਨੈਪਕਿਨ ਵਾਂਗ ਡੱਸਟਬਿਨ ਵਿਚ ਹੀ ਸੁੱਟਦਾ।

ਗਿਆਨ ਦੀ ਉਚ-ਪ੍ਰਾਪਤੀ ਲਈ ਬੰਦਾ ਸਕੂਲ ਤੋਂ ਕਾਲਜ ਅਤੇ ਫਿਰ ਯੂਨੀਵਰਸਟੀ ਦੇ ਆਭਾ ਮੰਡਲ ਵਿਚ ਵਿਚਰਦਿਆਂ, ਖੁਦ ਨੂੰ ਨਵੀਂਆਂ ਸਥਿੱਤੀਆਂ, ਸਰੋਕਾਰਾਂ, ਸੰਵੇਦਨਾਵਾਂ, ਸੋਚਾਂ ਅਤੇ ਸੁਪਨਸ਼ੀਲਤਾ ਦੇ ਮਾਰਗੀਂ ਤੋਰਦਾ। ਇਸ ਬਦਲਾਅ ਵਿਚ ਉਸਦੇ ਸੁਪਨੇ, ਸਾਧਨ, ਸਫ਼ਲਤਾਵਾਂ ਅਤੇ ਸਿਮਰਤੀਆਂ ਵਿਚ ਵੀ ਵਾਧਾ ਹੁੰਦਾ। ਅਜੇਹਾ ਸਾਰਥਿਕ ਬਲਦਾਅ ਮਾਨਸਿਕਤਾ ਨੂੰ ਮਾਨਵਵਾਦੀ, ਤਰਕਸੰਗਤ ਹੋ ਕੇ ਤੱਥਾਂ ਰਾਹੀਂ ਪ੍ਰਗਟਾਉਂਦਾ।

ਖੇਤਾਂ ਵਿਚ ਕੰਮ ਕਰਦਿਆਂ ਜਾਂ ਪਸ਼ੂ ਚਾਰਦਿਆਂ ਉਡਦੇ ਜਹਾਜ ਨੂੰ ਦੇਖ ਕੇ ਉਚਾ ਉਡਾਣ ਭਰਨ ਦੇ ਸੁਪਨੇ ਦੀ ਪੂਰਤੀ ਹੀ ਹੁੰਦੀ ਕਿ ਅਸੀਂ ਆਪਣੀ ਸੁਪਨ-ਪ੍ਰਵਾਜ਼ ਲਈ ਪਿੰਡ ਤੋਂ ਸ਼ਹਿਰ, ਮਹਾਂਨਗਰ ਅਤੇ ਫਿਰ ਵਿਦੇਸ਼ਾਂ ਨੂੰ ਪ੍ਰਵਾਸ ਕਰਦੇ। ਇਹ ਪ੍ਰਵਾਸ ਜਦ ਕਿਸੇ ਬਿਹਤਰੀ ਲਈ ਬਦਲਾਅ ਦਾ ਰਾਹ ਖੋਲਦਾ ਹੋਵੇ ਤਾਂ ਇਸ ਨੂੰ ਅਪਣਾਉਂਦਾ ਬੰਦਾ ਜਰਾ ਵੀ ਨਹੀਂ ਹਿਚਕਚਾਉਂਦਾ। ਪ੍ਰਵਾਸੀਆਂ ਵਲੋਂ ਵਿਦੇਸ਼ਾਂ ਵਿਚ ਮਾਰੀਆਂ ਮੱਲਾਂ ਹੀ ਇਸ ਬਦਲਾਅ ਦੀ ਖੂਬਸੂਰਤ ਉਦਾਹਰਣ। ਨਵੇਂ ਚੌਗਿਰਦੇ ਵਿਚ ਨਵੀਨਤਮ ਮਾਨਸਿਕ ਪ੍ਰਵਾਜ਼, ਧਾਰਨਾਵਾਂ ਅਤੇ ਵਿਲੱਖਣਤਾਵਾਂ ਨਾਲ ਭਰੇ ਕਿਸੇ ਹੋਰ ਸਮਾਜ ਦੀਆਂ ਕਦਰਾਂ ਕੀਮਤਾਂ ਦੀ ਚੰਗਿਆਈ ਨੂੰ ਬੰਦਾ ਅਪਣਾਉਂਦਾ ਤਾਂ ਉਸਦੇ ਮਨ ਵਿਚ ਕੀਤਾ ਹੋਇਆ ਬਦਲਾਅ, ਹੁਲਾਸ ਅਤੇ ਸਕੂਨ ਦਾ ਸਬੱਬ ਬਣਦਾ। ਅਕਸਰ ਹੀ ਲੋਕ ਅਜੇਹੇ ਬਦਲਾਅ ਵਿਚੋਂ ਜਦ ਉਹ ਆਪਣੇ ਮਾਪਿਆਂ ਦੇ ਅਧੂਰੇ ਸੁਪਨਿਆਂ ਅਤੇ ਅਪੂਰਨ ਰੀਝਾਂ ਦੀ ਭਰਪਾਈ ਕਰਦੇ ਤਾਂ ਇਕ ਸੁਖਨ ਸੋਚ-ਸਾਧਨਾ, ਸਿਰੜ ਤੇ ਸਮਰਪਿੱਤਾ ਦੇ ਨਾਮ ਹੋ ਜਾਂਦਾ।

ਸੁਪਨਿਆਂ ਦਾ ਸੱਚ ਸੁਖਾਲਾ ਨਹੀਂ। ਇਸਦੀ ਪ੍ਰਾਪਤੀ ਲਈ ਖੁਦ ਨੂੰ ਬਹੁਤ ਸਾਰੀਆਂ ਪਰਤਾਂ ਵਿਚ ਗੁਜਰਨ ਲਈ ਕਈ ਵਾਰ ਬਦਲਣਾ ਪੈਂਦਾ। ਇਹੀ ਬਦਲਣਾ ਕਿਸੇ ਬੰਦੇ ਲਈ ਪ੍ਰਾਪਤੀ ਵੀ ਹੋ ਸਕਦਾ ਅਤੇ ਉਸਦੇ ਸਰਬਨਾਸ਼ ਦਾ ਕਾਰਨ ਵੀ। ਬਦਲਣ ਲਈ ਤੁਹਾਡੀ ਸੋਚ ਦਾ ਮਿਆਰ ਕੀ ਏ? ਕਿਸਦੇ ਆਖੇ ਬਦਲਣਾ ਹੈ ਜਾਂ ਖੁਦ ਹੀ ਆਪਣੀ ਚੇਨਤਾ ਅਤੇ ਚਿੰਤਨ ਵਿਚੋਂ ਇਹ ਬਦਲਾਅ ਉਦੈ ਹੋਇਆ ਹੈ? ਇਸਨੇ ਹੀ ਨਿਰਧਾਰਤ ਕਰਨਾ ਹੁੰਦਾ ਕਿ ਕੌਣ, ਕਿਸ ਲਈ ਅਤੇ ਕਿਹੜੇ ਆਧਾਰ ਤੇ ਖੁਦ ਨੂੰ ਬਦਲ ਰਿਹਾ?

ਸਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਪਾਣੀ ਨੂੰ ਪਾਣੀ ਉਤੇ ਤੈਰਨ ਲਈ ਖੁਦ ਵਿਚੋਂ ਆਪਣਾ ਸੇਕ ਮਨਫ਼ੀ ਕਰਕੇ ਆਪਣਾ ਰੂਪ ਬਦਲ ਕੇ ਬਰਫ਼ ਬਨਣਾ ਪੈਂਦਾ ਹੈ। ਪਰ ਬੜਾ ਔਖਾ ਹੁੰਦਾ ਹੈ ਆਪਣੇ ਅੰਦਰਲੇ ਨਿੱਘ ਨੂੰ ਆਪਣੇ ਵਿਚੋਂ ਜਲਾਵਤਨ ਕਰਨਾ।

ਪਿਆਸੇ ਤੇ ਸਿੱਕਰੀ ਜੰਮੇਂ ਹੋਠਾਂ ਜਾਂ ਰੱਕੜ ਦੀ ਪਿਆਸ ਬੁਝਾਉਣ ਵਾਲੀਆਂ ਬਾਰਸ਼-ਬੂੰਦਾਂ ਜੇਹੀ ਨਿਆਮਤ ਬਣਨ ਲਈ ਸੱਭ ਤੋਂ ਪਹਿਲਾਂ ਪਾਣੀ ਨੂੰ ਵਾਸ਼ਪ ਹੋਣਾ ਪੈਂਦਾ, 'ਵਾਵਾਂ ਦੇ ਕੰਧਾੜੇ ਚੜ੍ਹ ਕੇ ਬੱਦਲਾਂ ਦਾਰ ਰੂਪ ਵਟਾਉਂਦੀਆਂ ਅਤੇ ਫਿਰ ਲੰਮੇਰੀ ਅੰਬਰੀਂ ਉਡਾਣ ਤੋਂ ਬਾਅਦ ਧਰਤ ਨੂੰ ਵੱਲ ਨੂੰ ਅਹੂਲਦੀਆਂ ਅਤੇ ਪਿਆਸਿਆਂ ਦੀ ਪਿਆਸ ਮਿਟਾ, ਸਵਾਂਤੀ ਬੂੰਦਾਂ ਦਾ ਰੁੱਤਬਾ ਪ੍ਰਾਪਤ ਕਰਦੀਆਂ।

ਯਾਦ ਰਹੇ ਕਿ ਖੜੇ ਪਾਣੀ ਕਦੇ ਦਰਿਆ ਨਹੀਂ ਹੁੰਦੇ। ਦਰਿਆ ਬਣਨ ਲਈ ਸੱਭ ਤੋਂ ਪਹਿਲਾਂ ਪਾਣੀ ਨੂੰ ਵਗਣਾ ਪੈਂਦਾ, ਉਬੜ-ਖੋਬੜ ਰਾਹੀਂ ਚੱਲਦਿਆਂ ਆਪਣੀ ਧਾਰਾ ਨੂੰ ਨਿਸਚਿੱਤ ਦਿਸ਼ਾ ਦੇਣੀ ਪੈਂਦੀ। ਵਗਦਾ ਪਾਣੀ ਪੱਥਰੀਲੇ ਰਾਹਾਂ ਦੀ ਠੇਡੇ ਖਾਂਦਾ ਆਖਰ ਨੂੰ ਨਦੀ ਜਾਂ ਦਰਿਆ ਦਾ ਰੂਪ ਧਾਰ, ਧਰਤੀ ਨੂੰ ਹਰੀ-ਭਰੀ ਕਰਨ ਦਾ ਸ਼ਰਫ਼ ਹਾਸਲ ਕਰਦਾ।

ਦਰਿਆ ਨੂੰ ਸਮੁੰਦਰ ਬਣਨ ਲਈ ਕਈ ਕੋਹਾਂ ਦਾ ਸਫ਼ਰ ਤਹਿ ਕਰਨਾ ਪੈਂਦਾ ਅਤੇ ਫਿਰ ਆਖ਼ਰ ਨੂੰ ਸਮੁੰਦਰ ਦੀ ਗਲਵਕੜੀ ਵਿਚ ਸਿਮਟ ਕੇ ਸਮੁੰਦਰ ਨਾਲ ਮਿਲ ਕੇ ਸਮੁੰਦਰ ਹੀ ਹੋ ਜਾਂਦਾ। ਕਈ ਦਰਿਆ ਨੂੰ ਤਾਂ ਬਿਖੜੇ ਪੈਂਡੇ ਹੀ ਖਾ ਜਾਂਦੇ। ਕਦੇ ਨਕਸ਼ਿਆਂ ਤੋਂ ਮਿੱਟ ਗਏ ਦਰਿਆਵਾਂ ਅਤੇ ਨਦੀਆਂ ਦੀ ਤਫ਼ਸੀਲ ਦੇਖਣਾ ਤਾਂ ਪਤਾ ਲੱਗੇਗਾ ਕਿ ਦਰਿਆ ਤੋਂ ਸਮੁੰਦਰ ਬਣਨ ਦੀ ਲੋਚਾ ਪਾਲਣ ਵਾਲੇ ਬਹੁਤ ਸਾਰੇ ਦਰਿਆ ਆਪਣੀ ਹੋਂਦ ਹੀ ਗਵਾ ਬੈਠੇ।



ਬਰਫ਼ ਨਾਲ ਲੱਦਿਆ ਅਤੇ ਸਰਦ-ਮੌਸਮਾਂ ਦੀ ਮਾਰ ਸਹਿੰਦਾ ਬਿਰਖ਼, ਬਹਾਰ ਦੀ ਆਸ ਵਿਚ ਆਪਣੇ ਅੰਦਰਲੀ ਅੱਗ ਦੇ ਸੇਕ ਵਿਚ ਖੁਦ ਨੂੰ ਬਚਾਈ ਰੱਖਦਾ ਅਤੇ ਫਿਰ ਇਹ ਉਸਦੀ ਅੰਦਰਲੀ ਤਪਸ਼ ਦਾ ਪ੍ਰਤਾਪ ਹੀ ਹੁੰਦਾ ਕਿ ਬਰਫ਼ਾਂ ਵਿਚ ਰੁੰਡ-ਮਰੁੰਡ ਹੋਇਆ ਬਿਰਫ਼ ਬਹਾਰ ਆਉਣ 'ਤੇ ਹਰੇ ਕਚੂਰ ਪੱਤਿਆਂ ਦੇ ਬਸਤਰ ਪਹਿਨੀ, ਆਪਣੇ ਸੀਨੇ ਤੇ ਰੰਗ-ਬਰੰਗੇ ਫੁੱਲ ਸਜਾਉਂਦਾ। ਹਰ ਦਰਸਕ ਦੀ ਰੂਹ ਵਿਚ ਕੁਦਰਤ ਦਾ ਪਿਆਰ ਜਗਾਉਂਦਾ ਅਤੇ ਨਵੀਂ ਉਮੀਦ ਤੇ ਵਿਸ਼ਵਾਸ਼ ਦਾ ਪੈਗਾਮ ਮਨੁੱਖੀ ਸੋਝੀ ਦੇ ਨਾਮ ਲਾਉਂਦਾ। ਚੇਤੇ ਰੱਖਣਾ!

ਮੌਸਮ ਕਿੰਨਾ ਵੀ ਮਾਰੂ ਹੋਵੇ, ਆਪਣੇ ਅੰਦਰ ਨੂੰ ਜਿਊਂਦਾ ਤੇ ਜਾਗਦਾ ਰੱਖਣ ਵਾਲੇ ਭਵਿੱਖ ਦੇ ਭਿਆਨਕ ਦੌਰ ਤੋਂ ਬੇਖਬਰ ਵਕਤ ਦੀ ਫੁੱਲਕਾਰੀ ਨੂੰ ਆਪਣੀ ਰੂਹਦਾਰੀ ਵਿਚ ਰੰਗਣ ਅਤੇ ਇਸਦੀਆਂ ਤੰਦਾਂ ਨੂੰ ਪਕਿਆਈ ਬਖਸ਼ਣ ਲਈ ਕਦੇ ਵੀ ਹਾਰ ਨਹੀਂ ਮੰਨਦੇ।

ਬੰਗਾਲ ਦੀ ਖਾੜੀ ਵਿਚ ਆਪਣੀ ਬੇੜੀ ਡੁੱਬਣ ਕਾਰਨ ਇਕ ਮਛੇਰਾ ਪੰਜ ਦਿਨਾਂ ਤੱਕ ਸਮੁੰਦਰ ਨਾਲ ਯੁੱਧ ਕਰਦਾ ਰਿਹਾ। ਜਿਊਣ ਦੀ ਜਿੱਦ ਨਾਲ ਭੁੱਖ ਤੇ ਪਿਆਸ ਨੂੰ ਹਰਾਉਂਦਾ ਰਿਹਾ। ਉਸਦੇ ਹੱਠ ਸਾਹਵੇਂ ਮੌਤ ਵੀ ਹਾਰ ਗਈ ਅਤੇ ਫਿਰ ਆਖਰ ਨੂੰ ਇਕ ਦਿਨ ਉਹ ਸਮੁੰਦਰੀ ਜਹਾਜ ਦੇ ਕੈਪਟਨ ਦੀ ਨਜ਼ਰ ਪਿਆ ਅਤੇ ਉਸਨੂੰ ਬਚਾਅ ਲਿਆ ਗਿਆ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਨੀਂਦ, ਭੁੱਖ, ਪਿਆਸ ਕੋਈ ਅਰਥ ਨਹੀਂ ਰੱਖਦੀ ਜਦ ਬੰਦੇ ਦਾ ਅੰਦਰਲਾ ਜੋਰਾਵਰ ਹੈ। ਉਹ ਮਾਨਸਿਕ ਤੌਰ 'ਤੇ ਇੰਨਾ ਤਾਕਤਵਾਰ ਹੈ ਕਿ ਹਰ ਮੁਸ਼ਕਲ ਉਸਦੇ ਸਾਹਵੇਂ ਹੀਣੀ ਹੋ ਜਾਂਦੀ। ਇਹ ਬੰਦੇ ਦੇ ਅੰਦਰਲੇ ਬਦਲਾਅ ਦਾ ਸੱਚ ਜੋ ਉਸਨੂੰ ਔਖੇ ਹਾਲਤਾਂ ਵਿਚ ਵੀ ਆਪਣਾ ਰਾਹ ਲੱਭ ਕੇ ਜ਼ਿੰਦਗੀ ਨੂੰ ਜ਼ਿੰਦਾਬਾਦ ਕਹਿਣਾ ਦਾ ਵੱਲ ਸਿਖਾਉਂਦਾ।

ਮੌਕਾ ਮਿਲੇ ਤਾਂ ਭਾਰਤ ਦੇ ਮਿਜ਼ਾਇਲ ਮੈਨ ਡਾ. ਅਬਦੁਲ ਕਲਾਮ ਦੀ ਜੀਵਨੀ ਪੜ੍ਹਨਾ। ਪਤਾ ਲੱਗੇਗਾ ਕਿ ਉਹ ਕਿਹੜੀਆਂ ਹਲਾਤਾਂ ਵਿਚੋਂ ਨਿਕਲ ਕੇ ਰਾਸ਼ਟਰਪਤੀ ਭਵਨ ਤੱਕ ਪਹੁੰਚਿਆ, ਪਰ ਉਸਨੇ ਆਪਣੇ ਅੰਦਰਲੀ ਅਮੀਰੀ ਅਤੇ ਸਾਦਗੀ ਨਾਲ ਹੀ ਆਪਣੇ ਸੁਪਨਿਆਂ ਦੀ ਪੂਰਤੀ ਕੀਤੀ। ਆਪਣੇ ਆਖਰੀ ਸਾਹ ਤੀਕ ਉਹ ਨਵੀਂ ਪੀਹੜੀ ਨੂੰ ਸੁਪਨੇ ਹੀ ਵਣਜਦਾ ਰਿਹਾ ਕਿਉਂਕਿ ਉਸਦਾ ਮੰਨਣਾ ਸੀ ਕਿ ਬੱਚਿਆਂ ਨੂੰ ਸੁਪਨੇ ਦਿਓ। ਪੂਰੇ ਤਾਂ ਉਨ੍ਹਾਂ ਨੇ ਖੁਦ ਕਰ ਹੀ ਲੈਣੇ। ਦਰਅਸਲ ਜਦ ਕਿਸੇ ਬੱਚੇ ਨੂੰ ਸੁਪਨਾ ਦਿੰਦੇ ਤਾਂ ਉਸਦਾ ਮਨ ਬਦਲਦਾ, ਉਸਦੀਆਂ ਤਦਬੀਰਾਂ ਅਤੇ ਤਸ਼ਬੀਹਾਂ ਬਦਲਦੀਆਂ ਅਤੇ ਇਸ ਬਦਲਾਅ ਕਾਰਨ ਉਸਦੀ ਤਕਦੀਰ ਦਾ ਬਦਲਣਾ ਲਾਜ਼ਮੀ ਹੁੰਦਾ।

ਅੰਬ ਦੀ ਗੁਠਲੀ ਦਾ ਉਪਰਲਾ ਸਖਤ ਖੋਲ ਉਸਦੇ ਅੰਦਰ ਫੁੱਟ ਰਹੀ ਕੋਪਲੀ ਨੂੰ ਰਾਹ ਦੇਣ ਲਈ ਆਪਣੇ ਆਪ ਹੀ ਤਿੱੜਕ ਜਾਂਦਾ ਕਿਉਂਕਿ ਜਦ ਕਿਸੇ ਦੇ ਮਨ ਵਿਚ ਕੁਝ ਕਰ ਗੁਜਰਨ ਦੀ ਤਮੰਨਾ ਭਾਰੂ ਹੋ ਜਾਵੇ ਤਾਂ ਪਈਆਂ ਰੁਕਾਵਟਾਂ, ਬੰਦਸ਼ਾਂ ਜਾਂ ਉਸਰੀਆਂ ਦੀਵਾਰਾਂ ਖੁਦ ਹੀ ਢਹਿ-ਢੇਰੀ ਹੋ ਕੇ ਵੱਧਦੇ ਕਦਮਾਂ ਨੂੰ ਨੱਤਮਸਤਕ ਹੋਣ ਲੱਗਦੀਆਂ।

ਹੀਰੇ ਦੀ ਔਕਾਤ ਦਾ ਮੁੱਲ ਸਿਰਫ਼ ਉਸਦੇ ਤਰਾਸ਼ਣ 'ਤੇ ਹੀ ਨਿਰਭਰ ਕਰਦਾ ਅਤੇ ਇਹੀ ਤਰਾਸ਼ਣ ਦੀ ਪੀੜ ਹੀ ਉਸਨੂੰ ਆਮ ਤੋਂ ਖਾਸ ਬਣਾਉਂਦੀ।

ਕੁਝ ਪਾਉਣ ਲਈ ਤਾਂ ਕੁਝ ਗਵਾਉਣਾ ਪੈਂਦਾ। ਆਪਣੀ ਐਸ਼ੋ-ਇਸ਼ਰਤ ਅਤੇ ਆਪਣੇ ਸੁੱਖਜ਼ਨੀ ਤੋਂ ਬਾਹਰ ਨਿਕਲ ਕੇ ਤੁਸੀਂ ਦੁਨੀਆਂ ਦੇ ਉਸ ਕਰੂਰ ਸੱਚ ਨੂੰ ਜਾਣ ਸਕਦੇ ਹੋ, ਜੋ ਸਾਡੇ ਨਾਲ ਵਾਰਪਦਿਆਂ ਵੀ ਸਾਨੂੰ ਨਜ਼ਰ ਨਹੀਂ ਆਉਂਦਾ। ਭੱਠੀ ਵਿਚ ਲਾਲ ਸੂਹਾ ਹੋ ਅਤੇ ਵਦਾਨ ਦੀਆਂ ਸੱਟਾਂ ਖਾ ਕੇ ਹੀ ਲੋਹੇ ਦਾ ਟੁੱਕੜਾ ਹੱਲ਼ ਦਾ ਚੌਅ ਬਣਦਾ, ਜੋ ਧਰਤੀ ਦੀ ਹਿੱਕ ਵਿਚ ਪਾੜ ਪਾਉਂਦਾ, ਇਸਦੀ ਜਰਖੇਜ਼ਤਾ ਨੂੰ ਭਾਗ ਲਾਉਂਦਾ।

ਕਮਰੇ ਵਿਚ ਬੈਠ ਕੇ ਅਸਮਾਨ ਵਿਚ ਉਡਣ ਦੇ ਸੁਪਨੇ ਤਾਂ ਲੈ ਸਕਦੇ ਹੋ ਪਰ ਅੰਬਰ ਵਿਚ ਪਰਵਾਜ ਭਰਨ ਲਈ ਤੁਹਾਨੂੰ ਖੁੱਲੇ ਅੰਬਰ ਦਾ ਆੜੀ ਬਣਨਾ ਪਵੇਗਾ, ਪਰਾਂ ਵਿਚ ਪਰਵਾਜ਼ ਭਰਨ ਲਈ ਦਮ ਹੋਣਾ ਚਾਹੀਦਾ ਅਤੇ ਫਿਰ ਮਨ ਵਿਚ ਉਚਾ ਉਠਣ ਦਾ ਹੀਆ ਅਤੇ ਅਸਮਾਨ ਨੂੰ ਹੱਥ ਲਾਉਣ ਦੀ ਤਾਂਘ ਹੁੰਦੀ ਤਾਂ ਬੰਦਾ ਮਨਚਾਹੀਆਂ ਪ੍ਰਾਪਤੀਆਂ ਦਾ ਸਿਰਲੇਖ ਬਣ ਜਾਂਦਾ।

ਮੱਸਿਆ ਨੂੰ ਪੁੰਨਿਆ ਵਿਚ ਬਦਲਣ ਲਈ ਚੰਨ ਨੂੰ ਧਰਤੀ ਦੇ ਵਿਹੜੇ ਆ ਕੇ ਆਪਣਾ ਮੁੱਖ ਦਿਖਾਲਣਾ ਪੈਂਦਾ ਅਤੇ ਚਾਨਣੀ ਧਰਤੀ ਨੂੰ ਕਲੀ ਕਰ ਦਿੰਦੀ।

ਸ਼ਾਮ ਨੂੰ ਸਰਘੀ ਵਿਚ ਬਦਲਣ ਲੱਗਿਆਂ ਧਰਤੀ ਨੂੰ ਸੂਰਜ ਦੁਆਲੇ ਘੁੰਮ ਕੇ ਸੂਰਜ ਦੇ ਮੱਥੇ ਨੂੰ ਚੁੰਮਣਾ ਪੈਂਦਾ। ਇਹੀ ਤਾਂ ਬਦਲਾਅ ਕਿ ਹਰ ਸ਼ਾਮ ਸਰਘੀ ਵਿਚ ਬਦਲਦੀ, ਹਰ ਰਾਤ ਦਿਨ ਵਿਚ ਢਲ ਜਾਂਦੀ, ਚੜਦਾ ਸੂਰਜ ਆਖਰ ਨੂੰ ਢਲਦੇ ਪ੍ਰਛਾਂਵਿਆਂ ਨੂੰ ਵੀ ਆਖਰੀ ਅਲਵਿਦਾ ਕਹਿਣ ਲਈ ਮਜ਼ਬੂਰ ਹੋ ਜਾਂਦਾ।

ਦਰਿਆ ਨੂੰ ਵੀ ਆਪਣੇ ਨਿਰੰਤਰ ਵਹਾਅ ਲਈ ਅੱਗੇ ਤੋਂ ਅੱਗੇ ਵੱਗਦਿਆਂ, ਘੜੀ-ਮੁੜੀ ਕੰਢਿਆਂ ਨੂੰ ਖੁਦਾ-ਹਾਫ਼ਿਜ਼ ਕਹਿਣਾ ਪੈਂਦਾ।

ਸੱਭ ਤੋਂ ਵੱਡਾ ਅਤੇ ਸਾਖਸ਼ਤ ਬਦਲਾਅ ਹੈ- ਬੰਦੇ ਦਾ ਬਚਪਨੇ ਤੋਂ ਬੁਢਾਪੇ ਵੰਨੀਂ ਜਾਂਦਿਆਂ, ਚੜ੍ਹਦੀ ਜਵਾਨੀ ਦੇ ਜਲਵੇ, ਢਹਿੰਦੀ ਉਮਰ ਦੀਆਂ ਬਾਤਾਂ ਅਤੇ ਆਖਰ ਨੂੰ ਆਪਣਿਆਂ ਹਥੋਂ ਹੀ ਆਖ਼ਰੀ ਅਲਵਿਦਾ ਕਹਿਣਾ ਹੁੰਦਾ।

ਮਾਂ ਬਣਨ ਲਈ ਔਰਤ ਨੂੰ ਨੌਂ ਮਹੀਨੇ ਬੱਚੇ ਨੂੰ ਆਪਣੀ ਕੁੱਖ ਵਿਚ ਪਾਲ, ਬੱਚੇ ਦੇ ਜਨਮ ਵੇਲੇ ਖੁਦ ਨੂੰ ਮਰ ਮਰ ਕੇ ਜਿਊਣਾ ਪੈਂਦਾ ਅਤੇ ਉਹ ਮਾਂ ਦਾ ਰੁੱਤਬਾ ਹਾਸਲ ਕਰਦੀ। ਇਹੀ ਬਦਲਾਅ ਮਨੁੱਖੀ ਹਾਸਲਤਾ ਦਾ ਸੱਭ ਤੋਂ ਅਹਿਮ ਅਤੇ ਪ੍ਰਮੁੱਖ ਵਰਤਾਰਾ।

ਬਦਲਾਅ ਤੋਂ ਬੇਮੁਖ ਲੋਕ ਪ੍ਰਕਿਰਤੀ ਦੀ ਉਲੰਘਣਾ। ਉਸਦੇ ਵਰਤਾਰਿਆਂ ਦੀ ਬੇਅਦਬੀ। ਆਪਣੇ ਸਾਹਾਂ ਨੂੰ ਸਰਾਪੇ ਜਾਣ ਦੀ ਇੰਤਹਾ। ਆਪਣੀਆਂ ਅੰਦਰੂਨੀ ਅਤੇ ਬਾਹਰੀ ਕੁਦਰਤੀ ਦਾਤਾਂ ਨੂੰ ਅਣਗੌਲਿਆਂ ਕਰਨਾ ਅਤੇ ਇਹੀ ਅਣਗੌਲਾਪਣ ਬੰਦੇ ਲਈ ਮਰਸੀਆ ਬਣ ਜਾਂਦਾ।

ਨਾ ਬਦਲਣ ਵਾਲੇ ਲੋਕ ਰੋਬੋਟ। ਉਨ੍ਹਾਂ ਦੇ ਮੁੱਖੜੇ ਤੇ ਹਾਵਭਾਵਾਂ ਦੀ ਅਣਹੋਂਦ। ਉਨ੍ਹਾਂ ਦਾ ਮਾਤਮੀ ਵਰਤਾਰਾ। ਕਿਸੇ ਦੇ ਹੰਝੂਆਂ ਵਿਚ ਖੁਸ਼ਕ ਅੱਖਾਂ ਵਾਲੇ ਇਹ ਲੋਕ ਨਿਰਮੋਹੇ ਅਤੇ ਨਿਰਜਿੰਦ। ਮਰੀਆਂ ਰੂਹਾਂ ਦਾ ਵਿਰਦ। ਸੜੀਆਂ ਕਦਰਾਂ ਕੀਮਤਾਂ ਦੀ ਗਲੀਜ਼ਤਾ। ਗਲੀਜ਼ ਬੋਲਾਂ ਦਾ ਗੁੰਗਾਪਣ। ਅਸਹਿਣਯੋਗ ਹਰਕਤਾਂ ਦੀ ਹਕੀਕਤ। ਇਹੀ ਲੋਕ ਸਮਾਜ ਦੀਆਂ ਜੜ੍ਹਾਂ ਵਿਚ ਬੈਠ, ਇਸਨੂੰ ਕਲੰਕਤ ਕਰਦੇ ਅਤੇ ਸਮਾਜ ਇਨ੍ਹਾਂ 'ਤੋਂ ਨਿਜਾਤ ਪਾਉਣ ਲਈ ਕਾਹਲਾ।

ਯਾਦ ਰਹੇ ਕਿ ਹਰ ਮਨੁੱਖ ਲਈ ਅਣਛੋਹੀਆਂ ਮੰਜ਼ਲਾਂ ਦੀ ਪ੍ਰਾਪਤੀ ਨੈਣਾਂ ਵਿਚ ਲਟਕਦੇ ਸੁਪਨਿਆਂ ਦੀ ਹਾਸਲਤਾ ਹੁੰਦੀ। ਆਪਣੇ ਮਾਪਿਆਂ ਦੀਆਂ ਤਾਂਘਾਂ ਦੀ ਭਰਪਾਈ ਲਈ ਅਜੇਹਾ ਬਦਲਣਾ ਬਹੁਤ ਜ਼ਰੂਰੀ, ਜਿਸ 'ਤੇ ਬੰਦੇ ਅਤੇ ਸਮਾਜਿਕ ਰਹਿਤਲ ਲਈ ਫਖ਼ਰ ਦਾ ਸ਼ਬਾਬ ਹੋਵੇ। ਨਾਜ਼ ਹੋਵੇ ਹਰੇਕ ਨੂੰ ਕਿ ਇਸ ਬਦਲਾਅ ਨੇ ਕਿਸੇ ਕੌਮ, ਸਮਾਜ ਜਾਂ ਖਿੱਤੇ ਦਾ ਮੁਹਾਂਦਰਾ ਰੁੱਸ਼ਨਾਇਆ। ਸਮੁੱਚੇ ਜੀਵਨ ਨੂੰ ਸਮਾਜੀ ਸਰੋਕਾਰਾਂ ਪ੍ਰਤੀ ਪ੍ਰਤਿਬੱਧਤਾ ਅਤੇ ਮਾਨਵੀ ਤਰਜ਼ੀਹਾਂ ਦੇ ਲੇਖੇ ਲਾਇਆ। ਉਸਨੇ ਅਜੇਹਾ ਰੁੱਤਬਾ ਪਾਇਆ ਕਿ ਉਸਦੇ ਜਾਣ ਤੇ ਹਰ ਅੱਖ ਨਮ ਹੋਈ। ਫ਼ਿਜ਼ਾ ਨੇ ਸੋਗ ਮਨਾਇਆ। ਉਸਦੀ ਪ੍ਰਾਪਤੀਆਂ ਕਾਰਨ ਉਸਦੇ ਹਮਸਾਇਆਂ ਆਪਣੀਆਂ ਯਾਦਾਂ ਵਿਚ ਸਦੀਵੀ ਵਸਾਇਆ।

ਬਦਲੋ ਜ਼ਰੂਰ, ਪਰ ਅਜੇਹਾ ਬਦਲੋ ਕਿ ਤੁਹਾਡਾ ਬਦਲਾਅ ਹਰੇਕ ਲਈ ਰਾਹ ਦਸੇਰਾ ਹੋਵੇ। ਇਕ ਰੋਲ ਮਾਡਲ। ਸਮਾਜਿਕ ਦਾਇਰਿਆਂ ਵਿਚ ਤੁਹਾਡੀ ਇਨਾਇਤ ਅਤੇ ਇਬਾਰਤ ਨੂੰ ਇਬਾਦਤ ਦਾ ਮਾਣ ਮਿਲੇ।


ਬਦਲਾਅ ਜੀਵਨ ਦਾ ਮੂਲ ਮੰਤਰ। ਮਹਾਨ ਪ੍ਰਾਪਤੀਆਂ ਦਾ ਅਧਾਰ। ਅੰਤਰੀਵੀ ਬਦਲਾਅ ਨਾਲ ਹੀ ਹਰ ਅਸੰਭਵ ਕਾਰਜ ਸੰਭਵ ਹੋ ਜਾਂਦਾ। ਖੁਦ ਦੀ ਤਦਬੀਲੀ ਤੋਂ ਬਗੈਰ ਕੁਝ ਵੀ ਪ੍ਰਾਪਤ ਨਹੀਂ ਹੁੰਦਾ।

ਵਿਲੱਖਣ ਪਛਾਣ ਦੀ ਸਿਰਜਣਾ ਲਈ ਬਦਲਣਾ ਜ਼ਰੂਰੀ। ਤੁਸੀਂ ਸਿਆਣੇ ਬਣਦੇ, ਅਤੇ ਤੁਸੀਂ ਉਹ ਕੁਝ ਪ੍ਰਾਪਤ ਕਰਦੇ ਜਿਸ ਲਈ ਤੁਸੀਂ ਬਦਲੇ।

ਹਰ ਰਾਤ ਤੋਂ ਬਾਅਦ ਨਵਾਂ ਦਿਨ ਨਵੀਆਂ ਤਬਦੀਲੀਆਂ, ਵਿਭਿੰਨ ਸੰਭਾਵਨਾਵਾਂ ਅਤੇ ਨਵੀਨਤਮ ਸੁਪਨੇ ਪੈ ਕੇ ਤੁਹਾਨੂੰ ਜਗਾਉਂਦਾ। ਤੁਸੀਂ ਇਸਦਾ ਕਿਹੜੇ ਰੂਪ ਵਿਚ ਸਵਾਗਤ ਕਰਨਾ, ਇਹ ਤੁਹਾਡੀ ਸੋਚ, ਸਰੋਕਾਰ, ਸਮਝ, ਸਮਰਪਿੱਤਾ ਅਤੇ ਸੁਪਨਗਿਰੀ ਤੇ ਨਿਰਭਰ।

## ਇਹ ਰਿਸ਼ਤੇ ਰੂਹਾਂ ਦੇ

ਅਮਰੀਕ ਸਿੰਘ
ਸ਼ਿਕਾਗੋ



ਬੁੱਤ ਵਿੱਛੜੇ ਨਹੀਂ ਮਰਨੇ।
ਦਿਲ ਅੰਦਰ ਜਜ਼ਬੇ ਜਿੱਤਣ ਦੇ
ਲੱਖ ਹਰਾਇਆਂ ਨਹੀਂ ਹਰਨੇ।
ਇਹ ਰਿਸ਼ਤੇ ਰੂਹਾਂ ਦੇ...

ਰਾਤ ਹਨੇਰੀ ਜ਼ੋਰ ਲਾਉਂਦੀ
ਬਣ ਬਣ ਡੈਣ ਖਾਣੇ ਨੂੰ।
ਅਸੀਂ ਸੂਰਜ ਦੀ ਕਿਰਨ ਬਣੇ
ਨਿਤ ਪ੍ਰਕਾਸ਼ ਨੇ ਕਰਨੇ।
ਇਹ ਰਿਸ਼ਤੇ ਰੂਹਾਂ ਦੇ...

ਮਿੱਟੀ, ਪਾਣੀ, ਹਵਾ, ਹੱਡ-ਮਾਸ ਦੀ
ਇਹ ਦੇਹ ਜੋ ਹੋਂਦ ਵਿਚ ਆਈ।
ਹੰਝੂ, ਹੌਕੇ, ਹਾਵੇ, ਦਰਦ ਵਿਛੋੜੇ
ਸੱਜਣਾਂ ਹੱਸ-ਹੱਸ ਅਸਾਂ ਨੇ ਜਰਨੇ।
ਇਹ ਰਿਸ਼ਤੇ ਰੂਹਾਂ ਦੇ...

ਖਾਲੀ ਆਏ ਖਾਲੀ ਜਾਣਾ
ਨ ਬਚਿਆ ਕੋਈ ਰਾਜਾ ਰਾਣਾ।
'ਅਮਰ' ਸੱਚੇ ਦਿਲੋਂ ਉਸਦਾ ਹੋ ਜਾ
ਸੱਚਿਆਂ ਹੀ ਭਵ ਜਲ ਤਰਨੇ।
ਇਹ ਰਿਸ਼ਤੇ ਰੂਹਾਂ ਦੇ,
ਬੁੱਤ ਵਿੱਛੜੇ ਨਹੀਂ ਮਰਨੇ।

# ਅਦਾਕਾਰੀ ਤੇ ਨਿਰਦੇਸ਼ਨਾ ਦਾ ਸੁਮੇਲ - ਗੋਪਾਲ ਸ਼ਰਮਾ

ਉਜਾਗਰ ਸਿੰਘ



ਗੋਪਾਲ ਸ਼ਰਮਾ ਰੰਗ ਮੰਚ ਨੂੰ ਪ੍ਰਣਾਇਆ ਅਦਾਕਾਰ ਤੇ ਨਿਰਦੇਸ਼ਕ ਹੈ, ਜਿਹੜਾ ਰੰਗ ਮੰਚ 'ਤੇ ਲਗਪਗ ਅੱਧੀ ਸਦੀ ਤੋਂ ਛਾਇਆ ਹੋਇਆ ਹੈ। ਬਚਪਨ ਵਿੱਚ ਹੀ ਬਾਬਾ ਵਿਸ਼ਵਕਰਮਾ ਸਕੂਲ ਸੰਗਰੂਰ ਵਿੱਚ ਪੜ੍ਹਦਿਆਂ ਅਦਾਕਾਰੀ ਦਾ ਐਸਾ ਸ਼ੌਕ ਜਾਗਿਆ, ਮੁੜਕੇ ਪਿੱਛੇ ਨਹੀਂ ਵੇਖਿਆ, ਸਗੋਂ ਪੌੜੀ-ਦਰ-ਪੌੜੀ ਸਨਾਤਨ ਧਰਮ ਸਭਾ ਹਾਇਰ ਸੈਕੰਡਰੀ ਸਕੂਲ ਪਟਿਆਲਾ ਅਤੇ ਫਿਰ ਮੋਦੀ ਕਾਲਜ ਤੋਂ ਹੁੰਦਾ ਹੋਇਆ ਰੰਗ ਮੰਚ ਦੇ ਵੱਖ-ਵੱਖ ਗਰੁਪਾਂ ਵਿੱਚ



ਅਦਾਕਾਰੀ ਕਰਦਾ, ਰੰਗ ਮੰਚ ਦੀ ਬਾਰੀਕੀਆਂ ਨੂੰ ਸਮਝਦਿਆਂ ਪਤਾ ਹੀ ਨਹੀਂ ਲੱਗਾ ਕਦੋਂ ਐਕਟਰ ਦੇ ਨਾਲ ਹੀ ਡਾਇਰੈਕਟਰ ਬਣ ਗਿਆ। ਉਹ ਹਰਫ਼ਨ ਮੌਲ਼ਾ ਅਦਾਕਾਰ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਉਸਨੂੰ ਅਦਾਕਾਰੀ ਲਈ ਕੋਈ ਵੀ ਕਿਰਦਾਰ ਦਿੱਤਾ ਜਾਵੇ ਬਾਖ਼ੂਬੀ ਨਿਭਾਉਂਦਾ ਹੀ ਨਹੀਂ, ਸਗੋਂ ਉਸਦਾ ਜਿਉਂਦਾ ਜਾਗਦਾ ਨਮੂਨਾ ਬਣਕੇ ਬਾਕੀ ਅਦਾਕਾਰਾਂ ਅਤੇ ਦਰਸ਼ਕਾਂ ਦਾ ਪ੍ਰੇਰਨਾ ਸ੍ਰੋਤ ਬਣ ਜਾਂਦਾ ਹੈ। ਅਦਾਕਾਰੀ ਲਈ ਭਾਵੇਂ ਉਸਨੂੰ ਕੋਈ ਕਿਰਦਾਰ ਦੇ ਦਿੱਤਾ ਜਾਵੇ ਬਾਕਮਾਲ ਢੰਗ ਨਾਲ ਨਿਭਾਉਂਦਾ ਹੈ, ਕੋਈ ਈਗੋ ਨਹੀਂ, ਛੋਟੇ ਤੋਂ ਛੋਟਾ ਰੋਲ ਕਰਕੇ ਵੀ ਸੰਤੁਸ਼ਟ ਰਹਿੰਦਾ ਹੈ, ਕਿਉਂਕਿ ਉਸਨੇ ਤਾਂ ਅਦਾਕਾਰੀ ਕਰਨੀ ਹੈ, ਅਦਾਕਰੀ ਉਸਦਾ ਜਨੂੰਨ ਹੈ। ਮੁੱਖ ਅਦਾਕਾਰ ਦਾ ਰੋਲ ਕਰਨਾ ਉਸਦਾ ਮੰਤਵ ਨਹੀਂ ਪ੍ਰੰਤੂ ਅਦਾਕਾਰੀ ਉਸਦਾ ਮੰਤਵ ਹੈ। ਉਹ ਅਦਾਕਾਰੀ ਰੂਹ ਨਾਲ ਕਰਦਾ ਹੈ, ਕਿਉਂਕਿ ਉਹ ਤਾਂ ਅਦਾਕਾਰੀ ਦਾ ਸੁਦਾਈ ਹੈ, ਅਦਾਕਾਰੀ ਉਸਦੇ ਖ਼ੂਨ ਵਿੱਚ ਵਸੀ ਹੋਈ ਹੈ। ਅਦਾਕਾਰੀ ਉਸਨੂੰ ਆਪਣੇ ਵੱਡੇ ਭਰਾਵਾਂ ਮੋਹਨ ਸ਼ਰਮਾ ਅਤੇ ਭਵਾਨੀ ਸ਼ਰਮਾ ਕੋਲੋਂ ਵਿਰਾਸਤ ਵਿੱਚ ਉਨ੍ਹਾਂ ਨੂੰ ਰਾਮਲੀਲਾ ਵਿੱਚ ਕੰਮ ਕਰਦਿਆਂ ਨੂੰ ਵੇਖ ਕੇ ਮਿਲੀ ਹੈ। ਕਦੀਂ ਵੀ, ਕਿਸੇ ਵੀ ਸਮੇਂ ਭਾਵੇਂ ਐਨ ਮੌਕੇ 'ਤੇ ਹੀ ਉਸਨੂੰ ਬੁਲਾਕੇ ਕਿਰਦਾਰ ਦਿੱਤਾ ਜਾਵੇ ਤਾਂ ਵੀ ਉਹ ਸਫ਼ਲ ਹੁੰਦਾ ਹੈ। ਉਸਨੇ ਕਲਾਕ੍ਰਿਤੀ ਦੀ ਡਾਇਰੈਕਟਰ ਪ੍ਰਮਿੰਦਰਪਾਲ ਕੌਰ ਦੇ ਨਿਰਦੇਸ਼ਤ ਕੀਤੇ ਪੰਜ ਨਾਟਕਾਂ 'ਬੋਦੀ ਵਾਲਾ ਤਾਰਾ', 'ਕੋਈ ਦਿਉ ਜਵਾਬ', 'ਕਦੋਂ ਤੱਕ', 'ਯੇਹ ਜ਼ਿੰਦਗੀ' ਅਤੇ 'ਮੁਝੇ ਅੰਮ੍ਰਿਤਾ ਚਾਹੀਏ' ਵਿੱਚ ਬਾਕਮਾਲ ਅਦਾਕਾਰੀ ਕੀਤੀ, ਜਿਸਦੀ ਦਰਸ਼ਕਾਂ ਨੇ ਵਾਹਵਾ ਸ਼ਾਹਵਾ ਕੀਤੀ। ਪ੍ਰਾਣ ਸਭਰਵਾਲ, ਜਗਜੀਤ ਸਰੀਨ, ਹਰਜੀਤ ਕੈਂਥ ਅਤੇ ਗਿਆਨ ਗੱਖੜ ਦੀਆਂ ਨਾਟਕ ਮੰਡਲੀਆਂ ਵਿੱਚ ਕੰਮ ਕਰਨ ਦਾ ਮਾਣ ਪ੍ਰਾਪਤ ਹੈ। ਗੋਪਾਲ ਸ਼ਰਮਾ ਨੇ ਅਜਮੇਰ ਔਲਖ ਦੇ 'ਬੇਗਾਨੇ ਬੋਹੜ ਦੀ ਛਾਂ', 'ਅਰਬਦ ਨਰਬਦ ਧੁੰਦੂਕਾਰਾ' ਅਤੇ 'ਗਾਨੀ', ਸਫ਼ਦਰ ਹਾਸ਼ਮੀ ਦੇ 'ਹੱਲਾ ਬੋਲ', 'ਅਪਹਰਣ ਭਾਈਚਾਰੇ ਦਾ' ਅਤੇ 'ਮੇ ਦਿਨ ਦੀ ਕਹਾਣੀ', ਏ.ਚੈਖਵ ਦੇ 'ਗਿਰਗਿਟ', ਸਤੀਸ਼ ਵਰਮਾ ਦੇ 'ਟਕੋਰਾਂ', ਕਪੂਰ ਸਿੰਘ ਘੁੰਮਣ ਦੇ 'ਰੋੜਾ ਜਲਾਲੀ', ਸਤਿੰਦਰ ਸਿੰਘ ਨੰਦਾ ਦੇ 'ਕਿਰਾਏਦਾਰ', ਰਾਣਾ ਜੰਗ ਬਹਾਦਰ ਦੇ 'ਬੋਦੀ ਵਾਲਾ ਤਾਰਾ' ਅਤੇ ਰਾਜਿੰਦਰ ਸ਼ਰਮਾ ਦੇ 'ਮਜਨੂੰ ਪਾਰਕ' ਨਾਟਕਾਂ ਦੀ ਨਿਰਦੇਸ਼ਨਾ ਅਤੇ ਉਨ੍ਹਾਂ ਵਿੱਚ



ਖੁਦ ਅਦਾਕਾਰੀ ਵੀ ਕੀਤੀ। ਰੰਗ ਮੰਚ ਹੀ ਉਸਦਾ ਮੱਕਾ ਤੇ ਕਾਅਵਾ ਹੈ। ਹਰਿਆਣਾ ਦੇ ਰੋਹਤਕ ਸ਼ਹਿਰ ਵਿੱਚ ਉਤਰੀ ਭਾਰਤ ਦੀ ਸਭ ਤੋਂ ਮਹੱਤਵਪੂਰਨ ਰਾਮ ਲੀਲਾ ਹੁੰਦੀ ਹੈ, ਉਥੇ ਹਰ ਸਾਲ ਗੋਪਾਲ ਸ਼ਰਮਾ ਨੂੰ ਵਿਸ਼ੇਸ਼ ਤੌਰ 'ਤੇ ਬੁਲਾਕੇ ਰਾਵਣ ਦੀ ਭੂਮਿਕਾ ਨਿਭਾਉਣ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ। ਉਸਦੀ ਅਦਾਕਾਰੀ ਦੀ ਧਾਂਕ ਜੰਮ ਜਾਂਦੀ ਹੈ, ਇਸ ਕਰਕੇ ਉਸਨੂੰ ਵਿਸ਼ੇਸ਼ ਸਨਮਾਨ ਅਤੇ ਵਿਸ਼ੇਸ਼ ਮਾਣ ਭੱਤਾ ਦਿੱਤਾ ਜਾਂਦਾ ਹੈ।

ਗੋਪਾਲ ਸ਼ਰਮਾ ਨੇ 16 ਸਾਲ ਦੀ ਉਮਰ ਵਿੱਚ ਹੀ ਆਪਣਾ ਰੰਗ ਮੰਚ ਗਰੁਪ 'ਨਟਰਾਜ ਆਰਟਸ ਥੀਏਟਰ' 1980 ਵਿੱਚ ਮੋਦੀ ਕਾਲਜ ਪਟਿਆਲਾ ਵਿੱਚ ਪੜ੍ਹਦਿਆਂ ਹੀ ਬਣਾ ਲਿਆ ਸੀ। ਮੋਦੀ ਕਾਲਜ ਵਿੱਚ ਹੀ ਉਸਨੇ ਪਹਿਲਾ ਨਾਟਕ 'ਇਸ਼ਕ ਜਿਨ੍ਹਾਂ ਦੇ ਹੱਡੀਂ ਰੱਚਿਆ' ਨਿਰਦੇਸ਼ਤ ਕੀਤਾ ਸੀ। ਇਸ ਥੇਟਰ ਗਰੁਪ

## ਕਲਾ ਪਰਿਕਰਮਾ

ਰਾਹੀਂ ਉਹ ਸਮੁੱਚੇ ਦੇਸ਼ ਦੇ ਵੱਡੇ ਸ਼ਹਿਰਾਂ ਵਿੱਚ ਰੰਗ ਮੰਚ ਦੇ ਪ੍ਰੋਗਰਾਮ ਕਰਦਾ ਰਹਿੰਦਾ ਹੈ। ਉਸਨੂੰ ਥੀਏਟਰ ਪ੍ਰਮੋਟਰ ਵੀ ਕਿਹਾ ਜਾਂਦਾ ਹੈ, ਕਿਉਂਕਿ ਉਸਦੀ ਹਮੇਸ਼ਾ ਕੋਸ਼ਿਸ਼ ਹੁੰਦੀ ਹੈ ਕਿ ਥੀਏਟਰ ਦੇ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਜੋੜਿਆ ਜਾਵੇ। ਗੋਪਾਲ ਸ਼ਰਮਾ ਹਰ ਸਾਲ ਰਾਸ਼ਟਰੀ ਪੱਧਰ 'ਤੇ ਰੰਗ ਮੰਚ ਦੇ 10 ਅਤੇ ਪੰਦਰਾਂ ਰੋਜ਼ਾ ਰਾਸ਼ਟਰੀ ਨਾਟਕ ਮੇਲੇ ਆਯੋਜਤ ਕਰਦਾ ਰਹਿੰਦਾ ਹੈ। ਉਹ ਪ੍ਰਬੰਧਕੀ ਮਾਹਿਰ ਵੀ ਹੈ। ਉਹ ਨਵੇਂ ਕਲਾਕਾਰਾਂ ਨੂੰ ਰੰਗ ਮੰਚ ਨਾਲ ਜੋੜਨ ਲਈ ਵਰਕਸ਼ਾਪਾਂ ਦਾ ਆਯੋਜਨ ਕਰਦਾ ਆ ਰਿਹਾ ਹੈ। ਹੁਣ ਤੱਕ ਉਸਨੇ 70 ਨਾਟਕਾਂ ਵਿੱਚ ਅਦਾਕਾਰੀ ਅਤੇ ਦੋ ਦਰਜਨ ਨਾਟਕਾਂ ਦੀ ਨਿਰਦੇਸ਼ਨਾ ਕੀਤੀ ਹੈ। ਉਸਦਾ ਐਂਟਨੀ ਚੈਖਵ ਦੀ ਕਹਾਣੀ ਗਿਰਗਟ 'ਤੇ ਅਧਾਰਤ ਨਿਰਦੇਸ਼ਤ ਕੀਤਾ ਗਏ ਨਾਟਕ ਦੇ 700 ਤੋਂ ਵੱਧ ਸ਼ੋ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਕੀਤੇ ਗਏ ਹਨ। ਪੰਜਾਬ ਦੇ ਮਾੜੇ ਦਿਨਾਂ ਵਿੱਚ ਗੋਲੀਆਂ ਦੀ ਛਾਂ ਹੇਠ ਵੀ ਗੋਪਾਲ ਸ਼ਰਮਾ ਦਿਹਾਤੀ ਇਲਾਕਿਆਂ ਵਿੱਚ ਨਾਟਕਾਂ ਦੀ ਨਿਰਦੇਸ਼ਨਾ ਅਤੇ ਅਦਾਕਾਰੀ ਕਰਦਾ ਰਿਹਾ।

ਗੋਪਾਲ ਸ਼ਰਮਾ ਦਾ ਜਨਮ 1 ਜੂਨ 1964 ਨੂੰ ਸੰਗਰੂਰ ਵਿਖੇ ਮਾਤਾ ਤਾਰਾ ਦੇਵੀ ਦੀ ਕੁੱਖੋਂ ਪਿਤਾ ਬੱਧਰੀ ਦੱਤ ਤਿਵਾੜੀ ਦੇ ਘਰ ਹੋਇਆ। ਉਨ੍ਹਾਂ ਦਾ ਪਰਿਵਾਰ ਉਤਰਾ ਖੰਡ ਰਾਜ ਨਾਲ ਸੰਬੰਧ ਰੱਖਦਾ ਹੈ ਪ੍ਰੰਤੂ ਉਸਦੇ ਪਿਤਾ ਦੀ ਇਨਕਮ ਟੈਕਸ ਵਿਭਾਗ ਵਿੱਚ 1952 ਵਿੱਚ ਨੌਕਰੀ ਲੱਗਣ ਕਰਕੇ ਉਹ ਸੰਗਰੂਰ ਆ ਗਏ ਸਨ। 1977 ਵਿੱਚ ਉਨ੍ਹਾਂ ਦਾ ਪਰਿਵਾਰ ਪਟਿਆਲਾ ਆ ਕੇ ਵਸ ਗਿਆ। ਦਸਵੀਂ ਪਾਸ ਕਰਨ ਤੋਂ ਬਾਅਦ ਥੋੜ੍ਹਾ ਸਮਾਂ ਲਈ ਉਹ 1980-81 ਵਿੱਚ ਮਰਦਮਸ਼ੁਮਾਰੀ ਵਿਭਾਗ ਵਿੱਚ ਨੌਕਰ ਹੋ ਗਿਆ ਸੀ ਪ੍ਰੰਤੂ ਅੱਗੇ ਪੜ੍ਹਾਈ ਜ਼ਾਰੀ ਰੱਖਣ ਲਈ ਉਸਨੇ ਨੌਕਰੀ ਛੱਡ ਕੇ ਮੋਦੀ ਕਾਲਜ ਪਟਿਆਲਾ ਵਿੱਚ ਦਾਖ਼ਲਾ ਲੈ ਲਿਆ। ਉਥੋਂ ਉਸਨੇ ਬੀ.ਏ.ਦੀ ਡਿਗਰੀ ਪਾਸ ਕੀਤੀ। ਸੰਪਰਕ:ਗੋਪਾਲ ਸ਼ਰਮਾ 7355361080

**-ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ**
**ਮੋਬਾਈਲ-94178 13072**

## ਰਾਕੇਸ਼ ਸ਼ਰਮਾ ਨੂੰ ਮਿਲੇਗਾ ਲਾਈਫਟਾਈਮ ਅਚੀਵਮੈਂਟ ਐਵਾਰਡ



**ਤਿਰੂਵਨੰਤਪੁਰਮ:** ਮਸ਼ਹੂਰ ਦਸਤਾਵੇਜ਼ੀ ਫਿਲਮ ਨਿਰਮਾਤਾ ਰਾਕੇਸ਼ ਸ਼ਰਮਾ ਨੂੰ 22 ਤੋਂ 27 ਅਗਸਤ ਤੱਕ ਇੱਥੇ ਹੋਣ ਵਾਲੇ 17ਵੇਂ ਅੰਤਰਰਾਸ਼ਟਰੀ ਦਸਤਾਵੇਜ਼ੀ ਤੇ ਸ਼ਾਰਟ ਫਿਲਮ ਫੈਸਟੀਵਲ (ਆਈ. ਡੀ. ਐਸ. ਐਫ. ਐਫ. ਕੇ.) 'ਚ ਲਾਈਫਟਾਈਮ ਅਚੀਵਮੈਂਟ ਪੁਰਸਕਾਰ ਲਈ ਚੁਣਿਆ ਗਿਆ ਹੈ। ਇਸ ਸਮਾਗਮ ਦੇ ਪ੍ਰਬੰਧਕ, ਕੇਰਲ ਸਟੇਟ ਫਿਲਮ ਅਕੈਡਮੀ ਦੁਆਰਾ ਜਾਰੀ ਇਕ ਰਿਲੀਜ਼ 'ਚ ਕਿਹਾ ਗਿਆ ਹੈ ਕਿ ਪੁਰਸਕਾਰ 'ਚ 2 ਲੱਖ ਰੁਪਏ ਨਕਦ, ਇਕ ਪ੍ਰਸ਼ੰਸਾ ਪੱਤਰ ਅਤੇ ਇਕ ਟਰਾਫੀ ਸ਼ਾਮਲ ਹੋਵੇਗੀ। ਰਿਲੀਜ਼ 'ਚ ਕਿਹਾ ਗਿਆ ਹੈ ਕਿ ਸ਼ਰਮਾ ਨੂੰ ਭਾਰਤ 'ਚ ਦਸਤਾਵੇਜ਼ੀ ਖੇਤਰ 'ਚ ਬਦਲਾਅ ਲਿਆਉਣ 'ਚ ਉਨ੍ਹਾਂ ਦੇ ਯੋਗਦਾਨ ਤੇ ਸਮਾਜਿਕ ਨਿਆਂ ਪ੍ਰਤੀ ਉਨ੍ਹਾਂ ਦੇ ਸਮਰਪਣ ਦੇ ਮੱਦੇਨਜ਼ਰ ਇਸ ਸਨਮਾਨ ਲਈ ਚੁਣਿਆ ਗਿਆ ਹੈ। ਸ਼ਰਮਾ ਦੀ 2004 ਦੀ ਦਸਤਾਵੇਜ਼ੀ 'ਫਾਈਨਲ ਸ਼ਿਊਸ਼ਨ ਨੂੰ ਖ਼ੂਬ ਹੁੰਗਾਰਾ ਮਿਲਿਆ। ਇਹ 2002 ਦੇ ਗੁਜਰਾਤ ਦੰਗਿਆਂ 'ਤੇ ਆਧਾਰਿਤ ਹੈ। ਸ਼ਰਮਾ ਨੂੰ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਅਗਸਤ 2025 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-705



*ਅੱਧਖੜ ਗਭਰੂ ਨੂੰ ਚਾਅ ਚੜ੍ਹਿਆ, ਬਣ ਗਿਆ ਵੱਡਾ ਅਥਲੀਟ,*
*ਨੇੜੇ ਕਿਸੇ ਨੂੰ ਫਟਕਣ ਨਹੀਂ ਦਿੰਦਾ, ਤੇਰ੍ਹਾਂ ਮੈਰਾਥਨ ਕੀਤੀਆਂ ਬੀਟ।*
*ਦਿਨ ਪੁਰ ਦਿਨ ਹੁਣ ਚੜ੍ਹੇ ਜਵਾਨੀ, ਮਾਰੀ ਜਾਵੇ ਨਵੀਂ ਉਹ ਛਾਲ਼,*
*ਮਿਹਰ ਕਰਕੇ ਦਾਤਾ ਹੱਥ ਸਿਰ ਰੱਖੇ, ਲੰਮੀਆਂ ਵਾਟਾਂ ਕਰੇ ਕਮਾਲ!*

### ਕੈਪਸ਼ਨ ਮੁਕਾਬਲਾ-703



ਐਧਰ ਓਧਰ ਮਨ ਭਟਕੇ ਤਾਂ
ਕਈ ਵਾਰੀ ਸਮਝਾਉਣਾ ਪੈਂਦਾ।
ਖੁਦ ਹੀ ਖੁਦ ਨਾਲ ਕਰਕੇ ਗੱਲਾਂ
ਰੁੱਸੇ ਤਾਈਂ ਮਨਾਉਣਾ ਪੈਂਦਾ।
ਫਿਰ ਵੀ ਜੇਕਰ ਗੱਲ ਬਣੇ ਨਾ
ਤਾਂ ਤਾੜ ਕੇ ਆਖੇ ਲਾਉਣਾ ਪੈਂਦਾ।
***-ਜਗਮੀਤ ਸਿੰਘ ਪੰਧੇਰ***

---

ਰੱਬ ਦਿਆ ਬੰਦਿਆ
ਬਣ ਜਾ ਬੰਦਾ।
ਕਿਉਂ ਘੁੰਮਣ-ਘੇਰੀਆਂ 'ਚ
ਫਸਿਆ ਫਿਰਦਾ ਏਂ।
ਨੇਕੀ ਵਾਲੇ ਕਰਮ ਤੂੰ ਕਰ ਲੈ
ਬਿਨਾਂ ਸਿਰ ਤੋਂ ਭੱਜਿਆ ਫਿਰਦਾ ਏਂ।
ਸਿਰ ਦੇ ਬਿਨਾਂ 'ਸਰ' ਨਹੀਂ ਲੱਭਣਾ।
ਕਿਉਂ ਨਿੰਦਾ-ਚੁਗਲੀ ਕਰਦਾ ਫਿਰਦਾ ਏਂ।
ਨਿਮਰ ਹੋ ਕੇ
ਕਰਮੀ-ਧਰਮੀ ਬਣ ਜਾ
ਮੈਂ ਲੱਭਿਆ ਇਹ ਮੰਤਰ ਚਿਰ ਦਾ ਏ।
***-ਲੋਕਨਾਥ ਸ਼ਰਮਾ***
***ਫੋਨ: 6417176877***

---

ਵਿਚਾਰ ਬੰਦਿਆ! ਕੀ ਇੱਥੇ ਤੇਰਾ ਮੇਰਾ।
ਇਹ ਜੱਗ ਰੁੱਖ 'ਤੇ ਜਿਉਂ ਪੰਛੀ ਬਸੇਰਾ।
ਇਕ ਬੂੰਦ ਪਾਣੀ ਤੋਂ ਉਪਜ ਹੈ ਤੇਰੀ।
ਅੰਤ ਬਣ ਜਾਣਾ ਤੂੰ ਭਸਮ ਦੀ ਢੇਰੀ।
ਬਾਨ੍ਹਣੂੰ ਬੰਨ੍ਹਦੈਂ ਬਹੁਤ ਕਰੇਂ ਵਿਸਥਾਰ।
ਆਫਰਿਆ ਫਿਰੇਂ ਵਿਚ ਮਾਣ ਹੰਕਾਰ।
ਨਿਤਾਣੇ-ਨਿਮਾਣੇ ਨੂੰ ਨਾ ਬੰਦਾ ਜਾਣੇਂ।
ਵਿਹਾਰ ਕਰਦੈਂ ਵਾਂਗ ਮਾਣਸ ਖਾਣੇਂ।
ਆਪ ਨੂੰ ਹੀ ਭਲਾ-ਮਾਣਸ ਅਖਵਾਏਂ।
ਕਰੁਣਾ ਤਰਸ ਵਾਲੀ ਗਲੀ ਨਾ ਜਾਏਂ।
ਸੱਚੀ ਦਰਗਾਹੇ ਜਦ ਮੰਗਿਆ ਹਿਸਾਬ।
ਪੱਲਿਓਂ ਜੇ ਖ਼ਾਲੀ ਕੀ ਦਏਂਗਾ ਜਵਾਬ।
'ਨਾਕਾਮ' ਨਿਕੰਮਿਆਂ! ਨਾ ਦੇਹ ਤੂੰ ਮੱਤਾਂ।
ਮੀਚ ਲਏਂ ਅੱਖਾਂ ਵੱਲੋਂ ਆਪਣੀਆਂ ਖ਼ਤਾਂ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864-318-5500***

---

### ਛੱਡ ਦਿਲਾ

ਛੱਡ ਦਿਲਾ ਛੱਡ ਗਿਆਂ ਸੱਜਣਾਂ ਨੂੰ ਝੂਰ ਨਾ।
ਚੁੱਪ ਹੋ ਕੇ ਬਹਿ ਜਾ ਤੂੰ ਮੁਕੱਦਰਾਂ ਨੂੰ ਘੂਰ ਨਾ।
ਜਿਹੋ-ਜਿਹਾ ਬਚਿਆ ਏਂ, ਇਹਨੂੰ ਹੀ ਬਚਾ ਕੇ ਰੱਖ,
ਕੱਚ ਵਾਂਗੂੰ ਹੋ ਕੇ ਕਿਤੇ ਬਹਿਜੀਂ ਚੂਰ-ਚੂਰ ਨਾ।
ਆਪਣੇ ਬਣਾ ਕੇ ਸਾਥੀ ਹਾਵੇ ਅਤੇ ਹਉਕਿਆਂ ਨੂੰ,
ਵੱਧ ਸੇਕੀ ਇੱਟ ਵਾਂਗੂੰ ਹੋ ਜੀਂ ਤੂੰ ਮਨੂਰ ਨਾ।
ਸਮੇਂ ਨੇ ਹੀ ਐਸੀ ਕੋਈ ਚਾਲ ਮਾੜੀ ਚੱਲ ਦਿੱਤੀ,
ਛੱਡ ਗਿਆਂ ਸੱਜਣਾਂ ਦਾ ਬਹੁਤਾ ਕੋਈ ਕਸੂਰ ਨਾ।
ਪੱਤ ਝੜੇ ਰੁੱਖਾਂ ਜਿਹਾ ਜੇ ਤੂੰ ਰੁੱਖਾ ਹੋ ਗਿਆ,
ਉਨ੍ਹਾਂ 'ਤੇ ਵੀ ਰਹਿਣ ਲੱਗਾ ਪਹਿਲਾਂ ਜਿਹਾ ਨੂਰ ਨਾ।
ਹੱਸ ਖੇਡ 'ਨਾਗਰਾ' ਬਿਤਾਅ ਲੈ ਰਹਿੰਦੀ ਜ਼ਿੰਦਗੀ,
ਦੁਨੀਆਂ ਤੋਂ ਜਾਣ ਵਾਲਾ ਦਿਨ ਬਹੁਤੀ ਦੂਰ ਨਾ।
***-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'***

# ਸਰਵਣ ਪੁੱਤ ਵਿਦੇਸ਼ੀਂ-ਹੁਣ ਬੁਢਾਪੇ ਦੀ ਵਹਿੰਗੀ ਕੌਣ ਚੁੱਕੇ?

**ਕੌਮਾਂਤਰੀ ਸੀਨੀਅਰ ਸਿਟੀਜ਼ਨ ਦਿਵਸ 'ਤੇ ਵਿਸ਼ੇਸ਼**

**ਰਵਿੰਦਰ ਚੋਟ**
**ਫੋਨ 98726-73703**

ਪੰਜਾਬੀ ਸਮਾਜ ਵਿਚ ਬਜ਼ੁਰਗਾਂ ਦੀ ਹਮੇਸ਼ਾ ਇੱਜ਼ਤ ਕੀਤੀ ਜਾਂਦੀ ਰਹੀ ਹੈ। ਰਵਾਇਤੀ ਤੌਰ 'ਤੇ ਉਹ ਪਰਿਵਾਰਕ ਮੁੱਲਾਂ, ਸੱਭਿਆਚਾਰਕ ਰਿਵਾਜਾਂ ਅਤੇ ਘਰੇਲੂ ਫੈਸਲਿਆਂ ਦੇ ਰਖਵਾਲੇ ਮੰਨੇ ਜਾਂਦੇ ਸਨ। ਪਰ ਆਧੁਨਿਕਤਾ, ਸ਼ਹਿਰੀਕਰਨ ਅਤੇ ਮਾਈਗ੍ਰੇਸ਼ਨ ਦੀਆਂ ਲਹਿਰਾਂ ਨਾਲ, ਪਿਛਲੇ ਕੁਝ ਦਹਾਕਿਆਂ ਵਿਚ ਬਜ਼ੁਰਗਾਂ ਦੀ ਭੂਮਿਕਾ ਅਤੇ ਸਥਿਤੀ ਵਿਚ ਕਾਫ਼ੀ ਬਦਲਾਅ/ਨਿਘਾਰ ਆਇਆ ਹੈ। ਭਾਰਤ ਦੀ ਮਰਦਮਸ਼ੁਮਾਰੀ 2011 ਦੇ ਅਨੁਸਾਰ, ਪੰਜਾਬ ਵਿਚ ਸੀਨੀਅਰ ਨਾਗਰਿਕਾਂ ਦੀ ਆਬਾਦੀ ਕੁੱਲ ਆਬਾਦੀ ਦਾ 9.34% ਸੀ, ਜੋ ਦੇਸ਼ ਦੀ ਔਸਤ 8.6% ਨਾਲੋਂ ਵੱਧ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਵਿਚ ਬਜ਼ੁਰਗਾਂ ਦੀ ਗਿਣਤੀ ਹੌਲੀ-ਹੌਲੀ ਵਧ ਰਹੀ ਹੈ। ਲੰਮੀ ਉਮਰ, ਬਿਹਤਰ ਸਿਹਤ ਸਹੂਲਤਾਂ ਅਤੇ ਘਟ ਰਹੇ ਜਨਮ ਦਰ ਇਸਦਾ ਮੁੱਖ ਕਾਰਨ ਹਨ। ਪਿੰਡਾਂ ਵਿਚ ਬਜ਼ੁਰਗ ਅਜੇ ਵੀ ਪਰਿਵਾਰਕ ਫੈਸਲਿਆਂ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਪੰਜਾਬੀ ਸੱਭਿਆਚਾਰ ਵਿਚ ਉਨ੍ਹਾਂ ਨੂੰ ਗਿਆਨ ਅਤੇ ਤਜਰਬੇ ਦਾ ਸਰੋਤ ਮੰਨਿਆ ਜਾਂਦਾ ਹੈ। ਪਰ ਆਧੁਨਿਕਤਾ ਅਤੇ ਇਕਹਿਰੇ ਪਰਿਵਾਰਾਂ ਦੇ ਵਧਣ ਨਾਲ ਬਜ਼ੁਰਗਾਂ ਦੀ ਹਾਲਤ ਕਮਜ਼ੋਰ ਹੋ ਰਹੀ ਹੈ। ਖਾਸ ਕਰਕੇ ਸ਼ਹਿਰਾਂ ਵਿਚ ਕਈ ਬਜ਼ੁਰਗ ਇਕੱਲੇਪਨ ਅਤੇ ਡਿਪਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ। ਸ਼ੂਗਰ, ਬਲੱਡ ਪ੍ਰੈਸ਼ਰ ਅਤੇ ਹੱਡੀਆਂ ਦੀ ਕਮਜ਼ੋਰੀ ਵਰਗੀਆਂ ਬਿਮਾਰੀਆਂ ਆਮ ਕਰਕੇ ਬਜ਼ੁਰਗਾਂ ਨੂੰ ਘੇਰੀ ਰੱਖਦੀਆਂ ਹਨ। ਵਿਦੇਸ਼ ਜਾਣ ਵਾਲੇ ਬੱਚਿਆਂ ਕਾਰਨ ਕਈ ਬਜ਼ੁਰਗ ਇਕੱਲੇ ਰਹਿ ਜਾਂਦੇ ਹਨ। ਜਿਨ੍ਹਾਂ ਕੋਲ ਜ਼ਮੀਨ ਜਾਂ ਪੈਨਸ਼ਨ ਨਹੀਂ, ਉਹ ਹੋਰ ਵੀ ਕਮਜ਼ੋਰ ਸਥਿਤੀ ਵਿਚ ਹਨ। ਬਜ਼ੁਰਗਾਂ ਦੀ ਇੱਜ਼ਤ ਕਰਨ ਵਾਲੀ ਰਵਾਇਤ ਹੌਲੀ-ਹੌਲੀ ਕਮਜ਼ੋਰ ਪੈ ਰਹੀ ਹੈ। ਪੰਜਾਬ ਸਰਕਾਰ ਅਤੇ ਕੇਂਦਰੀ ਯੋਜਨਾਵਾਂ, ਜਿਵੇਂ ਇੰਦਿਰਾ ਗਾਂਧੀ ਰਾਸ਼ਟਰੀ ਬੁਢਾਪਾ ਪੈਨਸ਼ਨ ਯੋਜਨਾ, ਬਜ਼ੁਰਗਾਂ ਨੂੰ ਵਿੱਤੀ ਸਹਾਇਤਾ ਦਿੰਦੇ ਹਨ। ਪੰਜਾਬ ਵਿਚ ਬਜ਼ੁਰਗਾਂ ਦੀ ਹਾਲਤ 'ਤੇ ਨਜ਼ਰ ਮਾਰੀਏ ਤਾਂ ਨਿਰਾਸ਼ਾਜਨਕ ਤੱਥ ਸਾਹਮਣੇ ਆਉਂਦੇ ਹਨ। ਖਾਸ ਕਰਕੇ ਪੇਂਡੂ ਬਜ਼ੁਰਗਾਂ ਨੂੰ ਵਧੇਰੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਥੇ ਵੀ ਐਕਟ 2007 ਸਹੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਰਿਹਾ। ਭਾਰਤ ਦੀ ਸਰਵ ਉਚ ਅਦਾਲਤ ਨੇ 13 ਦਸੰਬਰ 2018 ਨੂੰ ਡਾਕਟਰ ਅਸ਼ਵਨੀ ਕੁਮਾਰ ਵਰਸਿਜ਼ ਯੂਨੀਅਨ ਆਫ ਇੰਡੀਆ ਐਂਡ ਅਦਰਜ਼ (ਰਿਟ ਪਟੀਸ਼ਨ -ਸੀ -ਨੰ :193 ਆਫ 2016) ਦੇ ਕੇਸ ਵਿਚ ਫੈਸਲਾ ਕਰਦਿਆਂ ਬਜ਼ੁਰਗਾਂ ਦੀ ਭਲਾਈ ਲਈ ਸਰਕਾਰ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਸਨ। ਸਾਡੇ ਸੰਵਿਧਾਨ ਦੇ ਆਰਟੀਕਲ 21 ਦੇ ਮੁਤਾਬਕ ਹਰ ਨਾਗਰਿਕ ਨੂੰ ਆਤਮ-ਸਨਮਾਨ ਨਾਲ ਜੀਊਣ ਦਾ ਬੁਨਿਆਦੀ ਹੱਕ ਹੈ। ਇਸੇ ਤਰ੍ਹਾਂ ਬਜ਼ੁਰਗਾਂ ਨੂੰ ਵੀ ਤਿੰਨ ਤਰ੍ਹਾਂ ਦੇ ਅਧਿਕਾਰ ਦਿੱਤੇ ਹਨ -ਸਨਮਾਨ ਨਾਲ ਜੀਊਣ, ਸਿਰ 'ਤੇ ਛੱਤ ਅਤੇ ਚੰਗੀ ਸਿਹਤ ਦਾ ਅਧਿਕਾਰ। ਇਸ ਲਈ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਅਧਿਕਾਰਾਂ ਦੀ ਰੱਖਿਆ ਕਰਨ ਦੇ ਨਾਲ-ਨਾਲ ਇਨ੍ਹਾਂ ਨੂੰ ਹਰ ਬਜ਼ੁਰਗ ਲਈ ਹਾਜ਼ਰ ਕਰੇ! ਇਸ ਫੈਸਲੇ ਵਿਚ 'ਮੇਨਟੇਨੈਂਸ ਐਂਡ ਵੈਲਫੇਅਰ ਆਫ ਪੇਰੈਂਟਸ ਐਂਡ ਸੀਨੀਅਰ ਸਿਟੀਜ਼ਨ ਐਕਟ 2007' ਨੂੰ ਸਹੀ ਅਰਥਾਂ ਵਿਚ ਲਾਗੂ ਕਰਨ 'ਤੇ ਜ਼ੋਰ ਦਿਤਾ ਗਿਆ ਹੈ। ਇਸ ਐਕਟ ਦੀ ਧਾਰਾ 30 ਅਧੀਨ ਕੇਂਦਰ ਸਰਕਾਰ ਸੂਬਿਆਂ ਨੂੰ ਇਸ ਐਕਟ ਨੂੰ ਸਹੀ ਤਰ੍ਹਾਂ ਲਾਗੂ ਕਰਨ ਲਈ ਹਦਾਇਤ ਕਰ ਸਕਦੀ ਹੈ।

21 ਅਗਸਤ ਦਾ ਦਿਨ ਸਾਰੇ ਸੰਸਾਰ ਵਿਚ ਬਜ਼ੁਰਗਾਂ ਨੂੰ ਸਮਰਪਤ ਕੀਤਾ ਗਿਆ ਹੈ। ਪਹਿਲੀ ਵਾਰੀ 19 ਅਗਸਤ 1988 ਨੂੰ ਅਮਰੀਕਾ ਦੇ ਰਾਸ਼ਟਰਪਤੀ ਰੋਨਾਲਡ ਰੀਗਨ ਨੇ ਐਲਾਨ ਕੀਤਾ ਕਿ ਅੱਜ ਦਾ ਦਿਨ ਬਜ਼ੁਰਗਾਂ ਦੇ ਨਾਮ 'ਤੇ ਮਨਾਇਆ ਜਾਇਆ ਕਰੇਗਾ। ਭਾਵੇਂ ਇਸ ਤੋਂ ਪਹਿਲਾਂ 14 ਅਗਸਤ 1935 ਨੂੰ ਅਮਰੀਕਾ ਦੇ ਉਸ ਸਮੇਂ ਦੇ ਰਾਸ਼ਟਰਪਤੀ ਫਰੈਂਕਲ ਰੂਜ਼ਵੇਲਟ ਨੇ ਸੋਸ਼ਲ ਸਕਿਉਰਿਟੀ ਐਕਟ 'ਤੇ ਦਸਤਖ਼ਤ ਕੀਤੇ ਸਨ, ਇਸ ਦਾ ਮੰਤਵ ਵੀ ਬਜ਼ੁਰਗਾਂ ਦੀ ਰੱਖਿਆ ਕਰਨਾ ਸੀ ਪਰ ਦਿਨ ਨਹੀਂ ਮਨਾਇਆ ਗਿਆ। ਇਹ ਦਿਨ ਮਨਾਉਣ ਦਾ ਮੰਤਵ ਉਨ੍ਹਾਂ ਦੀ ਚੰਗੀ ਸਿਹਤ, ਅਤੇ ਉਨ੍ਹਾਂ ਨਾਲ ਹੁੰਦੇ ਦੁਰ-ਵਿਵਹਾਰ ਦੇ ਖ਼ਿਲਾਫ ਚੇਤਨਤਾ ਪੈਦਾ ਕਰਨਾ ਹੈ। ਇਹ ਦਿਨ ਪਹਿਲੀ ਵਾਰੀ 21 ਅਗਸਤ ਨੂੰ ਅਮਰੀਕਾ ਵਿਚ ਮਨਾਇਆ ਗਿਆ। ਬਾਅਦ ਵਿਚ ਹੌਲੀ-ਹੌਲੀ ਸਾਰੇ ਦੇਸ਼ਾਂ ਵਿਚ ਮਨਾਇਆ ਜਾਣ ਲੱਗਾ। ਇਸ ਮੌਕੇ ਰੋਨਾਲਡ ਰੀਗਨ ਨੇ ਕਿਹਾ ਸੀ, 'ਬਜ਼ੁਰਗਾਂ ਨੇ ਸਾਡੇ ਲਈ ਜੋ ਵੀ ਪ੍ਰਾਪਤੀਆਂ ਕੀਤੀਆ ਹਨ ਜਾਂ ਕਰ ਰਹੇ ਹਨ, ਉਨ੍ਹਾਂ ਲਈ ਸਾਨੂੰ ਦਿਲੋਂ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਸਿਹਤ ਦਾ ਹਰ ਤਰ੍ਹਾਂ ਧਿਆਨ ਰੱਖਣਾ ਚਾਹੀਦਾ ਹੈ, ਉਨ੍ਹਾਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ, ਉਨ੍ਹਾਂ ਦੀ ਮਦਦ ਤੇ ਸੇਵਾ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਉਮਰ ਮੁਤਾਬਕ ਰੁਝੇਵਾਂ ਮਿਲਣਾ ਚਾਹੀਦਾ ਹੈ ਤਾਂ ਕਿ ਉਹ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਸਕਣ।' ਬਜ਼ੁਰਗ ਅਤੇ ਜਵਾਨ ਕਿਸੇ ਵੀ ਦੇਸ਼ ਲਈ ਵਡਾ ਸਰਮਾਇਆ ਹੁੰਦੇ ਹਨ। ਬਜ਼ੁਰਗਾਂ ਨੇ ਆਪਣੀ ਸਾਰੀ ਜ਼ਿੰਦਗੀ ਦੇਸ਼ ਦੇ ਨਿਰਮਾਣ ਲਈ ਲਾਈ ਹੁੰਦੀ ਹੈ! ਜੁਆਨੀ ਨੇ ਆਪਣੇ ਦੇਸ਼ ਦਾ ਭਾਰ ਆਪਣੇ ਮੋਢਿਆਂ 'ਤੇ ਚੁੱਕ ਕੇ ਇਸ ਨੂੰ ਖ਼ੁਸ਼ਹਾਲ ਬਣਾਉਣ ਲਈ ਮਿਹਨਤ ਕਰਨੀ ਹੁੰਦੀ ਹੈ। ਪਰ ਅਫਸੋਸ ਸਾਡੀ ਜਵਾਨੀ ਦਾ ਰੁਖ਼ ਤਾਂ ਬਾਹਰਲੇ ਦੇਸ਼ਾਂ ਵਲ ਜਾਂ ਨਸ਼ਿਆਂ ਵਲ ਹੈ ਤੇ ਬੁਢਾਪਾ ਸਾਡੀਆਂ ਸਰਕਾਰਾਂ ਨੇ ਰੋਲ਼ ਛਡਿਆ ਹੈ। ਇਸੇ ਕਾਰਨ ਕਿਹਾ ਜਾਂਦਾ ਹੈ ਕਿ ਏਸ਼ੀਆ ਤੇ ਅਫਰੀਕਾ ਦੇ ਦੇਸ਼ ਬੁੱਢੇ ਹੋ ਰਹੇ ਹਨ ਜੋ ਕਿ ਇਨ੍ਹਾਂ ਦੇਸ਼ਾਂ ਦੀ ਜਵਾਨੀ ਨੂੰ ਅਮਰੀਕਾ, ਕੈਨੇਡਾ ਅਤੇ ਯੂਰਪੀ ਦੇਸ਼ ਖਿੱਚ ਰਹੇ ਹਨ। ਸਾਡਾ ਦੇਸ਼ ਵੀ ਬੁਢਾਪੇ ਵਲ ਤੇਜ਼ੀ ਨਾਲ ਵਧ ਰਿਹਾ ਹੈ। ਦੁਨੀਆ ਦੇ ਬਹੁਤੇ ਦੇਸ਼ਾਂ ਵਿਚ ਤਾਂ ਸਰਕਾਰਾਂ ਬਜ਼ੁਰਗਾਂ ਅਤੇ ਬੱਚਿਆਂ ਦੇ ਪਾਲਣ-ਪੋਸ਼ਣ ਅਤੇ ਦੇਖਭਾਲ ਦੀ ਜ਼ਿੰਮੇਵਾਰੀ ਸਾਂਭਦੀਆਂ ਹਨ! ਉਨ੍ਹਾਂ ਦੇਸ਼ਾਂ ਵਿਚ ਕੰਮ ਕਰਨ ਵੇਲੇ ਹਰ ਬੰਦੇ ਦੀ ਤਨਖਾਹ ਵਿਚੋਂ ਕੁਝ ਪੈਸੇ ਕੱਟੇ ਜਾਂਦੇ ਹਨ ਜਿਸ ਦੇ ਬਦਲੇ ਉਨ੍ਹਾਂ ਦੇ ਬੁਢੇਪੇ ਵੇਲੇ ਸਰਕਾਰ ਉਨ੍ਹਾਂ ਦੇ ਰਹਿਣ-ਸਹਿਣ, ਸਿਹਤ,



ਰੱਖਿਆ ਲਈ ਹਰ ਬਣਦਾ ਉਪਰਾਲਾ ਕਰਦੀ ਹੈ। ਸਾਡੇ ਗੁਆਂਢੀ ਛੋਟੇ ਜਿਹੇ ਦੇਸ਼ ਨਿਪਾਲ ਨੇ ਵੀ ਆਪਣੇ ਬਜ਼ੁਰਗਾਂ ਲਈ ਬਣੇ ਸੀਨੀਅਰ ਸਿਟੀਜ਼ਨ ਐਕਟ 2006 ਵਿਚ ਸੋਧ ਕਰਦੇ ਹੋਏ ਕਾਨੂੰਨ ਪਾਸ ਕੀਤਾ ਹੈ ਕਿ ਹਰ ਪੁੱਤਰ-ਧੀ ਆਪਣੀ ਕਮਾਈ ਵਿਚੋਂ ਪੰਜ ਤੋਂ ਦਸ ਫ਼ੀਸਦੀ ਆਪਣੇ ਬਜ਼ੁਰਗਾਂ ਦੇ ਖਾਤੇ ਵਿਚ ਜਮ੍ਹਾਂ ਕਰਵਾਏਗਾ! ਜੇਕਰ ਉਹ ਅਜਿਹਾ ਨਹੀਂ ਕਰਨਗੇ ਤਾਂ ਸਰਕਾਰ ਜੁਰਮਾਨਾ ਲਗਾਏਗੀ ਤੇ ਉਹ ਪੈਸੇ ਵੀ ਉਨ੍ਹਾਂ ਦੇ ਬਜ਼ੁਰਗਾਂ ਦੇ ਖਾਤੇ ਵਿਚ ਜਮ੍ਹਾਂ ਕਰਵਾਏ ਜਾਣਗੇ।

ਸਾਡੇ ਦੇਸ਼ ਵਿਚ ਸੀਨੀਅਰ ਸਿਟੀਜ਼ਨ ਲਈ ਉਮਰ 60 ਸਾਲ ਹੀ ਮੰਨੀ ਗਈ ਹੈ। ਭਾਰਤ ਸਰਕਾਰ ਦੇ ਮਨਿਸਟਰੀ ਆਫ ਸਟੇਟਿਸਟਿਕ ਐਂਡ ਪ੍ਰੋਗਰਾਮ ਇੰਪਲੀਮੈਂਟੇਸ਼ਨ ਵਿਭਾਗ ਦੇ ਅੰਕੜੇ ਦਸਦੇ ਹਨ ਕਿ ਭਾਰਤ ਵਿਚ ਪੇਂਡੂ ਖੇਤਰ ਵਿਚ ਬਜ਼ੁਰਗਾਂ ਦੀ ਗਿਣਤੀ 73.3 ਮਿਲੀਅਨ ਅਤੇ ਸ਼ਹਿਰੀ ਖੇਤਰ ਵਿਚ ਇਹ ਗਿਣਤੀ 30.6 ਮਿਲੀਅਨ ਹੈ! ਤਕਰੀਬਨ 104 ਮਿਲੀਅਨ ਸੀਨੀਅਰ ਸਿਟੀਜ਼ਨਜ਼ ਵਿਚੋਂ 53 ਮਿਲੀਅਨ ਔਰਤਾਂ ਹਨ ਅਤੇ 51 ਮਿਲੀਅਨ ਪਰਸ਼ ਹਨ। ਇਨ੍ਹਾਂ ਕੁਲ ਬਜ਼ੁਰਗਾਂ ਵਿਚੋਂ ਲਗਪਗ 14.2 ਪ੍ਰਤੀਸ਼ਤ ਦੂਸਰਿਆਂ 'ਤੇ ਨਿਰਭਰ ਹਨ ਭਾਵ ਆਪ ਕਮਾ ਨਹੀਂ ਸਕਦੇ! ਕੁਲ ਇਨ੍ਹਾਂ ਸ਼ਹਿਰੀਆਂ ਵਿਚੋਂ 41.6 ਪ੍ਰਤੀਸ਼ਤ ਨੂੰ ਬਿਰਧ ਉਮਰ ਹੋਣ 'ਤੇ ਵੀ ਆਪਣੀ ਰੋਜ਼ੀ ਰੋਟੀ ਕਮਾਉਣ ਲਈ ਕੰਮ ਕਰਨਾ ਪੈਂਦਾ ਹੈ! ਬਜ਼ੁਰਗ ਔਰਤਾਂ ਦੀ ਗਿਣਤੀ ਜ਼ਿਆਦਾ ਹੈ ਅਤੇ ਆਪਣੀ ਰੋਜ਼ੀ ਦੂਸਰਿਆਂ 'ਤੇ ਨਿਰਭਰ ਕਰਦੀਆਂ ਹਨ।

ਪਹਿਲੇ ਸਮਿਆਂ ਤੋਂ ਹੁਣ ਵਧੀਆ ਆਰਥਿਕ ਵਿਵਸਥਾ, ਵਧੀਆ ਸਿਹਤ ਸਹੂਲਤਾਂ ਅਤੇ ਦਵਾਈਆਂ ਤੇ ਮੌਤ ਦਰ ਘਟਣ ਕਰਕੇ ਬਜ਼ੁਰਗਾਂ ਦੀ ਗਿਣਤੀ ਦਿਨ ਪੁਰ ਦਿਨ ਵਧਦੀ ਜਾ ਰਹੀ ਹੈ। ਇਹ ਵਰਤਾਰਾ ਸਾਰੀ ਦੁਨੀਆਂ ਵਿਚ ਹੀ ਚਲ ਰਿਹਾ ਹੈ। ਯੂਨਾਈਟਿਡ ਨੇਸ਼ਨਜ਼ ਪਾਪੂਲੇਸ਼ਨ ਫੰਡ ਐਂਡ ਹੈਰੀਟੇਜ ਇੰਡੀਆ ਦੀ ਰਿਪੋਰਟ 2017 ਵਿਚ ਕਿਹਾ ਗਿਆ ਹੈ ਕਿ 2026 ਤਕ ਇਹ ਗਿਣਤੀ ਵਧ ਕੇ 173 ਮਿਲੀਅਨ ਹੋ ਜਾਵੇਗੀ। ਸਾਡੇ ਦੇਸ਼ ਵਿਚ ਇਕਹਿਰੇ ਪਰਿਵਾਰਾਂ ਨੇ ਬਜ਼ੁਰਗਾਂ ਦਾ ਜੀਵਨ ਔਖਾ ਕਰ ਦਿਤਾ ਹੈ ਅਤੇ ਉਨ੍ਹਾਂ ਨੂੰ ਬੁਢਾਪਾ ਘਰਾਂ ਵਲ ਧੱਕਿਆ ਜਾ ਰਿਹਾ ਹੈ। ਹੁਣ ਇਹ ਵਧਦੀ ਹੋਈ ਆਬਾਦੀ ਸਰਕਾਰਾਂ ਅਤੇ ਸਮਾਜ ਲਈ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ। ਇੰਦਰਾ ਗਾਂਧੀ ਨੈਸ਼ਨਲ ਓਲਡ ਏਜ਼ ਪੈਨਸ਼ਨ ਸਕੀਮ ਅਧੀਨ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ 60-79 ਤਕ ਉਮਰ ਦੇ ਬਜ਼ੁਰਗਾਂ ਲਈ 200 ਰੁਪਏ ਅਤੇ 80 ਸਾਲ ਤੋਂ ਉਪਰ ਵਾਲਿਆਂ ਲਈ 500 ਰੁਪਏ ਪੈਨਸ਼ਨ ਲਾਗੂ ਕੀਤੀ ਗਈ ਸੀ। ਇਹ ਬਜ਼ੁਰਗਾਂ ਨਾਲ ਮਜ਼ਾਕ ਤੋਂ ਘਟ ਨਹੀ! ਸੰਨ 2007 ਤੋਂ ਬਾਅਦ ਇਸ ਵਿਚ ਕੋਈ ਸੋਧ ਨਹੀਂ ਕੀਤੀ ਗਈ! ਭਾਰਤੀ ਜਨਤਾ ਪਾਰਟੀ ਨੇ 2022 ਦੀਆਂ ਲੋਕ ਸਭਾ ਚੋਣਾਂ ਵੇਲੇ ਆਪਣੇ ਮੈਨੀਫੈਸਟੋ ਵਿਚ ਬਜ਼ੁਰਗਾਂ ਦੀ ਭਲਾਈ ਲਈ ਵੱਡੇ ਵਾਅਦੇ ਕੀਤੇ ਗਏ ਸਨ। ਜਿਹੜੇ ਬਜ਼ੁਰਗਾਂ ਸਾਰੀ ਉਮਰ ਸਰਕਾਰੀ ਜਾਂ ਅਰਧ-ਸਰਕਾਰੀ ਅਦਾਰਿਆਂ ਵਿਚ ਨੌਕਰੀ ਕਰ ਕੇ ਦੇਸ਼ ਦੀ ਸੇਵਾ ਕੀਤੀ ਹੁੰਦੀ ਹੈ ਉਨ੍ਹਾਂ ਨੇ ਆਪਣੀ ਬੁਢਾਪਾ ਪੈਨਸ਼ਨ ਜਾਂ ਰਿਟਾਇਰਮੈਂਟ 'ਤੇ ਮਿਲੇ ਪੈਸਿਆਂ ਦੇ ਵਿਆਜ ਦੇ ਸਹਾਰੇ ਕੱਟਣਾ ਹੁੰਦਾ ਹੈ ਪਰ ਸਾਡੀ ਸਰਕਾਰ ਦੋਵੇਂ ਪਾਸਿਆਂ ਤੋਂ ਮਾਰ ਮਾਰਦੀ ਹੈ! ਬੈਂਕ ਵਿਆਜ ਦਰ ਨਿਗੂਣੀ ਕਰ ਦਿਤੀ ਗਈ ਹੈ ਅਤੇ ਨਾਲ ਹੀ ਮਹਿੰਗਾਈ ਦੀਆਂ ਕਿਸ਼ਤਾਂ ਵੀ ਦਬ ਲੈਂਦੀ ਹੈ।

ਬਹੁਤੇ ਥਾਂਵਾਂ 'ਤੇ ਬੱਚੇ ਬਜ਼ੁਰਗਾਂ ਦਾ ਧਿਆਨ ਨਹੀਂ ਕਰਦੇ। ਭਾਵੇਂ ਪੰਜਾਬ ਸਰਕਾਰ ਨੇ ਜਨਵਰੀ 2016 ਵਿਚ ਬੁਢਾਪਾ ਪੈਨਸ਼ਨ 500 ਰੁਪਏ ਕਰ ਦਿੱਤੀ ਸੀ ਪਰ ਇਹ ਵੀ ਸਨਮਾਨ ਨਾਲ ਜੀਊਣ ਲਈ ਕਾਫੀ ਨਹੀਂ ਸੀ। 'ਆਪ' ਸਰਕਾਰ ਜਿਹੜੀ ਕਿ 2022 ਵਿਚ ਪੰਜਾਬ ਵਿਚ ਸੱਤਾ ਵਿਚ ਆਈ, ਨੇ ਬੁਢਾਪਾ ਪੈਨਸ਼ਨ ਭਾਵੇਂ 1500 ਰੁਪਏ ਮਹੀਨਾ ਕਰ ਦਿਤੀ ਪਰ ਇਸ ਦੇ ਨਾਲ ਬਹੁਤ ਸਾਰੀਆਂ ਸ਼ਰਤਾਂ ਰੱਖ ਦਿਤੀਆਂ। ਪਹਿਲੀ ਸ਼ਰਤ ਇਹ ਰੱਖੀ ਗਈ ਕਿ ਜਿਸ ਵਿਆਕਤੀ ਦੀ ਆਮਦਨ 60000 ਰੁਪਏ ਤੋਂ ਸਾਲਾਨਾ ਵੱਧ ਹੋਵੇਗੀ ਉਸਨੂੰ ਪੈਨਸ਼ਨ ਨਹੀਂ ਮਿਲੇਗੀ, ਉਸ ਕੋਲ 200 ਵਰਗ ਮੀਟਰ ਤੋਂ ਵੱਡਾ ਮਕਾਨ ਨਹੀਂ ਹੋਣਾ ਚਾਹੀਦਾ, ਉਸ ਕੋਲ 2.5 ਏਕੜ ਤੋਂ ਜ਼ਿਆਦਾ ਨਹਿਰੀ ਤੇ ਵਾਹੀ ਯੋਗ ਜ਼ਮੀਨ ਨਹੀਂ ਹੋਣੀ ਚਾਹੀਦੀ, ਜੇ ਕਰ ਉਸ ਕੋਲ ਬਰਾਨੀ ਜ਼ਮੀਨ ਹੈ ਤਾਂ ਉਹ ਵੀ ਪੰਜ ਏਕੜ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ। ਇੱਥੇ ਹੀ ਬਸ ਨਹੀ ਕੇਂਦਰ ਸਰਕਾਰ ਵਲੋਂ 60 ਸਾਲ ਤੋਂ ਉਪਰ ਵਾਲੇ ਲੋਕਾਂ ਨੂੰ ਆਨਲਾਈਨ ਸੀਨੀਅਰ ਸਿਟੀਜ਼ਨ ਦੇ ਆਈ ਕਾਰਡ ਦਿਤੇ ਜਾ ਰਹੇ ਹਨ ਪਰ ਪੰਜਾਬ ਸਰਕਾਰ ਨੇ ਪੁਰਸ਼ ਬਜ਼ੁਰਗਾਂ ਲਈ ਪੈਨਸ਼ਨ ਦੇਣ ਲਈ ਉਮਰ 65 ਸਾਲ ਰੱਖੀ ਹੈ ਜਦਕਿ ਔਰਤਾਂ ਲਈ ਉਮਰ 58 ਸਾਲ ਰੱਖੀ ਗਈ ਹੈ। ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਇਹ ਵਿਤਕਰਾ ਕਿਉਂ ਕੀਤਾ ਗਿਆ ਹੈ।

ਪੰਜਾਬ ਸਰਕਾਰ ਨੇ ਔਰਤਾਂ, ਪਛੜੀਆਂ ਸ਼੍ਰੇਣੀਆਂ ਅਤੇ ਬਦੇਸ਼ੀਆਂ ਲਈ ਵੱਖਰੇ ਕਮਿਸ਼ਨ ਬਣਾਏ ਹੋਏ ਹਨ ਜਿਹੜੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹਲ ਕਰਦੇ ਹਨ। ਬਜ਼ੁਰਗਾਂ ਲਈ ਵੀ ਵੱਖਰਾ ਕਮਿਸ਼ਨ ਬਣਨਾ ਚਾਹੀਦਾ ਹੈ ਜਿਹੜਾ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹਲ ਕਰ ਸਕੇ। ਉਂਜ ਹੁਣ ਪੰਜਾਬ ਸਰਕਾਰ ਦੇ ਪੰਜਾਬ ਸੋਸ਼ਲ ਸਕਿਉਰਿਟੀ ਅਤੇ ਔਰਤਾਂ ਤੇ ਬੱਚਿਆਂ ਦੀ ਭਲਾਈ ਮਹਿਕਮੇ ਨੇ ਬਜ਼ੁਰਗਾਂ ਲਈ ਇਕ ਹੈਲਪਲਾਈਨ 14567 ਜਾਰੀ ਕੀਤੀ ਹੈ। ਕਿਹਾ ਗਿਆ ਹੈ ਕਿ ਕੋਈ ਵੀ ਬਜ਼ੁਰਗ ਇਸ ਨੰਬਰ 'ਤੇ ਫੋਨ ਕਰ ਕੇ ਸਿਹਤ ਸਬੰਧੀ ਅਤੇ ਹੋਰ ਕੰਮਾਂ ਲਈ ਸਹਾਇਤਾ ਲੈ ਸਕਦਾ ਹੈ ਪਰ ਇਸ ਫੋਨ ਨੰਬਰ 'ਤੇ ਕਾਲ ਕਰਨ 'ਤੇ ਆਮ ਕਰਕੇ ਇਹ ਫੋਨ ਨਹੀਂ ਮਿਲਦਾ ਅਤੇ ਨਾ ਹੀ ਕੋਈ ਜਵਾਬ ਮਿਲਦਾ ਹੈ। ਬਜ਼ੁਰਗਾਂ ਨੂੰ ਨਵੀਂ ਟੈਕਨਾਲੌਜੀ ਜਿਵੇਂ ਸਮਾਰਟ ਫੋਨ, ਕੰਪਿਊਟਰ ਅਤੇ ਨੈਟ ਦਾ ਸਧਾਰਨ ਗਿਆਨ ਦੇਣ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਉਹ ਖੁਦ ਔਖੇ ਵੇਲੇ ਕਿਸੇ ਨਾਲ ਮਦਦ ਲਈ ਰਾਬਤਾ ਕਾਇਮ ਕਰ ਸਕਣ ਅਤੇ ਆਪਣੇ ਵਿਹਲੇ ਸਮੇਂ ਇਕੱਲੇ ਬੈਠ ਇਨ੍ਹਾਂ ਦਾ ਪ੍ਰਯੋਗ ਕਰਕੇ ਆਪਣੇ ਇਕਾਂਤਵਾਸ ਨੂੰ ਦਿਲਚਸਪ ਬਣਾ ਸਕਣ।

# ਪਲ ਦੋ ਪਲ ਦੀ ਕਹਾਣੀ ਹੈ ਜ਼ਿੰਦਗੀ

**ਜ਼ਿੰਦਗੀ ਨਾਮਾ**



**ਹਰਪ੍ਰੀਤ ਸਿੰਘ ਜਵੰਦਾ**

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਦੁਨੀਆ ਦਾ ਹਰ ਬਾਪ, ਹਰ ਪਤੀ, ਹਰ ਭਰਾ ਅਖੀਰ ਤੱਕ ਤੰਦਰੁਸਤ ਰਹੇ...ਲਾਲੂ ਯਾਦਵ ਦੀ ਫੋਟੋ ਵੇਖੀ...ਕਿੰਨੇ ਚੇਹਰੇ ਘੁੰਮ ਗਏ...ਬੂਟਾ ਸਿੰਘ ਜੈਲ ਸਿੰਘ...ਬਰਨਾਲਾ...ਸ਼ਰਦ ਪਵਾਰ ਅਡਵਾਨੀ...ਚੜ੍ਹਤ ਦੇ ਦਿਨ...ਮਰਜ਼ੀ ਬਗੈਰ ਪੱਤਾ ਤੱਕ ਨਹੀਂ ਸੀ ਹਿੱਲਿਆ ਕਰਦਾ...ਫੇਰ ਦਿਨ ਕਦੋਂ ਢਲਿਆ ਪਤਾ ਹੀ ਨਹੀਂ ਲੱਗਾ...ਭੀੜ ਵਿਚ ਇੰਝ ਗਵਾਚੇ ਜਿੱਦਾਂ ਨਿੱਕਾ ਜਵਾਕ...ਜਵਾਕ ਨੂੰ ਤੇ ਫੇਰ ਵੀ ਮਾਂ ਲੱਭਦੀ ਫਿਰਦੀ ਏ ਪਰ ਇਨ੍ਹਾਂ ਦੇ ਘਰਾਂ ਵਿਚ ਪੱਕੇ ਤਾਲੇ ਲੱਗ ਗਏ...ਲੱਕ ਲੱਕ ਉੱਚਾ ਘਾਹ...ਇੱਕ ਕੌੜੀ ਦਾਸਤਾਨ ਸੁਣਾਉਂਦਾ ਹੋਇਆ...ਬੰਦਿਆ ਇਥੇ ਕੁਝ ਵੀ ਸਦੀਵੀਂ ਨਹੀਂ...ਸਭ ਨਾਸ਼ਵਾਨ ਏ...ਅਹੁਦੇ, ਪਦਵੀਆਂ, ਮੰਤਰੀ ਮੰਡਲ, ਚੇਰਮੈਨੀਆਂ, ਪ੍ਰਧਾਨਗੀਆਂ, ਬਾਦਸ਼ਾਹੀਆਂ, ਹੁਸਨ ਜਵਾਨੀ ਮਾਪੇ...ਦੁਨੀਆ ਦੇ ਤਿੰਨ ਰੰਗ...!

ਈਰਾਨ ਦਾ ਬਾਦਸ਼ਾਹ ਸ਼ਾਹ ਮੁਹੰਮਦ ਤੇਹਲਵੀ...ਬੇਸ਼ੁਮਾਰ ਦੌਲਤ...ਕਵਿੰਟਲਾਂ ਦੇ ਹਿਸਾਬ ਸੋਨਾ...ਸਤੱਤਰ ਵਿਚ ਤਖਤ ਪਲਟ ਦਿੱਤਾ...ਦੇਸ਼ੋਂ ਭੱਜ ਗਿਆ... ਅਮਰੀਕਾ ਦਾ ਡਰ...ਕੋਈ ਦੇਸ਼ ਪਨਾਹ ਨਾ ਦੇਵੇ...ਅਖੀਰ ਮਿਸਰ ਦੇ ਰਾਜੇ ਹੋਸਨੀ ਮੁਬਾਰਿਕ ਨੇ ਆਪਣੀ ਕੁੜੀ ਇਸਦੇ ਮੁੰਡੇ ਨੂੰ ਵਿਆਹ ਕੇ ਪਨਾਹ ਦੇ ਦਿੱਤੀ...ਅਖੇ ਈਰਾਨ ਦੇ ਤਾਨਾਸ਼ਾਹ ਨੂੰ ਨਹੀਂ ਆਪਣੇ ਕੁੜਮ ਨੂੰ ਦਿੱਤੀ ਏ ਪਨਾਹ...ਅਕਾਊਂਟ ਫ੍ਰੀਜ਼ ਹੋ ਗਏ...ਜਿੰਨੀ ਇਕੱਠੀ ਕੀਤੀ ਸਭ ਮਿੱਟੀ ਹੋ ਗਈ...ਅਖੀਰ ਸਾਲ ਕੁ ਮਗਰੋਂ ਗੁੰਮਨਾਮੀ ਵਿਚ ਹੀ ਮੁੱਕ ਗਿਆ!

ਇੱਕ ਪੁਰਾਣਾ ਹਿੰਦੀ ਗਾਉਣ..."ਮੈਂ ਪਲ ਦੋ ਪਲ ਕਾ ਸ਼ਾਇਰ ਹੂੰ...ਪਲ ਦੋ ਪਲ ਮੇਰੀ ਜਵਾਨੀ ਹੈ...ਪਲ ਦੋ ਪਲ ਮੇਰੀ ਹਸਤੀ ਹੈ...ਪਲ ਦੋ ਪਲ ਮੇਰੀ ਕਹਾਣੀ ਹੈ"

ਵਾਕਿਆ ਹੀ ਸਭ ਕੁਝ ਪਲ ਦੋ ਪਲ ਦੀ ਕਹਾਣੀ ਹੀ ਤਾਂ ਏ...!

ਕਬਰਿਸਤਾਨ ਕੋਲ ਦੀ ਲੰਘਦੇ ਬਾਦਸ਼ਾਹ ਨੇ ਕਬਰ ਕੋਲ ਬੈਠੀ ਇੱਕ ਰੂਹ ਨੂੰ ਉਲਾਹਮਾ ਦਿੱਤਾ...ਤੂੰ ਸਿਜਦਾ ਨਹੀਂ ਕੀਤਾ ਤੈਨੂੰ ਪਤਾ ਮੈਂ ਕਿੱਡਾ ਵੱਡਾ ਬਾਦਸ਼ਾਹ ਹਾਂ...ਅੱਗਿਓਂ ਆਖਣ ਲੱਗਾ ਭਾਈ ਇਸ ਕਬਰ ਵਿਚ ਦਫ਼ਨ ਹੋਣ ਤੋਂ ਪਹਿਲੋਂ ਮੈਂ ਵੀ ਇੰਝ ਹੀ ਆਖਿਆ ਕਰਦਾ ਸਾਂ...ਪਰ ਇਸਦੇ ਅੰਦਰ ਸਭ ਬਰੋਬਰ ਹੋ ਜਾਂਦੇ...!

ਬਹੁਤ ਵਰ੍ਹੇ ਪਹਿਲੋਂ ਬੰਬਈ ਤੋਂ ਅਦਾਕਾਰ ਰਜ਼ਾ ਮੁਰਾਦ ਅੰਮ੍ਰਿਤਸਰ ਆਇਆ...ਹੋਟਲ ਵਿਚ ਕੋਈ ਕਮਰਾ ਖਾਲੀ ਨਹੀਂ...ਖੁਦ ਨੂੰ ਮਿਲਿਆ ਕਮਰਾ ਖੁਲ੍ਹਵਾ ਦਿੱਤਾ...ਮੰਜਾ ਬਿਸਤਰਾ ਵੀ ਵਧੀਆ ਲਵਾ ਦਿੱਤਾ...ਸਵੇਰੇ ਵੇਖਿਆ ਤਾਂ ਭੋਏਂ 'ਤੇ ਸੁੱਤਾ ਪਿਆ...ਅਖ਼ੇ ਅੱਲ੍ਹਾ ਰਹਿਬਰ ਗੁਰੂਆਂ ਪੀਰਾਂ ਦੇ ਇਸ ਸ਼ਹਿਰ ਵਿਚ ਭੋਏਂ 'ਤੇ ਥਾਂ ਮਿਲ ਗਈ ਏਨਾ ਹੀ ਬਹੁਤ ਏ...ਮਰ ਗਏ ਨੂੰ ਪਤਾ ਨੀ ਭੋਏਂ ਅੰਦਰ ਕਿੰਨਾ ਡੂੰਘਾ ਦੱਬਣਾ ਏ...ਕਈ ਜਿਉਂਦੇ ਜੀ ਮੌਤ ਨੂੰ ਯਾਦ ਰੱਖਦੇ ਤੇ ਕਈਆਂ ਦੀ ਮੁੱਕ ਜਾਣ ਮਗਰੋਂ ਵੀ ਆਕੜ ਨੀ ਜਾਂਦੀ!

ਅਮਰੀਕਾ ਰਹਿੰਦੇ ਦੋਸਤ ਦੀ ਮਾਂ ਮੁੱਕ ਗਈ...ਪਿਤਾ ਜੀ ਦੀ ਟਹਿਲ ਸੇਵਾ ਅਤੇ ਚੌਕੀਦਾਰੀ ਲਈ ਇੱਕ ਭਈਆ ਰੱਖ ਆਇਆ...ਮਗਰੋਂ ਪਿਤਾ ਜੀ ਵੀ ਤੁਰ ਗਏ...ਭੋਗ ਮਗਰੋਂ ਅਜੇ ਅਮਰੀਕਾ ਪਰਤਿਆ ਹੀ ਸੀ ਕਿ ਕਿਸੇ ਪਿੱਛੋਂ ਫੋਨ ਕਰ ਦਿੱਤਾ ਭਈਆ ਤਾਂ ਆਪਣਾ ਸਾਰਾ ਟੱਬਰ ਲੈ ਆਇਆ...ਕੋਠੀ 'ਤੇ ਕਬਜ਼ਾ ਕਰ ਜਾਊ...!

ਉਚੇਚਾ ਇੱਕ ਵੇਰ ਫੇਰ ਵਾਪਿਸ ਪਰਤਿਆ...ਕੋਠੀ ਅੱਪੜ ਭਈਏ ਨੂੰ ਆਖਣ ਲੱਗਾ ਤੂੰ ਬਿਨਾ ਪੁੱਛੇ ਟੱਬਰ ਲੈ ਆਇਆਂ...ਕਿਧਰੇ ਕਬਜ਼ਾ ਕਰਨ ਦਾ ਵਿਚਾਰ ਤੇ ਨਹੀਂ...ਅੱਗਿਓਂ ਹੱਸ ਪਿਆ ਅਖੇ ਸਰਦਾਰ ਜੀ ਕੌਣ ਸਾ ਕਬਜ਼ਾ...ਯਹਾਂ ਤੋਂ ਸਭ ਚੌਕੀਦਾਰ ਹੈਂ...ਯਹਾਂ ਤੱਕ ਕੇ ਸਰਦਾਰ ਜੀ ਬੀ ਤੋ ਚੌਕੀਦਾਰ ਹੀ ਥੇ...ਮਾਲਕ ਹੋਤੇ ਤੋ ਯੇਹ ਕੋਠੀ ਆਪਣੇ ਸਾਥ ਨਾ ਲੇ ਜਾਤੇ...ਫਿਕਰ ਮਤ ਕਰੋ...ਚੌਕੀਦਾਰ ਹੀ ਰਹੂੰਗਾ...!


ਦੋਸਤ ਆਖਣ ਲੱਗਾ, ਗਿਆ ਤੇ ਸਾਂ ਕੋਠੀ ਖਾਲੀ ਕਰਵਾਉਣ ਪਰ ਭਈਏ ਨੇ ਮੇਰੇ ਦਿਮਾਗ ਵਿਚ ਭਰਿਆ ਇੱਕ ਵੱਡਾ ਵਹਿਮ-ਭਰਮ ਹੀ ਕੱਢ ਕੇ ਬਾਹਰ ਮਾਰਿਆ...!

ਇਥੇ ਸਭ ਕਿਰਾਏਦਾਰ...ਚੌਕੀਦਾਰ...ਇਕੱਠੀ ਕੀਤੀ ਦੀ ਵਕਤੀ ਤੌਰ 'ਤੇ ਰਾਖ਼ੀ ਕਰਦੇ ਹੋਏ...ਸੱਪ ਵਾਂਙ ਕੁੰਡਲੀ ਮਾਰ...ਮੇਰੀ ਮੇਰੀ ਕਰਦੇ...ਮਾਣ ਕਰਦੇ ਹੋਏ...ਬਾਕੀਆਂ 'ਤੇ ਰੋਹਬ ਜਮਾਉਂਦੇ...ਈਨ ਮਨਵਾਉਂਦੇ...ਚੰਮ ਦੀਆਂ ਚਲਾਉਂਦੇ...ਹਉਮੈ ਨੂੰ ਪਾਲਦੇ ਹੋਏ...ਫੇਰ ਜਿਸ ਦਿਨ ਵਾਜ ਪਈ ਓਦੋਂ ਸੂਈ ਜਿੰਨੀ ਚੀਜ਼ ਤੱਕ ਵੀ ਸਾਂਭਣ ਦੀ ਮੋਹਲਤ ਨੀ ਮਿਲਣੀ...ਇਹ ਦੌਲਤਾਂ ਘਰ ਬੈਂਕ ਬੈਲੰਸ ਗਹਿਣਾ-ਗੱਟਾ ਸਭ ਕੁਝ ਜੰਮਣ ਮਰਨ ਵਿਚਲੇ ਟਾਈਮ ਦੇ ਰੰਗ ਤਮਾਸ਼ੇ...!

ਆਹ ਅਖੀਰੀ ਪਹਿਰਾ ਮੈਂ ਪਤਾ ਕਿੰਨੀਆਂ ਲਿਖਤਾਂ ਵਿਚ ਸਾਂਝਾ ਕੀਤਾ ਹੋਣਾ...ਇੱਕ ਵੇਰ ਬੜਾ ਦਿਲਚਸਪ ਜਵਾਬ ਆਇਆ...ਜਾ ਜਾ ਕੰਮ ਕਰ ਆਪਣਾ...ਕੋਲ ਹੀ ਰੱਖ ਆਪਣੀ ਫਿਲਾਸਫੀ...ਦੁਨੀਆ ਦੀ ਸਦੀਆਂ ਪੁਰਾਣੀ ਰੀਤ...ਹਰ ਕੋਈ ਇਕੱਠੀ ਕਰਦਾ ਆਇਆ ਤੇ ਅੱਗੋਂ ਵੀ ਕਰਦਾ ਹੀ ਰਹੇਗਾ ਕਿਓਂਕੇ ਜਿਸਦੀ ਕੋਠੀ ਦਾਣੇ...ਉਸਦੇ ਕਮਲੇ ਵੀ ਸਿਆਣੇ!

# ਨੇੜਿਓਂ ਤੱਕੀ ਜ਼ਿੰਦਗੀ





**ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ**
**ਫੋਨ: 925-683-1982**

ਲੇਖ ਲਿਖਣਾ, ਕਵਿਤਾ ਅਤੇ ਕਹਾਣੀ ਨਾਲੋਂ ਵੱਖਰੀ ਗੱਲ ਹੈ। ਅੰਗਰੇਜ਼ੀ ਦੇ ਵਿਦਵਾਨ ਐਮਰਸਨ ਅਨੁਸਾਰ 'ਐਸੇ ਇਜ਼ ਐਨ ਅਟੈਂਪਟ' ਭਾਵ ਲੇਖ ਲਿਖਣਾ ਇਕ ਕੋਸ਼ਿਸ਼ ਹੈ। ਕੋਸ਼ਿਸ਼ ਵੇਲੇ ਕੁਝ ਊਣਤਾਈਆਂ ਰਹਿ ਜਾਣੀਆਂ ਸੁਭਾਵਕ ਹਨ। ਇਸ ਲਈ ਸੂਝਵਾਨ ਪਾਠਕ ਮੇਰੀਆਂ ਖਾਮੀਆਂ ਨੂੰ ਮੁਆਫ਼ ਕਰ ਦੇਣਗੇ। ਮੈਂ ਲਿਖਾਰੀ ਨਹੀਂ ਉਹ ਤਾਂ ਵਗਦੇ ਦਰਿਆ ਹੁੰਦੇ ਹਨ। ਹਰ ਵੇਲੇ ਕੁਝ ਨਾ ਕੁਝ ਲਿਖਦੇ ਰਹਿੰਦੇ ਹਨ। ਮੈਨੂੰ ਤਾਂ ਬਹੁਤ ਵੇਰ ਕੁਝ ਸੁੱਝਦਾ ਹੀ ਨਹੀਂ। ਮੇਰਾ ਆਪਣੇ ਆਪ ਨੂੰ ਲੇਖਕ ਕਹਿਣਾ ਇਸ ਤਰ੍ਹਾਂ ਹੋਵੇਗਾ ਜਿਵੇਂ ਹਿੰਗ ਦੀ ਇਕ ਡਲੀ ਰੱਖਣ ਵਾਲਾ ਆਪਣੇ ਆਪ ਨੂੰ ਪਸਾਰੀ ਦੀ ਹੱਟੀ ਵਾਲਾ ਸਮਝ ਬੈਠੇ।

ਸੋਚਦਾਂ ਕਿਵੇਂ ਸ਼ੁਰੂ ਕਰਾਂ!

ਮੇਰਾ ਪਿਛੋਕੜ ਮਾਲਵੇ ਦੇ ਪਛੜੇ ਇਲਾਕੇ ਦਾ ਹੈ। ਨੇੜਿਓਂ ਤੱਕੀ ਹੀ ਨਹੀਂ ਬਲਕਿ ਨੇੜਿਓਂ ਮਾਣੀ ਸਿੱਧੀ ਸਾਦੀ ਮਾਲਵੇ ਦੀ ਬੋਲੀ ਅਜ ਤੱਕ ਮੇਰੀ ਜ਼ਬਾਨ ਉਪਰ ਸਵਾਰ ਹੈ। ਲਗਪਗ ਸਾਰੀ ਨੌਕਰੀ ਚੰਡੀਗੜ੍ਹ ਵਿਚ ਅਤੇ ਸੇਵਾ ਮੁਕਤੀ ਤੋਂ ਬਾਅਦ ਬਹੁਤਾ ਸਮਾਂ ਅਮਰੀਕਾ ਵਿਚ ਰਹਿਣ ਦੇ ਬਾਵਜੂਦ ਮੇਰੀ ਬੋਲੀ ਵਿਚ ਕੋਈ ਫ਼ਰਕ ਨਹੀਂ ਪਿਆ।

1940 ਵਿਚ ਪਿੰਡ ਰਾਮਪੁਰਾ ਦੇ ਪ੍ਰਾਇਮਰੀ ਸਕੂਲ 'ਚ ਦਾਖ਼ਲ ਹੋਇਆ। ਚਾਰੇ ਜਮਾਤਾਂ ਪੜ੍ਹਾਉਣ ਲਈ ਕੇਵਲ ਇਕ ਹੀ ਟੀਚਰ ਸੀ। ਉਸ ਦਾ ਨਾਂ ਪੰਡਤ ਬੀਰੂ ਰਾਮ ਸੀ। ਉਹ ਬਹੁਤ ਹੀ ਚੰਗਾ ਆਦਮੀ ਸੀ। ਐਡੇ ਵੱਡੇ ਪਿੰਡ ਵਿਚੋਂ ਥੋੜ੍ਹੇ ਜਿਹੇ ਹੀ ਵਿਦਿਆਰਥੀ ਪੜ੍ਹਨ ਆਉਂਦੇ ਸਨ। ਅਨਪੜ੍ਹਤਾ ਦਾ ਬੋਲਬਾਲਾ ਸੀ। ਖੇਤੀ ਕਰਨ ਵਾਲਿਆਂ ਲਈ ਵਿਦਿਆ ਫਜ਼ੂਲ ਸੀ। ਅਜਿਹੇ ਮਾਹੌਲ ਵਿਚ ਚੌਥੀ ਜਮਾਤ ਪਾਸ ਕਰਕੇ ਦੋ-ਚਾਰ ਲੜਕੇ ਹੀ ਮੰਡੀ ਫੂਲ ਦੇ ਸਰਕਾਰੀ ਹਾਈ ਸਕੂਲ ਵਿਚ ਪੁੱਜੇ ਸਨ।

ਹਾਈ ਸਕੂਲ ਵਿਚ ਗਿਣਵੇਂ ਵਿਦਿਆਰਥੀ ਹੀ ਨੇੜੇ ਦੇ ਪਿੰਡਾਂ ਤੋਂ ਆਉਂਦੇ ਸਨ। ਬਾਕੀ ਸਾਰੇ ਬੱਚੇ ਮੰਡੀ ਦੇ ਦੁਕਾਨਦਾਰਾਂ ਦੇ ਹੁੰਦੇ ਸਨ। ਪੰਜਵੀਂ ਤੋਂ ਦਸਵੀਂ ਤੱਕ ਪੜ੍ਹਦਿਆਂ ਮੈਂ ਸਭ ਤੋਂ ਲਾਇਕ ਤਾਂ ਨਹੀਂ ਸਾਂ ਪਰ ਅਧਿਆਪਕ ਮੈਨੂੰ ਚੰਗਿਆਂ ਵਿਚੋਂ ਇਕ ਜ਼ਰੂਰ ਸਮਝਦੇ ਸਨ। ਅੰਗਰੇਜ਼ੀ ਅਤੇ ਸਾਇੰਸ ਵਿਸ਼ੇ ਵਿਚ ਮੈਂ ਹਮੇਸ਼ਾ ਫਸਟ ਰਹਿੰਦਾ ਸੀ।

ਦੂਜਾ ਮਾਸਟਰ ਭਗਵਾਨ ਦਾਸ ਮੈਨੂੰ ਅਕਸਰ ਇਹ ਕਹਿੰਦੇ ਸਨ ਤੂੰ ਕਾਲਜ ਪ੍ਰੋਫੈਸਰ ਬਣ ਜਾਈਂ। ਹਰ ਰੋਜ਼ ਸਕੂਲ ਤੋਂ ਛੁੱਟੀ ਮਿਲਣ ਪਿੱਛੋਂ ਮੈਂ ਤੇਜ਼ੀ ਨਾਲ ਪੈਦਲ ਚਲਦਾ। ਘਰ ਪਹੁੰਚ ਕੇ ਕੁਝ ਖਾਣ ਪਿੱਛੋਂ ਸੀਰੀਆਂ ਸਾਂਝੀਆਂ ਨਾਲ ਮਿਲ ਕੇ ਖੇਤਾਂ ਤੋਂ ਪਸ਼ੂਆਂ ਲਈ ਪੱਠੇ ਲਿਆਉਂਦਾ ਅਤੇ ਫੇਰ ਹੱਥਾਂ ਨਾਲ ਮਸ਼ੀਨ ਚਲਾ ਕੇ ਪੱਠੇ ਕੁਤਰਨ ਵਿਚ ਸੀਰੀਆਂ ਦੀ ਮਦਦ ਕਰਦਾ। ਇਸ ਤਰ੍ਹਾਂ ਪਸ਼ੂਆਂ ਦੇ ਚਾਰੇ ਦਾ ਪੂਰਾ ਧਿਆਨ ਕਰਦਿਆਂ ਸ਼ਾਮ ਦੇ ਨੌਂ ਵੱਜ ਜਾਂਦੇ। ਬਿਜਲੀ ਨਾ ਹੋਣ ਕਰਕੇ ਮਿੱਟੀ ਦੇ ਤੇਲ ਵਾਲੇ ਲੈਂਪ ਵਿਚ ਸਕੂਲ ਦਾ ਦਿੱਤਾ ਹੋਇਆ ਕੰਮ ਬੜੀ ਮੁਸ਼ਕਲ ਨਾਲ ਮੁਕਾਉਂਦਾ। ਕੁਦਰਤ ਦੀ ਮਿਹਰਬਾਨੀ ਕਿ ਇਹੋ ਜਿਹੇ ਵਾਤਾਵਰਨ ਵਿਚ ਬਹੁਤ ਚੰਗੇ ਤਾਂ ਨਹੀਂ ਕੁਝ ਚੰਗੇ ਨੰਬਰਾਂ ਨਾਲ ਮੈਂ ਦਸਵੀਂ ਜਮਾਤ ਪਾਸ ਕਰ ਗਿਆ।

ਪਿੰਡ ਵਿਚੋਂ ਦਸਵੀਂ ਪਾਸ ਕਰਨ ਮਗਰੋਂ ਕਾਲਜ ਦੀ ਪੜ੍ਹਾਈ ਕਿਸੇ ਨੇ ਵੀ ਨਹੀਂ ਕੀਤੀ ਸੀ। ਬੈਂਕ ਦੀ ਨੌਕਰੀ ਕਰਨਾ ਜਾਂ ਪਟਵਾਰੀ ਲੱਗਣਾ ਠੀਕ ਸਮਝਿਆ ਜਾਂਦਾ ਸੀ। ਸੜਕਾਂ ਦੀ ਘਾਟ ਸੀ। ਰੇਲਵੇ ਰਾਹੀਂ ਪਟਿਆਲਾ ਸਾਡੇ ਲਈ ਸਾਰੀਆਂ ਥਾਵਾਂ ਨਾਲੋਂ ਸੌਖੀ ਜਗ੍ਹਾ ਸੀ। ਰਸਤੇ ਵਿਚ ਹੋਰ ਕੋਈ ਕਾਲਜ ਵੀ ਨਹੀਂ ਸੀ। ਮੇਰੇ ਅੱਗੇ ਪੜ੍ਹਨ ਦੇ ਸ਼ੌਕ ਨੂੰ ਮਹਿਸੂਸ ਕਰਦਿਆਂ ਮੇਰੇ ਮਾਂ ਬਾਪ ਨੇ ਮਾਇਕ ਮੁਸ਼ਕਲਾਂ ਹੁੰਦਿਆਂ ਵੀ ਮੈਨੂੰ ਪਟਿਆਲੇ ਭੇਜ ਦਿੱਤਾ। ਮਹਿੰਦਰਾ ਕਾਲਜ ਵਿਚ ਮੇਰਾ ਸਾਥ ਬਹੁਤ ਗ਼ਰੀਬ ਪ੍ਰੰਤੂ ਬਹੁਤ ਲਾਇਕ ਵਿਦਿਆਰਥੀਆਂ ਨਾਲ ਰਿਹਾ।

ਹਿਸਾਬ ਵਿਚ ਪ੍ਰੋਫੈਸਰ ਗੋਵਰਧਨ ਲਾਲ, ਪ੍ਰੋਫੈਸਰ ਸਰਵਨ ਸਿੰਘ, ਕੈਮਿਸਟਰੀ ਵਿਚ ਮੈਡਮ ਸਰਵਨ ਸਿੰਘ, ਫਿਜ਼ਿਕਸ ਵਿਚ ਪ੍ਰੋਫੈਸਰ ਭਾਰਤੀ ਅਤੇ ਪ੍ਰੋਫੈਸਰ ਬੀ.ਡੀ. ਸ਼ਰਮਾ ਮੇਰੇ ਬਹੁਤ ਸਤਿਕਾਰਯੋਗ ਅਧਿਆਪਕ ਸਨ। ਇਨ੍ਹਾਂ ਸਭ ਨੂੰ ਨੇੜਿਓਂ ਤੱਕਣ ਦਾ ਮੌਕਾ ਮਿਲਿਆ। ਮੇਰੇ ਅੰਦਰ ਕਾਲਜ ਅਧਿਆਪਕ ਬਣਨ ਦੀ ਇੱਛਾ ਨੇ ਘਰ ਬਣਾ ਲਿਆ।

ਪ੍ਰੋ. ਸਰਵਨ ਸਿੰਘ ਜੋ ਬਾਅਦ ਵਿਚ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਚੇਅਰਮੈਨ ਰਹੇ, 95 ਸਾਲ ਦੀ ਉਮਰ ਪੂਰੀ ਕਰਕੇ ਸੁਰਗਵਾਸ ਹੋ ਗਏ। ਉਹ ਪੰਦਰਾਂ ਸੈਕਟਰ ਵਿਚ ਮੇਰੇ ਮਕਾਨ ਦੇ ਨੇੜੇ ਹੀ ਰਹਿੰਦੇ ਸਨ, ਅਖੀਰ ਤੱਕ ਮੈਂ ਉਨ੍ਹਾਂ ਨੂੰ ਸਤਿਕਾਰ ਸਹਿਤ ਮਿਲਦਾ ਰਿਹਾ। ਨਿੱਘੀ ਜੱਫੀ ਦਾ ਲੁਤਫ ਉਠਾਂਦਾ ਰਿਹਾ ਅਤੇ ਨੇੜਿਓਂ ਤੱਕਦਾ ਰਿਹਾ।

ਪੜ੍ਹਨਾ-ਪੜ੍ਹਾਉਣਾ ਮੇਰੀ ਜ਼ਿੰਦਗੀ ਦਾ ਅਹਿਮ ਹਿੱਸਾ ਰਿਹਾ। ਇਸ ਨਾਲ ਸਬੰਧਤ ਹਰ ਸ਼ੈਅ ਨੂੰ ਨੇੜਿਓਂ ਤੱਕਣਾ ਮੇਰੇ ਲਈ ਜ਼ਰੂਰੀ ਰਿਹੈ। ਪਾਠਕ ਇਸ ਨੂੰ ਫਜ਼ੂਲ ਬਿਰਤਾਂਤ ਨਾ ਸਮਝਣ। ਇਹ ਮੇਰੇ ਹੱਡੀਂ ਰਚੇ ਅਹਿਸਾਸ ਦਾ ਪ੍ਰਗਟਾਵਾ ਹੈ। ਸਾਲ 1954 ਵਿਚ ਮੈਂ ਮੈਥ, ਫਿਜ਼ਿਕਸ ਅਤੇ ਅੰਗਰੇਜ਼ੀ ਨਾਲ ਬੀ.ਏ. ਕੀਤੀ। ਮੇਰੇ ਨੰਬਰਾਂ ਅਨੁਸਾਰ ਮੈਂ ਇਨ੍ਹਾਂ ਤਿੰਨਾਂ ਵਿਸ਼ਿਆਂ ਵਿਚੋਂ ਕਿਸੇ ਵਿਚ ਵੀ ਐਮ.ਏ. ਵਿਚ ਦਾਖ਼ਲਾ ਲੈ ਸਕਦਾ ਸਾਂ। ਫਿਜ਼ਿਕਸ ਦੀ ਐਮ.ਐਸਸੀ. ਲਈ ਮੈਂ ਅਲੀਗੜ੍ਹ ਯੂਨੀਵਰਸਿਟੀ ਚੁਣੀ। ਕੌਸਮਿਕ ਰੇਂਜ ਦੇ ਅੰਤਰ-ਰਾਸ਼ਟਰੀ ਵਿਗਿਆਨੀ ਪ੍ਰੋਫੈਸਰ ਪਿਆਰਾ ਸਿੰਘ ਗਿੱਲ ਉਥੇ ਵਿਭਾਗ ਦੇ ਮੁਖੀ ਸਨ। 1956 ਵਿਚ ਕਾਫੀ ਚੰਗੇ ਨੰਬਰ ਹਾਸਲ ਕਰਕੇ ਮੈਂ ਪਿੰਡ ਵਾਪਸ ਆ ਗਿਆ। ਮੈਨੂੰ ਖੁਸ਼ੀ ਸੀ ਕਿ ਮੈਂ ਨੇੜੇ-ਤੇੜੇ ਦੇ ਪਿੰਡਾਂ ਵਿਚੋਂ ਫਿਜ਼ਿਕਸ ਦਾ ਪਹਿਲਾ ਐਮ.ਐਸਸੀ. ਹਾਂ। ਕੁਦਰਤ ਦੀ ਕਮਾਲ (1950-56) ਦੌਰਾਨ ਸਾਡੇ ਇਲਾਕੇ ਵਿਚ ਬਹੁਤ ਚੰਗੀ ਬਾਰਸ਼ ਹੋਈ। ਸਾਡੀ ਬੰਜਰ ਧਰਤੀ ਨੂੰ ਭਾਗ ਲੱਗ ਗਏ। ਹਰ ਸਾਲ ਛੋਲਿਆਂ ਦੀ ਭਰਪੂਰ ਫ਼ਸਲ ਹੋਈ। ਮੇਰਾ ਹੋਸਟਲਾਂ ਵਿਚ ਰਹਿਣ ਦਾ ਅਤੇ ਫ਼ੀਸਾਂ ਦੇਣ ਦਾ ਖਰਚਾ ਨਿਰਵਿਘਨ ਪੂਰਾ ਹੁੰਦਾ ਰਿਹਾ।

'ਰੱਬ' ਦੀ ਹੋਂਦ ਜਾਂ ਨਾ ਹੋਂਦ ਬਾਰੇ ਪ੍ਰੋਫੈਸਰ ਮੋਹਨ ਸਿੰਘ ਚੇਤੇ ਆ ਗਿਆ। ਮੇਰੀ ਨਜ਼ਦੀਕ ਤੋਂ ਤੱਕੀ ਜ਼ਿੰਦਗੀ ਦੇ ਤਜਰਬੇ ਤੋਂ ਮੈਂ ਬੇ-ਝਿਜਕ ਕਹਿ ਸਕਦਾ ਹਾਂ ਕਿ ਨਾ ਤਾਂ ਮੈਂ ਲਾਈ ਲੱਗ ਮੋਮਨ ਹਾਂ ਅਤੇ ਨਾ ਖੋਜ ਕਰਨ ਪਿੱਛੋਂ ਕਾਫਰ ਹਾਂ। ਗਲੀਲੀਓ ਨੇ ਪਹਿਲੀ ਟੈਲੀਸਕੋਪ ਬਣਾਈ। ਉਸ ਦੀ ਵਰਤੋਂ ਨਾਲ ਜ਼ਮੀਨ ਗੋਲ ਮਹਿਸੂਸ ਕੀਤੀ। ਚਰਚ ਨੇ ਉਸ ਨੂੰ ਸਜ਼ਾ ਸੁਣਾ ਦਿੱਤੀ ਕਿ ਗਲੀਲੀਓ ਝੂਠ ਦਾ ਪ੍ਰਚਾਰ ਕਰ ਰਿਹਾ ਹੈ। ਗੁਰੂ ਨਾਨਕ ਦੇਵ ਨੇ ਉਸ ਤੋਂ ਲਗਭਗ ਦੋ-ਢਾਈ ਸੌ ਸਾਲ ਪਹਿਲਾਂ ਜਪੁਜੀ ਸਾਹਿਬ ਵਿਚ ਫਰਮਾਇਆ ਸੀ 'ਧਰਤੀ ਹੋਰੁ ਪਰੈ ਹੋਰੁ ਹੋਰੁ ਪਾਤਾਲਾ ਪਾਤਾਲ ਲਖ ਆਗਾਸਾ ਆਗਾਸ'।

ਮੇਰੀ ਹੈਰਾਨੀ ਦੀ ਹੱਦ ਹੋ ਗਈ। ਬਾਬੇ ਨਾਨਕ ਨੂੰ ਕੁਦਰਤ ਨੇ ਐਸੀ ਰੂਹਾਨੀ ਸੂਝ ਬਖਸ਼ੀ ਸੀ ਜੋ ਵਿਰਲਿਆਂ ਨੂੰ ਹੀ ਨਸੀਬ ਹੁੰਦੀ ਹੈ। ਮੇਰਾ ਗੁਰਬਾਣੀ ਰਾਹੀਂ ਦਰਸਾਈ ਅਪਾਰ ਸ਼ਕਤੀ ਵਿਚ ਯਕੀਨ ਹੋ ਗਿਆ। ਸ਼ੁਰੂ ਤੋਂ ਹੀ ਮੈਂ ਬਹੁਤ ਮਿਹਨਤੀ ਨਹੀਂ ਹਾਂ। ਇਸ ਲਈ ਗੁਰਬਾਣੀ ਦੀ ਡੂੰਘੀ ਵਿਚਾਰ ਨਹੀਂ ਕਰ ਸਕਿਆ। ਪ੍ਰੰਤੂ ਸਿੱਧੀਆਂ-ਸਾਦੀਆਂ ਤੁਕਾਂ ਵੀ ਇਤਨੀਆਂ ਅਰਥ ਭਰਪੂਰ ਹਨ ਕਿ ਇਹ ਕਹਿਣ ਨੂੰ ਦਿਲ ਕਰਦਾ ਹੈ 'ਧੁਰ ਕੀ ਬਾਣੀ ਆਈ ਤਿਸ ਸਗਲੀ ਚਿੰਤ ਮਿਟਾਈ।

ਅੱਜ-ਕੱਲ੍ਹ ਮਾਪਿਆਂ ਨੂੰ ਇਹ ਫ਼ਿਕਰ ਹੈ ਕਿ ਉਨ੍ਹਾਂ ਦੇ ਬੱਚਿਆਂ ਦਾ ਰੱਬ ਵਿਚ ਯਕੀਨ ਨਹੀਂ। ਕਈਆਂ ਨੂੰ ਬੱਚਿਆਂ ਵਿਚ ਧਾਰਮਿਕ ਰੁਚੀ ਬਿਲਕੁਲ ਪਸੰਦ ਨਹੀਂ। ਕਈ ਆਦਮੀ ਅਖੀਰਲੇ ਦਿਨ ਤੱਕ ਨਾਸਤਕ ਰਹਿੰਦੇ ਹਨ। ਗੁਰਬਾਣੀ ਦਾ ਕਥਨ ਹੈ

ਏਹੁ ਤਿਨ ਕੈ ਮਨਿ ਵਸਿਆ
ਜਿਨ ਧੁਰਹੁ ਲਿਖਿਆ ਆਇਆ।

ਸੋ ਕਿਸੇ ਨੂੰ ਮਜਬੂਰ ਕਰਨ ਦੀ ਲੋੜ ਨਹੀਂ। ਨਿਰਮਲ ਕੰਮ ਕਰਨ ਅਤੇ ਦਿਆਪੂਰਵਕ ਵਰਤਾਰੇ ਲਈ ਪ੍ਰੇਰਨਾ ਕਰਨਾ ਚੰਗੀ ਗੱਲ ਹੈ। ਪੂਰਬਲੇ ਕਰਮਾਂ ਵਿਚ ਕੋਈ ਯਕੀਨ ਕਰੇ ਜਾਂ ਨਾ ਕਰੇ ਸਭ ਦਾ ਆਪੋ ਆਪਣਾ ਨਜ਼ਰੀਆ ਹੈ। ਮੈਂ ਕਈ ਆਦਮੀਆਂ ਨੂੰ ਬਹੁਤ ਨੇੜਿਓਂ ਜਾਣਦਾ ਹਾਂ। ਜਿਹੜੇ ਬਹੁਤ ਈਮਾਨਦਾਰੀ ਨਾਲ ਮਿਹਨਤ ਕਰ ਕੇ ਆਪਣੇ ਬਿਜ਼ਨਸ ਵਿਚ ਮੁਨਾਫ਼ਾ ਨਹੀਂ ਕਮਾ ਸਕੇ। ਫਰਮਾਨ ਹੈ:

ਵਿਣ ਕਰਮਾ ਕਿਛ ਪਾਈਐ ਨਾਹੀ ਜੇ ਬਹੁਤੇਰਾ ਧਾਵੈ।।

ਇਸ ਕਥਨ ਅਨੁਸਾਰ ਇਹ ਕਰਮਾਂ ਦੀ ਖੇਡ ਹੈ। ਸਬਰ ਕਰੋ, ਗ਼ਮਗੀਨ ਨਾ ਹੋਵੋ, ਜੀਵਨ ਵਿਚ ਸਕੂਨ ਲਈ ਸੇਧ ਮਿਲਦੀ ਹੈ।

ਅਗਲੀ ਗੱਲ ਮੈਨੂੰ ਬਹੁਤ ਮਹਿਸੂਸ ਹੁੰਦੀ ਰਹੀ ਹੈ। ਜਾਣਕਾਰ ਮੈਨੂੰ ਇਸ ਗੱਲ ਦੇ ਜਵਾਬ ਲਈ ਪੁੱਛਦੇ ਰਹਿੰਦੇ ਹਨ। ਉਹ ਸਵਾਲ ਕਰਦੇ ਹਨ ਕਿ ਕਈ ਝੂਠੇ, ਫਰੇਬੀ, ਮੱਕਾਰ ਅਤੇ ਹੰਕਾਰੀ ਤਰੱਕੀਆਂ ਕਰ ਰਹੇ ਹਨ ਅਤੇ ਈਮਾਨਦਾਰ ਦੁੱਖ ਭੋਗ ਰਹੇ ਹਨ। ਐਸਾ ਕਿਉਂ ਹੈ? ਮੇਰਾ ਸੁਝਾਅ ਹੈ ਕਿ ਕਦੀ ਵੀ ਜੱਜਮੈਂਟਲ ਨਾ ਹੋਵੋ। ਕੁਦਰਤ ਦੀਆਂ ਖੇਡਾਂ ਦਾ ਅਨੰਦ ਮਾਣੋ। ਗੁਰਬਾਣੀ ਦਾ ਕਥਨ ਹੈ:

ਮਨ ਮੂਰਖ ਕਾਹੇ ਬਿਲ ਲਾਇਐ
ਪੂਰਬ ਲਿਖੇ ਕਾ ਲਿਖਿਆ ਪਾਈਐ।

ਅਜੀਬ ਇਤਫਾਕ ਨਾਲ ਇਕ ਦਿਨ ਮੈਥੋਂ ਕਾਫੀ ਸੀਨੀਅਰ ਅਤੇ ਬਹੁਤ ਲਾਇਕ ਇਕ ਫਿਜ਼ਿਕਸ ਦੇ ਪ੍ਰੋਫੈਸਰ ਮੇਰੇ ਘਰ ਆਏ। ਉਪਰਲੇ ਸਵਾਲ ਬਾਬਤ ਉਨ੍ਹਾਂ ਦੀ ਸਲਾਹ ਪੁੱਛੀ। ਉਹ ਕਹਿਣ ਲੱਗੇ ਕਿ ਮਹਾਭਾਰਤ ਦੀ ਲੜਾਈ ਦੇ ਉਘੇ ਨਾਇਕ ਧ੍ਰਿਤਰਾਸ਼ਟਰ ਨੇ ਭਗਵਾਨ ਕ੍ਰਿਸ਼ਨ ਨੂੰ ਪੁੱਛਿਆ, 'ਮਹਾਰਾਜ ਮੈਂ ਤਾਂ ਪਿਛਲੇ ਕਈ ਜਨਮਾਂ ਵਿਚ ਕਿਸੇ ਨਾਲ ਵੀ ਬੁਰਾਈ ਨਹੀਂ ਕੀਤੀ, ਫੇਰ ਭੀ ਮੈਂ ਅੰਨ੍ਹਾ ਕਿਉਂ ਹਾਂ? ਮੈਨੂੰ ਇਹ ਸਜ਼ਾ ਕਿਉਂ ਮਿਲੀ ਹੈ? ਕ੍ਰਿਸ਼ਨ ਜੀ ਨੇ ਕਿਹਾ ਕਿ ਭਗਵਾਨ ਦੀ ਕਿਰਪਾ ਸਦਕਾ ਮੈਨੂੰ ਤੇਰੇ ਜਾਣਨ ਵਾਲੇ ਜਨਮਾਂ ਤੋਂ ਭੀ ਪਹਿਲਾਂ ਦੇ ਜਨਮਾਂ ਦਾ ਗਿਆਨ ਹੈ। ਤੂੰ ਇਕ ਪੰਛੀ ਦੀਆਂ ਅੱਖਾਂ ਗੁਲੇਲ ਨਾਲ ਬਾਹਰ ਕੱਢੀਆਂ ਸਨ। ਇਹ ਬਿਰਤਾਂਤ ਕਿੱਥੋਂ ਤੱਕ ਸੱਚਾ ਹੈ ਪਾਠਕ ਆਪ ਹੀ ਜਾਨਣ। ਪ੍ਰੰਤੂ ਜੀਵਨ ਵਿਚ ਸਹਿਜ, ਖਿਮਾ ਅਤੇ ਦਿਆ ਲਈ ਉਤਸ਼ਾਹਤ ਕਰਨ ਲਈ ਸਹਾਈ ਹੋਵੇਗਾ। ਚੰਗੇ, ਮੰਦੇ ਕੰਮਾਂ ਦਾ ਅੱਜ ਨਹੀਂ ਤਾਂ ਕੱਲ੍ਹ ਲੇਖਾ ਦੇਣਾ ਹੀ ਪਵੇਗਾ।

ਮੈਂ ਜ਼ਿੰਦਗੀ ਦੇ ਲੰਮੇ ਅਰਸੇ ਵਿਚ ਕਈ ਹਿੰਮਤ ਵਾਲੇ ਬੰਦਿਆਂ ਨੂੰ ਸੁਣਿਆ ਅਤੇ ਪੜ੍ਹਿਆ ਹੈ। ਜਿਹੜੇ ਕਹਿੰਦੇ ਰਹੇ 'ਹੱਥ ਰੇਖਾ ਦੀ ਚਿੰਤਾ ਨਾ ਕਰੋ ਹੱਥ ਸਿਰਜਣਹਾਰ ਨੇ ਤਕਦੀਰ ਦੇ।

ਬੇਹਿੰਮਤੇ ਜੋ ਹੁੰਦੇ ਸ਼ਿਕਵੇ ਕਰਨ ਮੁਕੱਦਰਾਂ ਦੇ
ਉੱਗਣ ਵਾਲੇ ਉੱਗ ਹੀ ਪੈਂਦੇ ਨੇ ਸੀਨੇ ਪਾੜ ਕੇ ਪੱਥਰਾਂ ਦੇ।

ਉਨ੍ਹਾਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਵਿਚੋਂ ਇਕ ਦੋ ਨੂੰ ਛੱਡ ਕੇ ਮੈਂ ਕਿਸੇ ਨੂੰ ਭੀ ਕਾਮਯਾਬੀ ਦੀ ਪੌੜੀ ਚੜ੍ਹਿਆ ਨਹੀਂ ਦੇਖਿਆ। ਬਹੁਤੇ ਖਾਕ ਛਾਣਦੇ ਹੀ ਅਲਵਿਦਾ ਕਹਿ ਗਏ। ਇਸ ਵਰਤਾਰੇ ਨੇ ਮੈਨੂੰ ਕੁਦਰਤ ਵਲੋਂ ਖੇਡੀ ਜਾ ਰਹੀ ਖੇਡ ਵਿਚ ਇਤਮੀਨਾਨ ਨਾਲ ਜ਼ਿੰਦਗੀ ਬਸਰ ਕਰਨ ਅਤੇ ਕੁਦਰਤ ਦੇ ਭਾਣੇ ਵਿਚ ਅਡੋਲ ਰਹਿਣ ਲਈ ਪ੍ਰੇਰਿਆ ਹੈ। ਮੈਂ ਪਰਵਰਦਿਗਾਰ ਦਾ ਸ਼ੁਕਰਗੁਜ਼ਾਰ ਹਾਂ।

ਸੂਝਵਾਨ ਪਾਠਕਾਂ ਨੂੰ ਬਹੁਤ ਗਹਿਰਾਈਆਂ ਵਿਚ ਜਾਣ ਦੀ ਲੋੜ ਨਹੀਂ। ਕਿਸੇ ਕਿਸਮ ਦੀ ਸ਼ਕਤੀ ਸਿੱਧੀ ਨਜ਼ਰ ਨਹੀਂ ਆਉਂਦੀ। ਕਦੀ ਭੀ ਕਿਸੇ ਨੇ ਆਵਾਜ਼, ਬਿਜਲੀ, ਗਰਮੀ, ਰੇਡੀਓ ਵੇਵਜ਼, ਅਲਟਰਾ ਵਾਇਲਟ ਰੇਜ਼, ਇਨਫਰਾਰੈਡ ਰੇਜ਼ ਅਤੇ ਕੌਸਮਿਕ ਰੇਜ਼ ਨਹੀਂ ਦੇਖੀਆਂ, ਇਨ੍ਹਾਂ ਦੇ ਅਸਰ ਹੀ ਦੇਖਦੇ ਹਾਂ। ਇਸੇ ਤਰ੍ਹਾਂ ਕੁਦਰਤ ਨੂੰ ਭੀ ਉਸ ਦੇ ਕ੍ਰਿਸ਼ਮਿਆਂ ਤੋਂ ਹੀ ਜਾਣਿਆ ਜਾਂਦਾ ਹੈ। ਇਸ ਕੁਦਰਤ ਨੂੰ ਅਤਿਅੰਤ ਸ਼ਕਤੀ ਕਿਸ ਨੇ ਬਖਸ਼ੀ ਹੈ? ਗੁਰੂ ਨਾਨਕ ਦਾ ਫਰਮਾਨ ਹੈ

ਬਲਿਹਾਰੀ ਕੁਦਰਤਿ ਵਸਿਆ।
ਤੇਰਾ ਅੰਤ ਨਾ ਜਾਈ ਲਖਿਆ॥

ਕੁਦਰਤ ਦੀਆਂ ਖੇਡਾਂ ਦੀ ਖੋਜ ਕਰਕੇ ਡਾਕਟਰ ਅਤੇ ਸਾਇੰਸਦਾਨ ਜ਼ਿੰਦਗੀ ਨੂੰ ਸੁਖਾਵੀਂ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ ਪ੍ਰੰਤੂ ਕੋਈ ਭੀ ਕੁਦਰਤ 'ਤੇ ਜਿੱਤ ਹਾਸਲ ਨਹੀਂ ਕਰ ਸਕੇਗਾ। ਬਰਤਨ ਸਾਫ਼ ਕਰਨ ਅਤੇ ਕੱਪੜੇ ਧੋਣ ਵਾਲੀਆਂ ਮਸ਼ੀਨਾਂ ਵਿਚ ਬਹੁਤ ਕੋਸ਼ਿਸ਼ ਬਾਅਦ ਵੀ ਹਲਦੀ ਅਤੇ ਮਸਾਲਿਆਂ ਦੇ ਦਾਗ਼ ਮਿਟਾਏ ਨਹੀਂ ਜਾ ਸਕਦੇ। ਕੁਦਰਤ ਵਲੋਂ ਬਖਸ਼ੀਆਂ ਧੁੱਪ ਦੀਆਂ ਅਲਟਰਾ ਵਾਇਲਟ ਰੇਜ਼ ਮਿੰਟਾਂ ਵਿਚ ਹੀ ਧੱਬੇ ਸਾਫ ਕਰ ਦਿੰਦੀਆਂ ਹਨ। ਅੱਜ ਤੱਕ ਆਦਮੀ ਵਲੋਂ ਬਣਾਈਆਂ ਸ਼ਕਤੀਸ਼ਾਲੀ ਮਸ਼ੀਨਾਂ ਭੀ ਸੂਰਜ ਦੀ ਅਤੇ ਕੌਸਮਿਕ ਰੇਜ਼ ਦੀ ਸ਼ਕਤੀ ਦਾ ਮੁਕਾਬਲਾ ਨਹੀਂ ਕਰ ਸਕਦੀਆਂ।

ਨੇੜਿਓਂ ਤੱਕੀ ਜ਼ਿੰਦਗੀ ਨੇ ਸ਼ਕਤੀਸ਼ਾਲੀ ਕੁਦਰਤ ਵਿਚ ਵਸੇ ਪਰਵਰਦਗਾਰ ਵਿਚ ਵਿਸ਼ਵਾਸ ਨੂੰ ਮਜ਼ਬੂਤ ਕੀਤਾ ਹੈ। ਇਸ ਜੀਵਨ ਵਿਚ ਬੱਚਾ ਸਭ ਤੋਂ ਪਹਿਲਾਂ ਆਪਣੀ ਮਾਂ ਅਤੇ ਦਾਈ ਨੂੰ ਤੱਕਦਾ ਹੈ। ਮਰਦ ਅਤੇ ਔਰਤ ਦਾ ਸਬੰਧ ਦੁਨੀਆ ਦੇ ਰਿਸ਼ਤਿਆਂ ਵਿਚੋਂ ਸਭ ਤੋਂ ਅਹਿਮ ਹੈ। ਨੱਬਿਆਂ ਵਿਚ ਪਹੁੰਚ ਕੇ ਵੀ ਇਸ ਰਿਸ਼ਤੇ ਨੂੰ ਬਹੁਤ ਰੀਝ ਅਤੇ ਸਤਿਕਾਰ ਨਾਲ ਦੇਖ ਰਿਹਾ ਹਾਂ। ਮੇਰੀ ਜਾਣ-ਪਛਾਣ ਦਾ ਦਾਇਰਾ ਬਹੁਤ ਵਸੀਹ ਨਹੀਂ ਫੇਰ ਵੀ ਇਸ ਦੀ ਨਿੱਕੀ ਜਿਹੀ ਦੁਨੀਆ ਵਿਚ ਵੰਨ-ਸੁਵੰਨਤਾ ਨਾਲ ਭਰਪੂਰ ਇਕ ਵਿਸ਼ਾਲ ਦੁਨੀਆ ਹੈ। ਨੇੜਿਓਂ ਤੱਕਣ ਦੀ ਰੁਚੀ ਬਚਪਨ ਵਿਚ ਹੀ ਮੇਰੇ ਨਸੀਬ 'ਚ ਆ ਗਈ ਸੀ। ਮੇਰੇ ਬੇਬੇ ਜੀ (ਮੇਰੀ ਮਾਂ) ਬਾਣੀ ਦੇ ਰਸੀਏ ਸਨ। ਕਾਫ਼ੀ ਕੁਝ ਉਨ੍ਹਾਂ ਨੂੰ ਜ਼ਬਾਨੀ ਯਾਦ ਸੀ। ਪਿੰਡ ਦੀਆਂ ਕਈ ਕੁੜੀਆਂ ਨੇ ਆਦਿ ਗਰੰਥ ਦਾ ਪਾਠ ਸਾਡੇ ਘਰ ਆ ਕੇ ਉਨ੍ਹਾਂ ਦੀ ਨਿਗਰਾਨੀ ਵਿਚ ਕੀਤਾ ਸੀ। ਬੇਬੇ ਜੀ ਦਾ ਤਲੱਫਜ਼ ਕਮਾਲ ਦਾ ਸੀ। ਸਹਿਜ ਸੁਭਾਅ ਹੀ ਮੇਰੇ ਕੰਨਾਂ ਵਿਚ ਉਨ੍ਹਾਂ ਦੇ ਸ਼ਬਦ ਅੱਜ ਤੱਕ ਗੁਣਗੁਣਾ ਰਹੇ ਹਨ। ਇਨ੍ਹਾਂ ਸਾਰੀਆਂ ਲੜਕੀਆਂ, ਮੇਰੀਆਂ ਵੱਡੀਆਂ ਭੈਣਾਂ ਅਤੇ ਆਂਢ-ਗੁਆਂਢ ਦੀਆਂ ਔਰਤਾਂ ਦਾ ਮੇਰੇ ਮਨ 'ਤੇ ਚੰਗਾ ਪ੍ਰਭਾਵ ਹੈ। ਗ਼ਰੀਬ-ਗੁਰਬੇ ਤੋਂ ਲੈ ਕੇ ਰੱਜੇ-ਪੁੱਜੇ ਘਰਾਂ ਤੱਕ ਦੀਆਂ ਔਰਤਾਂ ਬੰਦਿਆਂ ਨਾਲੋਂ ਵੱਧ ਕੰਮ ਕਰਦੀਆਂ ਦੇਖੀਆਂ। ਜੇ ਕਦੇ ਲਗਾਤਾਰ ਕਈ-ਕਈ ਦਿਨ ਬਾਰਿਸ਼ ਹੋਣੀ ਤਾਂ ਚੁੱਲ੍ਹੇ ਵਿਚ ਗਿੱਲੀਆਂ ਛਟੀਆਂ ਅਤੇ ਗਿੱਲੀਆਂ ਲੱਕੜਾਂ ਦੇ ਧੂੰਏਂ ਵਿਚ ਅੱਖਾਂ ਮਲਦੀਆਂ ਪਰ ਫੇਰ ਵੀ ਖੁਸ਼ੀ ਖੁਸ਼ੀ ਪਰਿਵਾਰ ਦੀ ਸੇਵਾ ਕਰਦੀਆਂ ਦੇਖੀਆਂ। ਹਰ ਘਰ ਵਿਚ ਇਸਤਰੀ ਸਭ ਤੋਂ ਪਹਿਲਾਂ ਜਾਗਦੀ ਹੈ ਅਤੇ ਸਭ ਤੋਂ ਪਿੱਛੋਂ ਬਿਸਤਰੇ ਵਿਚ ਪਹੁੰਚਦੀ ਹੈ। ਔਰਤ ਜਾਤੀ ਨੂੰ ਮੇਰਾ ਸਲਾਮ!

ਰੀਝ ਨਾਲ ਤੱਕਣ ਪਿੱਛੋਂ ਇਨ੍ਹਾਂ ਔਰਤਾਂ ਵਿਚ ਕੁਝ ਖਾਮੀਆਂ ਵੀ ਦੇਖੀਆਂ। ਪਤਾ ਨਹੀਂ ਕਿਉਂ ਨੂੰਹਾਂ ਨਾਲ ਬਹੁਤ ਘੱਟ ਇਸਤਰੀਆਂ ਦਾ ਵਤੀਰਾ ਚੰਗਾ ਹੈ! ਪੁੱਤਾਂ ਵਿਚ ਵੀ ਇਕੋ ਜਿਹਾ ਪਿਆਰ ਵੰਡ ਨਹੀਂ ਸਕਦੀਆਂ। ਪੁੱਤ ਨੂੰਹ ਦੇ ਪਿਆਰ ਨੂੰ ਈਰਖਾ ਦੀ ਪਾਣ ਅਧੀਨ ਹੀ ਦੇਖਦੀਆਂ ਹਨ। ਕਾਲਜ ਅਧਿਆਪਕ ਹੁੰਦਿਆਂ ਇਸਤਰੀਆਂ ਨੂੰ ਵਿਦਿਆਰਥੀਆਂ ਦੀ ਹੈਸੀਅਤ ਵਿਚ ਸਹਿ-ਕਰਮੀਆਂ ਅਤੇ ਪ੍ਰਿੰਸੀਪਲਾਂ ਦੀ ਪੁਜ਼ੀਸ਼ਨ ਵਿਚ ਬਹੁਤ ਨਜ਼ਦੀਕ ਤੋਂ ਤੱਕਿਆ। ਮਾਮੂਲੀ ਕਮਜ਼ੋਰੀਆਂ ਨੂੰ ਨਜ਼ਰ-ਅੰਦਾਜ਼ ਕਰਨਾ ਮੈਨੂੰ ਚੰਗਾ ਲੱਗਦਾ ਹੈ। ਇਸ ਤੋਂ ਬਾਅਦ ਇਨ੍ਹਾਂ ਸਭ ਦੀ ਬੱਲੇ ਬੱਲੇ। ਵਧੀਆ ਰਿਸ਼ਤਿਆਂ ਦੇ ਬਾਵਜੂਦ ਗਲਤ-ਫਹਿਮੀਆਂ ਦੀ ਭਰਮਾਰ ਦੇਖੀ। ਕੁਝ ਹੱਦ ਤੱਕ ਥੋੜ੍ਹੀ ਬਹੁਤ ਸਚਾਈ ਵੀ ਹੁੰਦੀ ਹੈ, ਜੋ ਦੇਖਣ 'ਚ ਨਹੀਂ ਆਉਂਦੀ ਕਿਉਂਕਿ ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ।

ਇਹੀ ਗੱਲ ਵਰਜਤ ਜਿਨਸੀ ਸਬੰਧਾਂ 'ਤੇ ਢੁਕਦੀ ਹੈ। ਇਹ ਸਬੰਧ ਕਾਮ ਤ੍ਰਿਪਤੀ ਲਈ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਬਣਾਏ ਜਾਂਦੇ ਹਨ। ਬੰਦਾ ਹਮੇਸ਼ਾ ਸੌਖਾ ਰਾਹ ਅਖ਼ਤਿਆਰ ਕਰਦਾ ਹੈ। ਇਸ ਕਿਰਿਆ ਦੀ ਪੂਰਤੀ ਲਈ ਬਾਹਰ ਜਾਣ ਤੋਂ ਘਬਰਾਉਂਦਾ ਹੈ। ਬਹੁਤ ਵੇਰ ਕੋਈ ਆਜਜ਼ੀ ਮਜਬੂਰੀ ਜਾਂ ਲਾਲਚ ਅਤੇ ਡਰ ਅਧੀਨ ਇਸ ਨਾਜਾਇਜ਼ ਸਬੰਧ ਨੂੰ ਸਵੀਕਾਰ ਕੀਤਾ ਜਾਂਦਾ ਹੈ।

ਇਕ ਨਿੱਕੀ ਜਿਹੀ ਘਟਨਾ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ। ਹਰਕੇਸ਼ ਸਿੰਘ ਸਿੱਧੂ ਚੰਗੇ, ਥੋੜ੍ਹੇ ਅੱਖੜ ਪਰੰਤੂ ਸਾਹਿਤਕ ਰੁਚੀ ਵਾਲੇ ਸੇਵਾਮੁਕਤ ਆਈ.ਏ.ਐਸ. ਅਫਸਰ ਹਨ। ਨੌਕਰੀ ਕਰਨ ਤੋਂ ਪਹਿਲਾਂ ਉਹ ਨਾਨਕੇ ਪਿੰਡ ਸਰਪੰਚ ਰਹੇ ਸਨ। ਇਕ ਦਿਨ ਸਵੇਰੇ ਉਨ੍ਹਾਂ ਕੋਲ ਇਕ ਆਦਮੀ ਆਇਆ। ਉਹ ਕਹਿਣ ਲੱਗਾ, ਮੈਨੂੰ ਮੇਰੇ ਵੱਡੇ ਭਰਾ ਨਾਲੋਂ ਵੱਖ ਕਰ ਦਿਓ। ਬੇਸ਼ੱਕ ਮੈਂ ਛੜਾ ਹਾਂ ਪਰ ਮੇਰਾ ਵੱਡੇ ਭਰਾ ਨਾਲ ਨਿਭਾਅ ਨਹੀਂ ਹੁੰਦਾ। ਪੰਚਾਇਤ ਇਕੱਠੀ ਹੋ ਗਈ। ਥੋੜ੍ਹੀ ਦੇਰ ਵਿਚ ਇਕ ਔਰਤ (ਵੱਡੇ ਭਰਾ ਦੀ ਪਤਨੀ) ਆ ਗਈ। ਉਹ ਕਹਿਣ ਲੱਗੀ ਇਸ ਨੂੰ ਜ਼ਮੀਨ ਜ਼ਰੂਰ ਵੰਡ ਦਿਓ ਪਰ ਜਿਹੜੇ ਬੱਚੇ ਇਸ ਨੇ ਮੇਰੇ ਨਾਲ ਪੈਦਾ ਕੀਤੇ ਹਨ, ਉਹ ਵੀ ਇਹਨੂੰ ਦੇ ਦਿਓ। ਪੰਚਾਇਤ ਵਿਚ ਸੰਨਾਟਾ ਛਾ ਗਿਆ ਅਤੇ ਉਹ ਜ਼ਮੀਨ ਵੰਡਾਉਣ ਵਾਲਾ ਚੁਪ ਕਰਕੇ ਖਿਸਕ ਗਿਆ। ਉਹ ਸਿੱਧੀ ਸਾਦੀ ਤ੍ਰੀਮਤ ਸਭ ਨੂੰ ਬਹੁਤ ਬਲਵਾਨ ਅਤੇ ਧੜੱਲੇਦਾਰ ਨਜ਼ਰ ਆਈ।

ਨਾਜਾਇਜ਼ ਜਾਂ ਵਰਜਿਤ ਜਿਨਸੀ ਸਬੰਧਾਂ ਬਾਬਤ ਕਈ ਘਟਨਾਵਾਂ ਮੈਂ ਨੇੜਿਓਂ ਤੱਕੀਆਂ ਹਨ। ਕੁਝ ਵਿਅਕਤੀਆਂ ਨੇ ਖੂਬਸੂਰਤ ਮੋੜ ਦੇ ਕੇ ਇਨ੍ਹਾਂ ਨੂੰ ਸੁਲਝਾ ਲਿਆ ਤੇ ਕਈਆਂ ਨੇ ਇਨ੍ਹਾਂ ਨੂੰ ਬਣਾਈ ਰੱਖ ਕੇ ਘਰ ਬਰਬਾਦ ਕਰ ਲਏ।

ਪਤੀ-ਪਤਨੀ ਦਾ ਸਬੰਧ ਇਕ ਨਿਰਾਲੀ ਖੇਡ ਹੈ। ਮੇਰੇ ਵਾਕਿਫਾਂ ਵਿਚੋਂ ਬਹੁਤ ਜੋੜੇ ਇਕ ਦੂਜੇ ਲਈ ਵਫ਼ਾਦਾਰ ਹਨ। ਉਹ ਸੁਖਾਵੀਂ ਅਤੇ ਸੁਧਰੀ ਜ਼ਿੰਦਗੀ ਬਸਰ ਕਰ ਰਹੇ ਹਨ। ਫੇਰ ਵੀ ਹਰ ਪਤਨੀ ਨੂੰ ਆਪਣਾ ਪਤੀ ਥੋੜ੍ਹਾ ਬਹੁਤ ਸਹਿਜ ਵਿਹੂਣਾ ਨਜ਼ਰ ਆਉਂਦਾ ਹੈ। ਇਕ ਗੱਲ ਯਾਦ ਆ ਗਈ। ਮੇਰੇ ਸ਼ੁਭ ਚਿੰਤਕ, ਮੈਥੋਂ ਕਾਫ਼ੀ ਸੀਨੀਅਰ ਅਤੇ ਬਹੁਤ ਸੂਝਵਾਨ ਪ੍ਰੋਫੈਸਰ ਕੋਲੋਂ ਮੈਂ ਇਕ ਕਿਤਾਬ ਲੈਣ ਚਲਾ ਗਿਆ। ਉਹ ਬਹੁਤ ਖੁਸ਼ ਹੋਏ। ਉਚੀ ਆਵਾਜ਼ ਵਿਚ ਉਨ੍ਹਾਂ ਆਪਣੀ ਪਤਨੀ ਨੂੰ ਸਤਿਕਾਰ ਨਾਲ ਪੁਕਾਰਿਆ ਅਤੇ ਚਾਹ ਬਣਾਉਣ ਲਈ ਕਿਹਾ। ਥੋੜ੍ਹੀ ਦੇਰ ਬਾਅਦ ਬੀਬੀ ਚਾਹ ਲੈ ਕੇ ਆ ਗਈ। ਪ੍ਰੋਫੈਸਰ ਸਾਹਿਬ ਕਿਤਾਬ ਭਾਲਣ ਲੱਗ ਗਏ। ਧੀਮੀ ਜਿਹੀ ਆਵਾਜ਼ ਵਿਚ ਬੀਬੀ ਮੇਰੇ ਕੰਨਾਂ ਕੋਲ ਮੂੰਹ ਕਰ ਕੇ ਕਹਿਣ ਲੱਗੀ 'ਇਨ੍ਹਾਂ ਨੇ ਧੁੱਪ ਵਿਚ ਹੀ ਵਾਲ ਸਫੈਦ ਕੀਤੇ ਹਨ। ਇਨ੍ਹਾਂ ਨੂੰ ਕਿਸੇ ਚੀਜ਼ ਦਾ ਪਤਾ ਨਹੀਂ'। ਮੈਨੂੰ ਬਾਅਦ ਵਿਚ ਪਤਾ ਲੱਗਿਆ ਕਿ ਉਹ ਬੀਬੀ ਕੋਰੀ ਅਨਪੜ੍ਹ ਸੀ।

ਔਰਤਾਂ ਦੀਆਂ ਇਨ੍ਹਾਂ ਵਿਸ਼ੇਸ਼ਤਾਈਆਂ ਅਤੇ ਨਾਲ ਹੀ ਕੁਝ ਚਤਰਾਈਆਂ ਦੇਖਣ ਪਿੱਛੋਂ ਮਰਦ ਔਰਤ ਦੇ ਸਬੰਧਾਂ ਨੂੰ ਢੁਕਵੇਂ ਸ਼ਬਦਾਂ ਵਿਚ ਬਿਆਨ ਕਰਨ ਲਈ ਮੈਨੂੰ ਅਸਮਰੱਥਾ ਮਹਿਸੂਸ ਹੋਈ। ਕੁਦਰਤ ਦੀ ਕਮਾਲ!

ਸ਼ਿਵ ਕੁਮਾਰ ਬਟਾਲਵੀ ਨੇ ਤਾਰਿਆਂ ਤੋਂ ਜ਼ਮੀਨ 'ਤੇ ਆ ਕੇ ਮੇਰੇ ਮੋਢਿਆਂ 'ਤੇ ਹੱਥ ਰੱਖ ਦਿੱਤੇ। ਉਸ ਨੂੰ ਨਰ ਨਾਰੀ ਦੇ ਸਬੰਧਾਂ ਦਾ ਰੱਬੀ ਅਲਹਾਮ ਸੀ। ਜੋਬਨ ਰੁੱਤੀਂ ਮਰਨ ਤੋਂ ਪਹਿਲਾਂ ਹੀ ਬਿਆਨ ਕਰ ਗਿਆ। ਮੈਂ ਨੱਬਿਆਂ ਸਾਲਾਂ ਵਿਚ ਮਹਿਸੂਸ ਕੀਤਾ। ਉਹ ਤਾਂ ਇਕ ਫਕੀਰ ਅਤੇ ਨਦੀਓਂ ਵਿਛੜਿਆ ਨੀਰ ਸੀ। ਸ਼ਰਾਬ ਦੀ ਚੰਦਰੀ ਆਦਤ ਨੇ ਸਾਡੇ ਕੋਲੋਂ ਇਕ ਹੀਰਾ ਭਰ ਜਵਾਨੀ ਖੋਹ ਲਿਆ। ਮੇਰੇ ਜਜ਼ਬਾਤ ਦੀ ਤਰਜਮਾਨੀ ਉਸ ਦੇ ਇਹ ਸ਼ਬਦ ਕਰਦੇ ਹਨ:

ਇਸ ਧਰਤੀ 'ਤੇ ਹਰ ਨਾਰੀ ਹੀ ਲੂਣਾ ਹੈ
ਹਰ ਨਾਰੀ ਦਾ ਨਰ ਸੂਹਜ ਵਿਹੂਣਾ ਹੈ
ਹਰ ਨਾਰੀ ਦਾ ਬੁੱਤ ਮੁਹੱਬਤੋਂ ਊਣਾ ਹੈ
ਪਿਆਰ ਘਾਟ ਦਾ ਹਰ ਘਰ ਵਿਚ ਟੂਣਾ ਹੈ..।

ਜੇ ਕਿਸੇ ਪਾਠਕ ਨੇ ਲੂਣਾ ਨਹੀਂ ਪੜ੍ਹੀ ਤਾਂ ਜ਼ਰੂਰ ਪੜ੍ਹੇ।

ਸਾਹਿਤ ਵੱਲ ਮੇਰੀ ਰੁਚੀ ਤਾਂ ਹੈ ਪਰ ਛੇਤੀ ਥੱਕਣ ਵਾਲਾ ਹੋਣ ਕਰਕੇ ਓਨਾ ਕੁਝ ਪੜ੍ਹ ਨਾ ਸਕਿਆ, ਜਿੰਨਾ ਮੈਨੂੰ ਸ਼ੌਕ ਸੀ। ਫੇਰ ਵੀ ਚੰਗੀਆਂ ਕਹਾਣੀਆਂ ਵਾਲੀਆਂ ਕੁਝ ਕਿਤਾਬਾਂ ਪੜ੍ਹੀਆਂ। ਪਤਾ ਨਹੀਂ ਇਕ ਨੁਕਤਾ ਕਿਸੇ ਵੀ ਆਲੋਚਕ ਨੇ ਕਦੇ ਕਿਉਂ ਨਹੀਂ ਉਠਾਇਆ। ਕਈ ਕਹਾਣੀਆਂ ਨੂੰ ਅਸਰਦਾਰ

***(ਬਾਕੀ ਅਗਲੇ ਸਫੇ 'ਤੇ)***

# ਸੰਤ ਲੌਂਗੋਵਾਲ ਦੀ ਜਾਨ ਦਾ ਖੌਅ ਬਣੇ ਪੰਜਾਬ ਸਮਝੌਤੇ ਦੀ ਪਿਛਲੀ ਕਹਾਣੀ

**40ਵੀਂ ਬਰਸੀ 'ਤੇ ਵਿਸ਼ੇਸ਼**

**ਗੁਰਦਰਸ਼ਨ ਸਿੰਘ ਬਾਹੀਆ**
**ਫੋਨ: 98789-50565**


20 ਅਗਸਤ 1985 ਨੂੰ ਮੈਂ ਸ੍ਰੀ ਦਰਬਾਰ ਸਾਹਿਬ ਵਿਚ ਯੂਨਾਈਟਡ ਅਕਾਲੀ ਦਲ ਦੇ ਦਫ਼ਤਰ ਬੈਠਾ ਸੀ, ਜਦੋਂ ਬਾਅਦ ਦੁਪਹਿਰ ਮੈਨੂੰ ਯੂ.ਐਨ.ਆਈ. ਦੇ ਪੱਤਰਕਾਰ ਦੋਸਤ ਜਸਪਾਲ ਸਿੰਘ ਸਿੱਧੂ ਦਾ ਟੈਲੀਫੋਨ ਆਇਆ। ਉਨ੍ਹਾਂ ਦਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸ਼ੇਰਪੁਰ ਵਿਚ ਗੋਲੀਆਂ ਮਾਰ ਦਿੱਤੀਆਂ ਹਨ, ਇਸ ਲਈ ਮੈਂ ਤੁਰੰਤ ਉਸ ਦੇ ਘਰ ਪਹੁੰਚ ਜਾਵਾਂ ਕਿਉਂਕਿ ਕਿਸੇ ਸਮੇਂ ਵੀ ਪੁਲੀਸ ਸ੍ਰੀ ਦਰਬਾਰ ਸਾਹਿਬ ਵਿਚ ਦਾਖ਼ਲ ਹੋ ਸਕਦੀ ਹੈ। ਉਨ੍ਹਾਂ ਦਿਨਾਂ ਵਿਚ ਮੈਂ ਬਾਬਾ ਜੋਗਿੰਦਰ ਸਿੰਘ ਦੀ ਅਗਵਾਈ ਵਾਲੇ ਯੂਨਾਈਟਡ ਅਕਾਲੀ ਦਲ ਦੇ ਦਫ਼ਤਰ ਸਕੱਤਰ ਵਜੋਂ ਸੇਵਾ ਨਿਭਾਅ ਰਿਹਾ ਸਾਂ।

ਇਹ ਗੱਲ ਜੱਗ ਜ਼ਾਹਰ ਸੀ ਕਿ ਸੰਤ ਲੌਂਗੋਵਾਲ ਦਾ ਕਤਲ ਸਿੱਖ ਖਾੜਕੂਆਂ ਨੇ ਕੀਤਾ ਸੀ, ਜੋ ਉਸ ਵਲੋਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਕੀਤੇ ਸਮਝੌਤੇ ਨੂੰ ਸਿੱਖ ਕੌਮ ਨਾਲ ਕੀਤੀ ਗਈ ਗਦਾਰੀ ਸਮਝਦੇ ਸਨ। ਆਖਰ ਸੰਤ ਲੌਂਗੋਵਾਲ ਦੀ ਜਾਨ ਦਾ ਖੌਅ ਬਣਿਆ 'ਪੰਜਾਬ ਸਮਝੌਤਾ' ਕੀ ਸੀ? ਕਿਵੇਂ ਨੇਪਰੇ ਚੜ੍ਹਿਆ? ਇਹ ਜਾਣਨ ਲਈ ਉਸ ਸਮੇਂ ਪਰਦੇ ਪਿੱਛੇ ਵਾਪਰੀਆਂ ਘਟਨਾਵਾਂ ਨੂੰ ਫਰੋਲਣਾ ਪਵੇਗਾ।

1984 ਦੀ ਲੋਕ ਸਭਾ ਚੋਣ ਵਿਚ ਵੱਡੀ ਬਹੁਗਿਣਤੀ ਨਾਲ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਰਾਜੀਵ ਗਾਂਧੀ ਨੇ ਪੰਜਾਬ ਮਸਲੇ ਦਾ ਹੱਲ ਕੱਢਣ ਦੇ ਯਤਨ ਕਰਨੇ ਸ਼ੁਰੂ ਕਰ ਦਿੱਤੇ ਸਨ। ਸੀਨੀਅਰ ਕਾਂਗਰਸੀ ਆਗੂ ਤੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਰਜਨ ਸਿੰਘ ਦੀ ਪੰਜਾਬ ਦੇ ਰਾਜਪਾਲ ਵਜੋਂ ਨਿਯੁਕਤੀ ਇਨ੍ਹਾਂ ਹੀ ਯਤਨਾਂ ਦੀ ਇਕ ਕੜੀ ਸੀ। ਇਸ ਤੋਂ ਪਹਿਲਾਂ ਉਹ 1983 ਵਿਚ ਫੂਲਾਂ ਦੇਵੀ ਅਤੇ ਉਸ ਦੇ ਸਾਥੀਆਂ ਵਲੋਂ ਆਤਮ ਸਮੱਰਪਣ ਕਰਵਾ ਕੇ ਇਕ ਸਫ਼ਲ ਰਣਨੀਤੀਕਾਰ ਵਜੋਂ ਆਪਣੀ ਭੱਲ ਬਣਾ ਚੁੱਕਿਆ ਸੀ। ਸਮਝੌਤੇ ਲਈ ਸਾਜ਼ਗਾਰ ਮਾਹੌਲ ਤਿਆਰ ਕਰਨ ਲਈ ਪਹਿਲਾਂ ਸ੍ਰੀ ਦਰਬਾਰ ਸਾਹਿਬ ਉਤੇ ਹੋਏ ਫ਼ੌਜੀ ਹਮਲੇ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਅਕਾਲੀ ਲੀਡਰ ਰਿਹਾਅ ਕੀਤੇ ਗਏ, ਵਿਸ਼ੇਸ਼ ਅਦਾਲਤਾਂ ਭੰਗ ਕੀਤੀਆਂ ਗਈਆਂ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਉਤੇ ਲਾਈ ਗਈ ਪਾਬੰਦੀ ਹਟਾਈ ਗਈ।

ਅਰਜਨ ਸਿੰਘ ਦੀ ਸਲਾਹ ਉਤੇ ਰਾਜੀਵ ਗਾਂਧੀ 23 ਮਾਰਚ 1985 ਨੂੰ ਹੁਸੈਨੀਵਾਲਾ ਵਿਖੇ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਆਏ, ਜਿਥੇ ਉਸ ਨੇ ਬਹੁਤ ਹੀ ਨਪੇ-ਤੁਲੇ ਸ਼ਬਦਾਂ ਵਿਚ ਮੁਲਕ ਨੂੰ ਆਜ਼ਾਦ ਕਰਾਉਣ ਅਤੇ ਅੰਨ ਵਿਚ ਆਤਮ ਨਿਰਭਰ ਬਣਾਉਣ ਵਿਚ ਪੰਜਾਬੀਆਂ ਖਾਸ ਕਰ ਕੇ ਸਿੱਖਾਂ ਦੇ ਰੋਲ ਦੀ ਭਰਪੂਰ ਸ਼ਲਾਘਾ ਕੀਤੀ। ਉਸ ਤੋਂ ਕੁਝ ਹੀ ਦਿਨਾਂ ਬਾਅਦ 13 ਅਪ੍ਰੈਲ 1985 ਨੂੰ ਅਰਜਨ ਸਿੰਘ ਦੇ ਸੱਦੇ ਉਤੇ ਕਰਨਾਟਕ ਦੇ ਮੁੱਖ ਮੰਤਰੀ ਰਾਮ ਕ੍ਰਿਸ਼ਨ ਹੈਗੜੇ, ਐਨ.ਟੀ. ਰਾਮਾ ਰਾ" ਦੇ ਨੁਮਾਇੰਦੇ ਮਾਧਵ ਰੈਡੀ ਅਤੇ ਸਿਕਮ ਦੇ ਮੁੱਖ ਮੰਤਰੀ ਐਨ.ਆਰ. ਭੰਡਾਰੀ ਵਰਗੇ ਕੌਮੀ ਨੇਤਾਵਾਂ ਨੇ ਵੀ ਸ਼ਹੀਦਾਂ ਨੂੰ ਸ਼ਰਧਾਜਲੀ ਭੇਟ ਕਰਨ ਦੇ ਨਾਲ ਨਾਲ ਪੰਜਾਬੀਆਂ ਦੀ ਰੱਜ ਕੇ ਤਾਰੀਫ਼ ਕੀਤੀ। ਐਨ.ਆਰ. ਭੰਡਾਰੀ ਨੇ ਤਾਂ ਇਥੋਂ ਤੱਕ ਵੀ ਕਿਹਾ ਕਿ ਅੰਮ੍ਰਿਤਸਰ ਤੋਂ ਬਿਨਾਂ ਹਿੰਦੋਸਤਾਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਅਰਜਨ ਸਿੰਘ ਨੇ ਇਸ ਤੋਂ ਬਾਅਦ ਬਹੁਤ ਹੀ ਸੋਚ ਸਮਝ ਕੇ ਬਣਾਈ ਰਣਨੀਤੀ ਤਹਿਤ ਦੋ ਸੀਨੀਅਰ ਅਕਾਲੀ ਆਗੂਆਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਪ੍ਰਕਾਸ਼ ਸਿੰਘ ਬਾਦਲ ਨੂੰ ਪਾਸੇ ਰੱਖ ਕੇ ਦੋ ਜੂਨੀਅਰ ਅਕਾਲੀ ਆਗੂਆਂ ਸੁਰਜੀਤ ਸਿੰਘ ਬਰਨਾਲਾ ਅਤੇ ਬਲਵੰਤ ਸਿੰਘ ਰਾਹੀਂ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਰਾਬਤਾ ਬਣਾਉਣਾ ਸ਼ੁਰੂ ਕੀਤਾ। ਇਨ੍ਹਾਂ ਤਿੰਨਾਂ ਨੂੰ ਮਾਨਿਸਕ ਤੌਰ ਉਤੇ ਤਿਆਰ ਕਰ ਕੇ ਉਸ ਨੇ ਰਾਜੀਵ ਗਾਂਧੀ ਤੋਂ ਸੰਤ ਲੌਂਗੋਵਾਲ ਨੂੰ ਪੰਜਾਬ ਮਸਲੇ ਦੇ ਹੱਲ ਲਈ ਮੀਟਿੰਗ ਦਾ ਸੱਦਾ ਦੇਣ ਵਾਲੀ ਚਿੱਠੀ ਲਿਖਵਾਈ। ਇਸ ਸੱਦੇ ਉਤੇ ਵਿਚਾਰ ਕਰਨ ਲਈ ਸੰਤ ਲੌਂਗੋਵਾਲ ਨੇ 5 ਜੁਲਾਈ 1985 ਨੂੰ ਅਨੰਦਪੁਰ ਸਾਹਿਬ ਵਿਖੇ ਮੀਟਿੰਗ ਬੁਲਾਈ, ਜਿਸ ਵਿਚ ਉਨ੍ਹਾਂ ਤੋਂ ਬਿਨਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ ਅਤੇ ਬਲਵੰਤ ਸਿੰਘ ਸ਼ਾਮਲ ਹੋਏ। ਜਥੇਦਾਰ ਟੌਹੜਾ ਅਤੇ ਬਾਦਲ ਨੇ ਇਹ ਕਹਿ ਕੇ ਗੱਲਬਾਤ ਸ਼ੁਰੂ ਕਰਨ ਦਾ ਵਿਰੋਧ ਕੀਤਾ ਕਿ ਜੋਧਪੁਰ ਦੇ ਬੰਦੀਆਂ ਅਤੇ ਸ੍ਰੀ ਦਰਬਾਰ ਸਾਹਿਬ ਉਤੇ ਕੀਤੇ ਗਏ ਫ਼ੌਜੀ ਹਮਲੇ ਦੇ ਰੋਸ ਵਜੋਂ ਬੈਰਕਾਂ ਛੱਡਣ ਵਾਲੇ ਧਰਮੀ ਫ਼ੌਜ਼ੀਆਂ ਦੀਆਂ ਰਿਹਾਈਆਂ ਤੋਂ ਬਾਅਦ ਹੀ ਗੱਲਬਾਤ ਸ਼ੁਰੂ ਹੋ ਸਕਦੀ ਹੈ, ਜਦੋਂ ਕਿ ਬਰਨਾਲਾ ਅਤੇ ਬਲਵੰਤ ਸਿੰਘ ਗੱਲਬਾਤ ਤੁਰੰਤ ਸ਼ੁਰੂ ਕਰਨ ਦੇ ਹੱਕ ਵਿਚ ਸਨ। ਅਖ਼ੀਰ ਫੈਸਲਾ ਹੋਇਆ ਕਿ ਸੰਤ ਲੌਂਗੋਵਾਲ ਵਲੋਂ ਰਾਜੀਵ ਗਾਂਧੀ ਨੂੰ ਚਿੱਠੀ ਲਿਖ ਕੇ ਇਨ੍ਹਾਂ ਸ਼ਰਤਾਂ ਸਬੰਧੀ ਦੱਸ ਦਿੱਤਾ ਜਾਵੇ।



ਸੰਤ ਲੌਂਗੋਵਾਲ ਦੀ ਇਸ ਚਿੱਠੀ ਦੇ ਜਵਾਬ ਵਿਚ ਰਾਜੀਵ ਗਾਂਧੀ ਨੇ ਸੰਤ ਲੌਂਗੋਵਾਲ ਨੂੰ ਦੂਜੀ ਚਿੱਠੀ ਲਿਖੀ, ਜੋ ਉਨ੍ਹਾਂ ਨੇ 20 ਜੁਲਾਈ 1985 ਨੂੰ ਮੌੜ ਮੰਡੀ ਦੀ ਅਕਾਲੀ ਕਾਨਫਰੰਸ ਮੌਕੇ ਜਥੇਦਾਰ ਟੌਹੜਾ ਨੂੰ ਵਿਖਾਈ। ਇਸ ਵਿਚ ਲਿਖਿਆ ਗਿਆ ਸੀ ਕਿ ਤੁਸੀਂ ਗੱਲਬਾਤ ਲਈ ਆਓ, ਪਹਿਲਾਂ ਤੁਹਾਡੇ ਵਲੋਂ ਦੱਸੇ ਗਏ ਮਸਲੇ ਵਿਚਾਰ ਲਵਾਂਗੇ। ਅੰਗਰੇਜ਼ੀ ਵਿਚ ਲਿਖੀ ਇਸ ਚਿੱਠੀ ਨੂੰ ਪੜ੍ਹ ਕੇ ਜਥੇਦਾਰ ਟੌਹੜਾ ਨੇ ਸੰਤ ਲੌਂਗੋਵਾਲ ਨੂੰ ਕਿਹਾ, 'ਗੱਲ ਤਾਂ ਉਥੇ ਹੀ ਖੜੀ ਹੈ। ਤੁਸੀਂ ਇਸ ਚਿੱਠੀ ਦੇ ਜਵਾਬ ਵਿਚ ਇਕ ਹੋਰ ਚਿੱਠੀ ਲਿਖ ਦਿਉ ਕਿ ਜਦੋਂ ਤੱਕ ਸਾਡਾ ਇਕ ਵੀ ਬੰਦਾ ਜੇਲ੍ਹ ਵਿਚ ਹੈ ਉਸ ਵੇਲੇ ਤੱਕ ਮੈਂ ਗੱਲਬਾਤ ਲਈ ਨਹੀਂ ਆ ਸਕਦਾ।'

ਸੰਤ ਲੌਂਗੋਵਾਲ ਨੇ ਇਸ ਮਾਮਲੇ ਉਤੇ ਵਿਚਾਰ ਕਰਨ ਲਈ 23 ਜੁਲਾਈ 1985 ਨੂੰ ਚੰਡੀਗੜ੍ਹ ਦੇ 5 ਸੈਕਟਰ ਵਿਚਲੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਚ ਮੀਟਿੰਗ ਬੁਲਾ ਲਈ। ਮੀਟਿੰਗ ਤੋਂ ਪਹਿਲਾਂ ਜਦੋਂ ਬਾਦਲ, ਬਰਨਾਲਾ ਅਤੇ ਬਲਵੰਤ ਸਿੰਘ ਦੀ ਉਡੀਕ ਹੋ ਰਹੀ ਸੀ ਤਾਂ ਸੰਤ ਲੌਂਗੋਵਾਲ ਤੇ ਜਥੇਦਾਰ ਟੌਹੜਾ ਦੇ ਨਾਲ ਬੈਠੇ ਪ੍ਰੇਮ ਸਿੰਘ ਚੰਦੂਮਾਜਾਰਾ ਨੇ ਸਰਸਰੀ ਹੋ ਰਹੀਆਂ ਗੱਲਾਂ ਵਿਚ ਕਿਹਾ ਕਿ ਦਿੱਲੀ ਨਾਲ ਗੱਲਬਾਤ ਕਰਨ ਤੋਂ ਪਹਿਲਾਂ ਨੌਜਵਾਨਾਂ ਤੇ ਫ਼ੌਜ਼ੀਆਂ ਨੂੰ ਰਿਹਾਅ ਕਰਾਉਣ ਦੀ ਸ਼ਰਤ ਤਾਂ ਲਾਉਣੀ ਹੀ ਚਾਹੀਦੀ ਹੈ। ਅਕਸਰ ਸ਼ਾਂਤ ਰਹਿਣ ਵਾਲੇ ਸੰਤ ਲੌਂਗੋਵਾਲ ਨੇ ਬਹੁਤ ਹੀ ਗੁੱਸੇ ਨਾਲ ਪ੍ਰੋ. ਚੰਦੂਮਾਜਰਾ ਨੂੰ ਕਿਹਾ, 'ਤੂੰ ਚੁੱਪ ਰਹਿ, ਕਿਉਂਕਿ ਤੈਨੂੰ ਨਾ ਕਿਸੇ ਗੱਲ ਦਾ ਪਤਾ ਹੈ ਤੇ ਨਾ ਹੀ ਕੋਈ ਸੂਝ ਹੈ।' ਜਥੇਦਾਰ ਟੋਹੜਾ ਨੇ ਮਾਹੌਲ ਨੂੰ ਠੀਕ ਕਰਨ ਲਈ ਚੰਦੂਮਾਜਰਾ ਨੂੰ ਇਸ਼ਾਰਾ ਕਰ ਕੇ ਕਮਰੇ ਵਿਚੋਂ ਬਾਹਰ ਭੇਜ ਦਿੱਤਾ।

ਜਦੋਂ ਮੀਟਿੰਗ ਸ਼ੁਰੂ ਹੋਈ ਤਾਂ ਜਥੇਦਾਰ ਟੌਹੜਾ ਅਤੇ ਬਾਦਲ ਨੇ ਫਿਰ ਇਹੀ ਦਲੀਲ ਦਿੱਤੀ ਕਿ ਨੌਜਵਾਨਾਂ ਦੀਆਂ ਰਿਹਾਈਆਂ ਤੋਂ ਬਾਅਦ ਹੀ ਗੱਲਬਾਤ ਲਈ ਜਾਇਆ ਜਾਵੇ। ਇਸ ਸਬੰਧੀ ਰਾਜੀਵ ਗਾਂਧੀ ਨੂੰ ਚਿੱਠੀ ਲਿਖ ਦਿੱਤੀ ਜਾਵੇ। ਪਰ ਬਲਵੰਤ ਸਿੰਘ, ਜਿਹੜਾ ਬਰਨਾਲਾ ਵਾਂਗ ਹੀ ਗੱਲਬਾਤ ਤੁਰੰਤ ਸ਼ੁਰੂ ਕਰਨ ਦੇ ਹੱਕ ਵਿਚ ਸੀ, ਨੇ ਆਪਣੀ ਫਾਈਲ ਵਿਚੋਂ ਸਮਝੌਤੇ ਦਾ ਖਰੜਾ ਕੱਢ ਕੇ ਪੜ੍ਹਨਾ ਸ਼ੁਰੂ ਕਰ ਦਿੱਤਾ। ਇਹ ਬਿਲਕੁਲ ਉਹੀ ਖਰੜਾ ਸੀ ਜਿਹੜਾ ਬਾਅਦ ਵਿਚ ਰਾਜੀਵ-ਲੌਂਗੋਵਾਲ ਸਮਝੌਤੇ ਦੇ ਰੂਪ ਵਿਚ ਸਾਹਮਣੇ ਆਇਆ। ਇਸ ਖਰੜੇ ਦੀ ਇਕੱਲੀ-ਇਕੱਲੀ ਮੱਦ ਉਤੇ ਬਹਿਸ ਹੋਈ, ਜਿਸ ਨੂੰ ਜਥੇਦਾਰ ਟੌਹੜਾ ਅਤੇ ਬਾਦਲ ਰੱਦ ਕਰਦੇ ਰਹੇ। ਉਨ੍ਹਾਂ ਨੇ ਚੰਡੀਗੜ੍ਹ ਨੂੰ 26 ਜਨਵਰੀ 1986 ਨੂੰ ਪੰਜਾਬ ਨੂੰ ਦੇਣ ਦੀ ਮੱਦ ਉਤੇ ਕਿੰਤੂ ਕਰਦਿਆਂ ਕਿਹਾ ਕਿ ਸਾਰਾ ਇੰਡਸਟਰੀਅਲ ਏਰੀਆ, ਸ੍ਰੀ ਗੁਰੂ ਗੋਬਿੰਦ ਸਿੰਘ ਸਮੇਤ ਸਾਰਾ 26 ਸੈਕਟਰ ਅਤੇ ਮਨੀਮਾਜਰੇ ਦਾ ਪੂਰਾ ਜੰਗਲ ਹਰਿਆਣਾ ਨੂੰ ਦੇ ਦਿੱਤਾ ਜਾਣਾ ਹੈ। ਅਖ਼ੀਰ ਸੰਤ ਲੌਂਗੋਵਾਲ ਨੇ ਗੱਲਬਾਤ ਲਈ ਨਾ ਜਾਣ ਅਤੇ ਚਿੱਠੀ ਲਿਖਣ ਦਾ ਫੈਸਲਾ ਕਰ ਦਿੱਤਾ।

ਜਥੇਦਾਰ ਟੌਹੜਾ ਨੇ ਸੰਤ ਲੌਂਗੋਵਾਲ ਨੂੰ ਸੁਝਾਅ ਦਿੱਤਾ ਕਿ ਪੰਜਾਬੀ ਵਿਚ ਲਿਖੀ ਜਾਣ ਵਾਲੀ ਚਿੱਠੀ ਵਿਚ ਸਪਸ਼ਟ ਸ਼ਬਦਾਂ ਵਿਚ ਰਾਜੀਵ ਗਾਂਧੀ ਨੂੰ ਇਹ ਲਿਖਿਆ ਜਾਵੇ ਕਿ ਹਕੀਕੀ ਫੈਡਰਲ ਢਾਂਚੇ ਦੇ ਮੁਦੱਈ ਅਨੰਦਪੁਰ ਦੇ ਮਤੇ ਨੂੰ ਪੂਰੇ ਮੁਲਕ ਵਿਚ ਖਾਲਿਸਤਾਨ ਵਜੋਂ ਭੰਡ ਕੇ ਉਸ ਵਲੋਂ ਬਹੁਤ ਵੱਡੇ ਬਹੁਮੱਤ ਨਾਲ ਬਣਾਈ ਗਈ ਸਰਕਾਰ ਜੇ ਸਿੱਖ ਕੈਦੀ ਵੀ ਨਹੀਂ ਛੱਡ ਸਕਦੀ ਤਾਂ ਅਸੀਂ ਗੱਲਬਾਤ ਲਈ ਨਹੀਂ ਆ ਸਕਦੇ। ਬਲਵੰਤ ਸਿੰਘ ਸੰਤ ਲੌਂਗੋਵਾਲ ਨੂੰ ਕਹਿਣ ਲੱਗਿਆ, 'ਮੈਂ ਅਕਾਲੀ ਪਾਰਟੀ ਦੇ ਕੰਮ ਲਈ ਪੰਜਾਬੀ ਦਾ ਟਾਈਪ ਰਾਈਟਰ ਤੇ ਟਾਈਪਿਸਟ ਰੱਖਿਆ ਹੋਇਆ ਹੈ, ਮੈਂ ਚਿਠੀ ਲਿਖਵਾ ਦਿੰਦਾ ਹਾਂ ਤੁਸੀਂ ਜਾਂਦੇ ਜਾਂਦੇ ਦਸਤਖ਼ਤ ਕਰ ਜਾਇਓ"।' ਮੀਟਿੰਗ ਖਤਮ ਹੋਣ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਅਮਰ ਸਿੰਘ ਦੋਸਾਂਝ ਦੇ ਬਰਸੀ ਸਮਾਗਮ ਵਿਚ ਸ਼ਾਮਲ ਹੋਣ ਲਈ ਦੋਸਾਂਝ ਪਿੰਡ ਚਲੇ ਗਏ ਤੇ ਜਥੇਦਾਰ ਟੌਹੜਾ ਕਈ ਥਾਵਾਂ ਉਤੇ ਘੁੰਮਦੇ-ਘੁਮਾਉਂਦੇ ਸ਼ਾਮ ਨੂੰ ਪਿੰਡ ਆ ਗਏ।

ਜਥੇਦਾਰ ਟੌਹੜਾ ਨੇ ਆਪਣੀ ਆਦਤ ਅਨੁਸਾਰ ਸ਼ਾਮ ਨੂੰ ਅਕਾਸ਼ਵਾਣੀ ਚੰਡੀਗੜ੍ਹ ਤੋਂ 6.10 ਵਜੇ ਵਾਲੀਆਂ ਪ੍ਰਦੇਸ਼ਕ ਖਬਰਾਂ ਸੁਨਣ ਲਈ ਰੇਡੀ" ਲਾਇਆ ਤਾਂ ਪਹਿਲੀ ਖ਼ਬਰ ਸੀ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਪੰਜਾਬ ਮਸਲੇ ਦੇ ਹੱਲ ਲਈ ਰਾਜੀਵ ਗਾਂਧੀ ਨਾਲ ਕੱਲ 25 ਜੁਲਾਈ ਨੂੰ ਸਵੇਰੇ 9 ਵਜੇ ਮੀਟਿੰਗ ਕਰਨ ਲਈ ਦਿੱਲੀ ਪਹੁੰਚ ਗਏ ਹਨ। ਅਜੇ ਇਹ ਖ਼ਬਰਾਂ ਚੱਲ ਹੀ ਰਹੀਆਂ ਸਨ ਕਿ ਇਕ ਵਿਸ਼ੇਸ਼ ਏਲਚੀ ਜਥੇਦਾਰ ਟੌਹੜਾ ਨੂੰ ਸੰਤ ਲੌਂਗੋਵਾਲ ਦੇ ਹੱਥੀਂ ਲਿਖਿਆ ਇਕ ਲਾਈਨ ਦਾ ਰੁੱਕਾ ਦੇ ਗਿਆ, ਜਿਸ ਵਿਚ ਉਨ੍ਹਾਂ ਨੂੰ ਕੱਲ ਸਵੇਰੇ 8 ਵਜੇ ਤੱਕ ਦਿੱਲੀ ਵਿਚ ਅਕਾਲੀ ਆਗੂ ਪਰਮਜੀਤ ਸਿੰਘ ਸਰਨਾ ਦੇ ਘਰ ਪਹੁੰਚਣ ਲਈ ਕਿਹਾ ਗਿਆ ਸੀ। ਪਰ ਜਥੇਦਾਰ ਟੌਹੜਾ ਇਹ ਸੋਚ ਕੇ ਦਿੱਲੀ ਨਹੀਂ ਗਏ ਕਿ ਹੁਣ ਸੰਤ ਲੌਂਗੋਵਾਲ ਨੇ ਰੁਕਣਾ ਤਾਂ ਹੈ ਨਹੀਂ।

ਦਰਅਸਲ ਜਥੇਦਾਰ ਟੌਹੜਾ ਅਤੇ ਪ੍ਰਕਾਸ਼ ਸਿੰਘ ਬਾਦਲ ਨੂੰ ਮੀਟਿੰਗ ਵਿਚੋਂ ਤੋਰ ਕੇ ਜਦੋਂ ਸੰਤ ਲੌਂਗੋਵਾਲ ਬਲਵੰਤ ਸਿੰਘ ਦੇ 27 ਸੈਕਟਰ ਸਥਿਤ ਘਰ ਪਹੁੰਚੇ ਤਾਂ ਉਸੇ ਵੇਲੇ ਪੰਜਾਬ ਦੇ ਰਾਜਪਾਲ ਅਰਜਨ ਸਿੰਘ ਆਪਣੀ ਨਿੱਜੀ ਕਾਰ ਵਿਚ ਉਥੇ ਪਹੁੰਚ ਗਏ। ਸੁਰਜੀਤ ਸਿੰਘ ਬਰਨਾਲਾ ਪਹਿਲਾਂ ਹੀ ਉਥੇ ਸੀ। ਇਨ੍ਹਾਂ ਤਿੰਨਾਂ ਨੇ ਰਲ ਕੇ ਸੰਤ ਲੌਂਗੋਵਾਲ ਨੂੰ ਦਿੱਲੀ ਰਾਜੀਵ ਗਾਂਧੀ ਨਾਲ ਮੁਲਾਕਾਤ ਲਈ ਮਨਾਇਆ। ਸ਼ੁਰੂ ਵਿਚ ਸੰਤ ਲੌਂਗੋਵਾਲ ਨਹੀਂ ਮੰਨੇ, ਪਰ ਇਨ੍ਹਾਂ ਵਲੋਂ ਬਹੁਤੀਆਂ ਦਲੀਲਾਂ ਦੇਣ ਉਤੇ ਉਠ ਕੇ ਬਲਵੰਤ ਸਿੰਘ ਦੇ ਘਰ ਵਿਚ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੁਕਮਨਾਮਾ ਲੈਣ ਚਲੇ ਗਏ। ਉਥੋਂ ਆ ਕੇ ਸੰਤ ਲੌਂਗੋਵਾਲ ਨੇ ਦਿੱਲੀ ਜਾਣ ਲਈ ਆਪਣੀ ਰਜ਼ਾਮੰਦੀ ਦੇ ਦਿੱਤੀ। ਪਹਿਲਾਂ ਹੀ ਤਿਆਰ ਕੀਤੇ ਗਏ 'ਪੰਜਾਬ ਸਮਝੌਤੇ' ਦੇ ਖਰੜੇ ਨੂੰ ਆਖ਼ਰੀ ਛੋਹ ਦਿੱਤੀ ਗਈ। ਸਮਝੌਤੇ ਦੇ ਇਸ ਖਰੜੇ ਨੂੰ ਤਿਆਰ ਕਰਨ ਅਤੇ ਸੰਤ ਲੌਂਗੋਵਾਲ ਨੂੰ ਮਨਾਉਣ ਵਿਚ ਪੰਜਾਬ ਯੂਨੀਵਰਸਿਟੀ ਦੇ ਪ੍ਰੋ. ਅਤਰ ਸਿੰਘ ਤੇ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਨੇ ਵੀ ਆਪਣਾ ਯੋਗਦਾਨ ਪਾਇਆ। ਜਥੇਦਾਰ ਟੌਹੜਾ ਤੇ ਪ੍ਰਕਾਸ਼ ਸਿੰਘ ਬਾਦਲ ਨੂੰ ਦੂਜੇ ਦਿਨ ਸਵੇਰੇ ਦਿੱਲੀ ਪਹੁੰਚਣ ਦੇ ਲਿਖਤੀ ਸੁਨੇਹੇ ਦੇ ਕੇ ਸੰਤ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ ਤੇ ਬਲਵੰਤ ਸਿੰਘ ਨਾਲ ਦਿੱਲੀ ਚਲੇ ਗਏ।

24 ਜੁਲਾਈ 1985 ਨੂੰ ਰਾਜੀਵ ਗਾਂਧੀ ਅਤੇ ਸੰਤ ਲੌਂਗੋਵਾਲ ਦਰਮਿਆਨ ਸਮਝੌਤਾ ਸਹੀਬੰਦ ਹੋ ਗਿਆ। ਉਸ ਵੇਲੇ ਖਾੜਕੂਆਂ ਦੀ ਹਮਾਇਤ ਵਾਲੇ ਯੂਨਾਈਟਡ ਅਕਾਲੀ ਦਲ ਅਤੇ ਆਲ ਇੰਡਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਇਸ ਨੂੰ ਪੰਥ ਤੇ ਪੰਜਾਬ ਦੇ ਹਿਤਾਂ ਨਾਲ ਕੀਤੀ ਗਈ 'ਮੁਕੰਮਲ ਗਦਾਰੀ' ਕਹਿ ਕੇ ਰੱਦ ਕੀਤਾ। ਇਸ ਸਮਝੌਤੇ ਨੂੰ ਪ੍ਰਵਾਨ ਕਰਾਉਣ ਲਈ ਸੰਤ ਲੌਂਗੋਵਾਲ ਵਲੋਂ 26 ਜੁਲਾਈ 1985 ਨੂੰ ਅਨੰਦਪੁਰ ਸਾਹਿਬ ਵਿਚ ਬੁਲਾਈ ਗਈ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਜਥੇਦਾਰ ਟੌਹੜਾ ਅਤੇ ਸ੍ਰੀ ਬਾਦਲ ਨੇ ਜਦੋਂ ਸੰਤ ਲੌਂਗੋਵਾਲ ਨੂੰ ਪੁੱਛਿਆ ਕਿ ਫੈਸਲਾ ਤਾਂ ਚਿੱਠੀ ਲਿਖਣ ਦਾ ਹੋਇਆ ਸੀ ਤੁਸੀਂ ਸਮਝੌਤਾ ਕਰਨ ਕਿਉਂ ਚਲੇ ਗਏ। ਉਸ ਨੇ ਜਵਾਬ ਦਿੱਤਾ ਕਿ ਤੁਹਾਡੇ ਜਾਣ ਤੋਂ ਬਾਅਦ ਬਰਨਾਲਾ ਤੇ ਬਲਵੰਤ ਨੇ ਜਦੋਂ ਬਹੁਤ ਜ਼ੋਰ ਦਿੱਤਾ ਤਾਂ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਣ ਲਈ ਹੁਕਮਨਾਮਾ ਲਿਆ, ਜਿਸ ਦੀ ਭਾਵਨਾ ਅਨੁਸਾਰ ਮੈਂ ਦਿੱਲੀ ਜਾਣ ਦਾ ਫੈਸਲਾ ਕੀਤਾ। ਇਸ ਮੀਟਿੰਗ ਵਿਚ ਨਿਯਮਾਂ ਦੀ ਉਲੰਘਣਾ ਕਰ ਕੇ ਸੰਗਰੂਰ ਇਲਾਕੇ ਤੋਂ ਲਿਆਂਦੇ ਗਏ ਸੈਂਕੜੇ ਸਾਧਾਰਣ ਵਰਕਰ ਵੀ ਬੈਠੇ ਸਨ ਜਿਨ੍ਹਾਂ ਨੇ ਜਥੇਦਾਰ ਟੌਹੜਾ ਅਤੇ ਬਾਦਲ ਨਾਲ ਤਲਖ਼ਕਲਾਮੀ ਵੀ ਕੀਤੀ। ਇਨ੍ਹਾਂ ਦੋਹਾਂ ਆਗੂਆਂ ਦੀ ਸਖ਼ਤ ਵਿਰੋਧਤਾ ਦੇ ਬਾਵਜੂਦ ਵਰਕਿੰਗ ਕਮੇਟੀ ਵਿਚ ਬਹੁਸੰਮਤੀ ਨਾਲ ਇਸ ਸਮਝੌਤੇ ਨੂੰ ਪ੍ਰਵਾਨ ਕਰਨ ਦਾ ਮਤਾ ਪਾਸ ਕਰ ਦਿੱਤਾ ਗਿਆ।

ਅੰਮ੍ਰਿਤਸਰ ਜ਼ਿਲਾ ਅਕਾਲੀ ਜਥੇ ਦੀ 30 ਜੁਲਾਈ 1985 ਨੂੰ ਸ੍ਰੀ ਦਰਬਾਰ ਸਾਹਿਬ ਵਿਚ ਹੋਣ ਵਾਲੀ ਮੀਟਿੰਗ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਆਉਣ ਦਾ ਪਤਾ ਜਦੋਂ ਖਾੜਕੂ ਧਿਰਾਂ ਨੂੰ ਲੱਗਿਆ ਤਾਂ ਉਨ੍ਹਾਂ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ, ਦਮਦਮੀ ਟਕਸਾਲ ਅਤੇ ਯੂਨਾਈਟਿਡ ਅਕਾਲੀ ਦਲ ਰਾਹੀਂ ਸੰਤ ਲੌਂਗੋਵਾਲ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਦਾ ਪ੍ਰੋਗਰਾਮ ਉਲੀਕ ਲਿਆ। ਉਸ ਦਿਨ ਜਦੋਂ ਭਾਰੀ ਸੁਰੱਖਿਆ ਫੋਰਸ ਨਾਲ ਸੰਤ ਲੌਂਗੋਵਾਲ ਸ੍ਰੀ ਦਰਬਾਰ ਸਾਹਿਬ ਵਿਚ ਦਾਖ਼ਲ ਹੋਇਆ ਤਾਂ ਉਪਰੋਕਤ ਸਿੱਖ ਜਥੇਬੰਦੀਆਂ ਦੇ ਵਰਕਰਾਂ ਨੇ ਉਸ ਦਾ ਜ਼ਬਰਦਸਤ ਵਿਰੋਧ ਕੀਤਾ। ਉਨ੍ਹਾਂ ਨੇ 'ਸਿੱਖ ਪੰਥ ਦੇ ਤਿੰਨ ਗਦਾਰ-ਬਰਨਾਲਾ, ਬਲਵੰਤ ਤੇ ਲੌਂਗੋਵਾਲ' ਵਰਗੇ ਨਾਅਰੇ ਲਾਏ। ਇਨ੍ਹਾਂ ਦਾ ਅਕਾਲੀ ਦਲ ਵਲੋਂ ਵੱਡੀ ਗਿਣਤੀ ਵਿਚ ਲਿਆਂਦੇ ਗਏ ਬੰਦਿਆਂ ਨਾਲ ਹਿੰਸਕ ਟਕਰਾਅ ਹੋਇਆ, ਡਾਂਗਾਂ ਅਤੇ ਹਵਾ ਵਿਚ ਕੁਝ ਗੋਲੀਆਂ ਵੀ ਚੱਲੀਆਂ। ਸੰਤ ਲੌਂਗੋਵਾਲ ਥੋੜ੍ਹੀ ਦੇਰ ਤੋਂ ਬਾਅਦ ਜਦੋਂ ਹੀ ਸ੍ਰੀ ਦਰਬਾਰ ਸਾਹਿਬ ਵਿਚੋਂ ਨਿਕਲਿਆ ਤਾਂ ਪੰਜਾਬ ਪੁਲੀਸ ਤੇ ਸੀ.ਆਰ.ਪੀ. ਨੇ ਤੁਰੰਤ ਦਾਖ਼ਲ ਹੋ ਕੇ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਯੂਨਾਈਟਡ ਅਕਾਲੀ ਦਲ ਦੇ ਦਫ਼ਤਰਾਂ ਵਿਚੋਂ ਦਰਜਨਾਂ ਵਰਕਰਾਂ ਨੂੰ ਗ੍ਰਿਫਤਾਰ ਕਰ ਲਿਆ। ਸੀ.ਆਰ.ਪੀ. ਵਾਲੇ ਮੈਨੂੰ ਅਤੇ ਸੂਰਤ ਸਿੰਘ ਖਾਲਸਾ ਨੂੰ ਜਦੋਂ ਇਕ ਟਰੱਕ ਵਿਚ ਚੜਾ ਰਹੇ ਸਨ ਤਾਂ ਮੈਂ ਉਨ੍ਹਾਂ ਨੂੰ ਝਕਾਨੀ ਦੇ ਕੇ ਗੁਰੂ ਨਾਨਕ ਨਿਵਾਸ ਵਿਚ ਵੜ ਗਿਆ ਜਿਥੇ ਸ਼੍ਰੋਮਣੀ ਕਮੇਟੀ ਦੇ ਪਬਲੀਸਿਟੀ ਅਧਿਕਾਰੀ ਨਰਿੰਦਰਜੀਤ ਸਿੰਘ ਨੰਦਾ ਨੇ ਮੈਨੂੰ ਟੈਲੀਪ੍ਰਿੰਟਰ ਰੂਮ ਵਿਚ ਬੰਦ ਕਰ ਕੇ ਬਾਹਰੋਂ ਤਾਲਾ ਲਾ ਦਿੱਤਾ ਅਤੇ ਸ਼ਾਮੀਂ ਉਦੋਂ ਖੋਲ੍ਹਿਆ ਜਦੋਂ ਬਾਹਰ ਠੰਡ-ਠੰਡਾਉਲਾ ਹੋ ਗਿਆ ਸੀ।

ਸੰਤ ਹਰਚੰਦ ਸਿੰਘ ਲੌਂਗੋਵਾਲ ਦੇ 20 ਅਗਸਤ 1985 ਨੂੰ ਹੋਏ ਕਤਲ ਸਬੰਧੀ ਮੈਨੂੰ ਪਹਿਲਾਂ ਹੀ ਖੁੜਕ ਗਈ ਸੀ, ਕਿਉਂਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂਆਂ ਅਤੇ ਉਨ੍ਹਾਂ ਦੇ ਦਫ਼ਤਰ ਵਿਚ ਆਉਂਦੇ-ਜਾਂਦੇ ਖਾੜਕੂਆਂ ਦੇ ਮਨਾਂ ਵਿਚ ਸੰਤ ਲੌਂਗੋਵਾਲ ਪ੍ਰਤੀ ਨਫ਼ਰਤ ਦੀ ਹੱਦ ਤੱਕ ਗੁੱਸਾ ਪੈਦਾ ਹੋ ਗਿਆ ਸੀ। ਉਹ ਅਕਸਰ ਹੀ ਉਸ ਨੂੰ ਸੋਧਣ ਦੀਆਂ ਵਿਉਂਤਾਂ ਬਣਾਉਂਦੇ ਰਹਿੰਦੇ ਸਨ। ਉਨ੍ਹਾਂ ਨੂੰ ਇਸ ਸਮਝੌਤੇ ਉਤੇ ਸਭ ਤੋਂ ਵੱਡਾ ਇਤਰਾਜ਼ ਇਹ ਸੀ ਕਿ ਜਿਸ ਸਤਲੁਜ-ਜਮਨਾ ਲਿੰਕ ਨਹਿਰ ਨੂੰ ਰੋਕਣ ਲਈ ਲਾਏ ਗਏ ਧਰਮ ਯੁੱਧ ਮੋਰਚੇ ਵਿਚ ਲੱਖਾਂ ਬੰਦੇ ਕੈਦ ਹੋਏ, ਹਜ਼ਾਰਾਂ ਸ਼ਹੀਦੀਆਂ ਹੋਈਆਂ ਤੇ ਸ੍ਰੀ ਦਰਬਾਰ ਸਾਹਿਬ ਉਤੇ ਫੌਜ਼ੀ ਹਮਲਾ ਹੋਇਆ ਉਸੇ ਨਹਿਰ ਨੂੰ 15 ਅਗਸਤ 1986 ਤੱਕ ਬਣਾਉਣ ਦਾ ਲਿਖਤੀ ਵਾਅਦਾ ਕਰ ਕੇ ਪੰਜਾਬ ਦੇ ਹਿੱਤਾਂ ਦੀ ਕੁਰਬਾਨੀ ਦੇ ਦਿਤੀ ਗਈ। ਉਨ੍ਹਾਂ ਨੂੰ ਇਹ ਗੁੱਸਾ ਵੀ ਸੀ ਕਿ ਸਮਝੌਤੇ ਤੋਂ ਪਹਿਲਾਂ ਸਿੱਖ ਨੌਜਵਾਨਾਂ ਅਤੇ 'ਧਰਮੀ ਫੌਜ਼ੀਆਂ' ਨੂੰ ਰਿਹਾਅ ਕਿਉਂ ਨਾ ਕਰਾਇਆ ਗਿਆ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਧਰਮ ਯੁੱਧ ਮੋਰਚੇ ਦੀਆਂ ਸਾਰੀਆਂ ਮੰਗਾਂ ਨੂੰ ਕਮਿਸ਼ਨਾਂ ਦੇ ਗਧੀਗੇੜ ਵਿਚ ਪਾ ਕੇ ਅਕਾਲੀ ਲੀਡਰਾਂ ਨੇ ਸ਼ਹੀਦਾਂ ਦੇ ਸਿਵਿਆਂ ਉਤੇ ਆਪਣੀਆਂ ਕੁਰਸੀਆਂ ਡਾਹੁਣ ਦਾ ਰਾਹ ਪੱਧਰਾ ਕਰ ਲਿਆ ਹੈ।

---

*(ਪਿਛਲੇ ਸਫੇ ਦਾ ਬਾਕੀ)*

ਬਣਾਉਣ ਲਈ ਕੁਝ ਗੱਲਾਂ, ਖ਼ਿਆਲਾਂ ਅਤੇ ਕਲਾਤਮਕ ਹੁਨਰ ਵਰਤਿਆ ਜਾਂਦਾ ਹੈ। ਮੈਂ ਮਰਹੂਮ ਕਹਾਣੀਕਾਰ ਗੁਰਦੇਵ ਸਿੰਘ ਰੁਪਾਣਾ ਦੀ ਕਹਾਣੀ 'ਸ਼ੀਸ਼ਾ' ਦਾ ਜ਼ਿਕਰ ਕਰਾਂਗਾ। ਭਾਰਤ ਦੀ ਵੰਡ ਵੇਲੇ ਫਿਰੋਜ਼ਪੁਰ ਵੱਲ ਦੇ ਇਕ ਪਿੰਡ ਵਿਚ ਮੁਸਲਮਾਨੀਆਂ ਦੇ ਕਈ ਦੁੱਧ ਚੁੰਘਦੇ ਬੱਚਿਆਂ ਨੂੰ ਇਕ ਆਦਮੀ ਆਪਣੀ ਤਲਵਾਰ ਨਾਲ ਮੌਤ ਦੇ ਘਾਟ ਉਤਾਰ ਕੇ ਪੁੰਨ ਖੱਟਿਆ ਸਮਝਦਾ ਹੈ। ਰੁਪਾਣਾ ਸਾਹਿਬ ਨਾਲ ਉਸ ਇਲਾਕੇ ਦੇ ਪਿੰਡਾਂ ਦੇ ਹਾਲਾਤ ਦੇਖਣ ਜਾਣ ਵਾਲਾ ਵਿਦੇਸ਼ੀ ਇਸ ਭੈੜੇ ਪਿੰਡ ਦੇ ਦਰਸ਼ਨ ਨਹੀਂ ਕਰਨਾ ਚਾਹੁੰਦਾ। ਜੇ ਇਹ ਦਰਦਨਾਕ ਘਟਨਾ ਵਾਪਰੀ ਹੀ ਨਹੀਂ ਕੇਵਲ ਪਾਠਕ ਦੇ ਦਿਲ ਵਿਚ ਚੀਸ ਭਰਨ ਲਈ ਕਲਾਤਮਕ ਹੁਨਰ ਦੀ ਹੀ ਉਪਜ ਹੈ ਤਾਂ ਇਹ ਪਿੰਡ ਨੂੰ ਬਦਨਾਮ ਕਰਨਾ ਸਾਹਿਤਕਾਰ ਨੂੰ ਸੋਭਾ ਨਹੀਂ ਦਿੰਦਾ। ਕਹਾਣੀ ਨੂੰ ਅਤਿ ਨੇੜਿਓਂ ਦੇਖਣ ਦੀ ਆਦਤ ਲਈ ਪਾਠਕ ਮੈਨੂੰ ਮੁਆਫ ਕਰਨ।

ਸਿਆਸਤ ਵਿਚ ਮੇਰੀ ਗਹਿਰੀ ਦਿਲਚਸਪੀ ਨਹੀਂ। ਨੇੜਿਓਂ ਤੱਕੇ ਇਨ੍ਹਾਂ ਲੋਕਾਂ ਬਾਬਤ ਇਤਨਾ ਹੀ ਕਾਫੀ ਹੈ, ਚੜ੍ਹਦੀ ਉਮਰੇ ਕਮਿਊਨਿਜ਼ਮ

ਹਰ ਇਕ ਲਈ ਜ਼ਬਰਦਸਤ ਸਰੂਰ ਹੈ। ਜਿਉਂ ਜਿਉਂ ਉਮਰ ਵਧਦੀ ਹੈ ਸਰੂਰ ਮੱਧਮ ਹੋਣ ਲੱਗ ਜਾਂਦਾ ਹੈ। ਇਸੇ ਕਰਕੇ ਕਿਸੇ ਨੇ ਕਿਹਾ ਹੈ ਕਿ ਜੇ ਜਵਾਨ ਹੁੰਦਿਆਂ ਤੱਕ ਕੋਈ ਕਮਿਊਨਿਸਟ ਪਰੰਪਰਾ ਦਾ ਹਾਮੀ ਨਹੀਂ ਬਣਦਾ ਉਸ ਕੋਲ ਕੋਮਲ ਦਿਲ ਨਹੀਂ ਅਤੇ ਜੇ ਸਿਆਣੀ ਉਮਰ ਤੱਕ ਵੀ ਇਸ ਸਰੂਰ ਨੂੰ ਉਤਾਰ ਨਹੀਂ ਸਕਿਆ ਤਾਂ ਉਸ ਕੋਲ ਰੌਸ਼ਨ ਦਿਮਾਗ ਨਹੀਂ।

ਕਾਫੀ ਕੁਝ ਹੋਰ ਇਸ ਜ਼ਿੰਦਗੀ ਵਿਚ ਨਜ਼ਦੀਕ ਤੋਂ ਤੱਕਿਆ ਲਿਖਣ ਨੂੰ ਜੀਅ ਕਰਦਾ ਹੈ ਪਰੰਤੂ ਪਾਠਕਾਂ ਨੂੰ ਅਕੇਵੇਂ ਦੀ ਹੱਦ ਤਕ ਭੇਜਣ ਨੂੰ ਮਨ ਨਹੀਂ ਕਰਦਾ।

ਸਿਆਣੀ ਉਮਰ ਦੇ ਵਾਕਿਫ਼ਾਂ ਦੀ ਸ਼ਿਕਾਇਤ ਹੈ ਕਿ ਜਾਣੇ-ਪਛਾਣੇ ਜੁਆਨ ਬੰਦੇ ਨਾ ਮਿਲਣ ਆਉਂਦੇ ਹਨ ਨਾ ਫੋਨ 'ਤੇ ਹਾਲ ਪੁੱਛਦੇ ਹਨ। ਨੇੜਿਓਂ ਤੱਕੀ ਜੀਵਨ ਜਾਚ ਕਹਿੰਦੀ ਹੈ

ਵਕਤੇ ਪੀਰੀ ਦੋਸਤੋਂ ਕੀ ਬੇਰੁਖੀ ਕਾ ਕਿਆ ਗਿਲਾ
ਬਚ ਕੇ ਚਲਤਾ ਹਰ ਕੋਈ ਗਿਰਤੀ ਹੂਈ ਦੀਵਾਰ ਸੇ।

ਇਸ ਲਈ ਗਿਲੇ ਸ਼ਿਕਵਿਆਂ ਤੋਂ ਮੁਕਤ ਹੋ ਜਾਓ। ਕਿਸੀ ਕੋ ਭੀ ਮੁਕੰਮਲ ਜਹਾਂ ਨਹੀਂ ਮਿਲਤਾ।

ਮੈਂ 58 ਸਾਲ ਦੀ ਉਮਰ ਪੂਰੀ ਕਰ ਕੇ 1992 ਵਿਚ ਬਤੌਰ ਪ੍ਰਿੰਸੀਪਲ ਸਰਕਾਰੀ ਕਾਲਜ ਨਾਭਾ ਤੋਂ ਸੇਵਾ ਮੁਕਤ ਹੋਇਆ। ਕਾਲਜ ਦੇ ਪ੍ਰੋਫ਼ੈਸਰਾਂ ਨੇ ਕਿਸੇ ਚੰਗੇ ਪ੍ਰਾਈਵੇਟ ਕਾਲਜ ਵਿਚ ਸੇਵਾ ਕਰਨ ਦੀ ਸਲਾਹ ਦਿੱਤੀ। ਮੇਰਾ ਜਵਾਬ ਸੀ ਸ਼ੇਖ ਸਾਅਦੀ ਨੇ ਕਿਹਾ ਹੈ 'ਐ ਅੱਲ੍ਹਾ ਮੀਆਂ ਮੁਝੇ ਸਬਰ ਕੀ ਦੌਲਤ ਸੇ ਮਾਲੋ-ਮਾਲ ਕਰ ਦੇ। ਮੇਰੀ ਖੁਆਹਿਸ਼ਾਤ ਇਤਨੀ ਕਮ ਹੋਂ ਕਿ ਮੇਰੇ ਪਾਸ ਸਭ ਕੁਛ ਮੁਝੇ ਜ਼ਰੂਰਤ ਸੇ ਜ਼ਿਆਦਾ ਲਗੇ'।

ਮੈਂ ਅੱਜ ਤੱਕ ਸਬਰ-ਸੰਤੋਖ ਦੀ ਦੌਲਤ ਨਾਲ ਮਾਲੋ-ਮਾਲ ਹਾਂ। ਸਾਰੇ ਲੋਕ ਭਾਵੇਂ ਸਹਿਮਤ ਨਾ ਹੋਣ ਪਰ ਮੈਨੂੰ ਮਸ਼ਹੂਰ ਇਤਿਹਾਸਕਾਰ ਲਾਰਡ ਟੁਆਨਬੀ ਅਤੇ ਨਾਵਲਕਾਰ ਬੀਬੀ ਪਰਲ ਬੱਕ ਦਾ ਕਥਨ ਸਦਾ ਚੇਤੇ ਰਹਿੰਦਾ ਹੈ ਕਿ ਆਉਣ ਵਾਲੀ ਦੁਨੀਆ ਦਾ ਭਲਾ ਗੁਰੂ ਗਰੰਥ ਸਾਹਿਬ ਦੀ ਦਿੱਤੀ ਸੇਧ ਵਿਚ ਹੈ। ਅਖੀਰ ਵਿਚ ਬਹੁਤ ਨਿੱਘ ਨਾਲ ਜ਼ਿੰਦਗੀ ਮਾਣਦਿਆਂ ਕਹਾਂਗਾ,

ਮਾਨਾ ਕਿ ਇਸ ਜ਼ਮੀਨ ਕੋ ਨਾ ਗੁਲਜ਼ਾਰ ਕਰ ਸਕੇ
ਕੁਛ ਖਾਰ ਹੀ ਕਮ ਕਰ ਗਏ ਗੁਜ਼ਰੇ ਜਿਧਰ ਸੇ ਹਨ।
ਫੇਰ ਵੀ ਚੜ੍ਹਦੀ ਕਲਾ ਵਿਚ ਰਹਿਣ ਦਾ ਅਹਿਸਾਸ ਹੈ।

ਜੋ ਕੁਝ ਮੈਂ ਲਿਖਿਆ ਹੈ ਮੇਰੇ ਨੇੜਿਓਂ ਤੱਕੀ ਜ਼ਿੰਦਗੀ ਦੇ ਵਲਵਲੇ ਹਨ। ਬਹੁਤ ਕੁਝ ਮਨ ਅੰਦਰ ਰੱਖ ਕੇ ਸਮਾਪਤ ਕਰਦਾ ਹਾਂ।

# ਸਾਹਿਤ, ਸਿਆਸੀ ਖਚਰਾਪਨ ਅਤੇ ਮਨੁੱਖ ਦਾ ਸਿਰਜਣਾਤਮਿਕ ਵਿਕਾਸ



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਸਾਹਿਤ ਦਾ ਸੋਮਾ ਜੀਵਨ-ਧਾਰਾ ਦਾ ਵੇਗ ਹੈ। ਮਨੁੱਖ ਵਿਚੋਂ, ਮਨੁੱਖ ਰਾਹੀਂ ਅਤੇ ਮਨੁੱਖ ਲਈ ਕੀਤੀ ਗਈ ਰਚਨਾ ਹੀ ਅਸਲ ਵਿਚ ਸਾਹਿਤ ਅਖਵਾ ਸਕਦੀ ਹੈ। ਜਦੋਂ ਗੱਲ ਮਨੁੱਖ ਲਈ ਉਤੇ ਪੁੱਜਦੀ ਹੈ ਤਾਂ ਇਸਦਾ ਸਿੱਧਾ ਸਬੰਧ ਪ੍ਰਤੀਬੱਧ ਰਾਜਨੀਤੀ ਨਾਲ ਜਾ ਜੁੜਦਾ ਹੈ। ਕੁਝ ਸਮੀਖਿਆਕਾਰ ਇਸ ਤਰ੍ਹਾਂ ਦੀ ਰਚਨਾ ਨੂੰ ਪ੍ਰਚਾਰ ਅਤੇ ਰਾਜਨੀਤਕ ਆਖਣਗੇ। ਪਰ ਇਸ ਗੱਲ ਨੂੰ ਕਦੇ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਲੋਕ ਹਿਤੈਸ਼ੀ ਲੇਖਕ ਦਾ ਪ੍ਰਚਾਰਕ ਅਤੇ ਸਿਆਸੀ ਹੋਣਾ ਕਠੋਰ ਸੱਚ ਹੈ।

ਸਿਆਸਤ ਜਾਂ ਰਾਜਨੀਤੀ ਨਿੱਜੀ ਜਾਂ ਸਮੂਹਿਕ ਪੱਧਰ ਉੱਤੇ ਲੋਕਾਂ ਨੂੰ ਪ੍ਰਭਾਵਿਤ ਕਰਨ ਦਾ ਅਮਲ ਅਤੇ ਸਿਧਾਂਤ ਹੈ। ਖਾਸ ਕਰਕੇ ਇੱਕ ਸਮਾਜ ਜਾਂ ਰਾਜ ਦੇ ਲੋਕਾਂ ਉੱਪਰ ਰਾਜ ਕਰਨਾ ਜਾਂ ਕੰਟਰੋਲ ਕਰਨਾ ਅਤੇ ਇਸਨੂੰ ਅੱਗੋਂ ਜਾਰੀ ਰੱਖਣਾ। ਸਿਆਸਤ ਦਾ ਉਦੇਸ਼ ਕਈ ਢੰਗਾਂ ਨਾਲ ਲੋਕਾਂ ਵਿਚ ਆਪਣੇ ਵਿਚਾਰ ਪ੍ਰਫੁਲਤ ਕਰਨੇ, ਕਾਨੂੰਨ ਬਣਾ ਕੇ ਲੋਕਾਂ 'ਤੇ ਲਾਗੂ ਕਰਨੇ ਅਤੇ ਵਿਰੋਧੀਆਂ ਖਿਲਾਫ਼ ਜੰਗ ਦੀ ਹੱਦ ਤੱਕ ਤਾਕਤ ਦੀ ਵਰਤੋਂ ਕਰਨਾ ਆਦਿ ਹੈ। ਇਸ ਸੰਬੰਧ ਵਿਚ ਪਲੇਟੋ ਅਤੇ ਕਨਫੂਸੀਅਸ਼ ਦੀਆਂ ਰਾਜਨੀਤੀ ਬਾਰੇ ਪੁਸਤਕਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ।

ਸਾਹਿਤ ਦੇ ਵੱਖੋ-ਵੱਖਰੇ ਰੂਪਾਂ ਦਾ ਫ਼ਾਇਦਾ ਹਮੇਸ਼ਾ ਰਾਜਨੀਤੀ ਨੇ ਲਿਆ ਹੈ। ਭਾਵੇਂ ਉਹ ਕਵਿਤਾ, ਨਾਵਲ, ਕਹਾਣੀ ਜਾਂ ਨਾਟਕ ਹੋਵੇ। ਸਾਹਿਤ ਨੂੰ ਪ੍ਰਭਾਸ਼ਿਤ ਕਰਨ ਲਈ ਭਾਰਤੀ ਕਾਵਿ ਸਾਸ਼ਤਰ ਅਨੁਸਾਰ ਸਾਹਿਤ ਨੂੰ 'ਸੱਤਯਮ, ਸ਼ਿਵਮ, ਸੁੰਦਰਮ' ਕਿਹਾ ਗਿਆ, ਭਾਵ ਸੱਚ ਕਲਿਆਣਕਾਰੀ ਅਤੇ ਸੁੰਦਰ ਹੋਵੇ। ਵਣਜਾਰਾ ਬੇਦੀ ਅਨੁਸਾਰ 'ਸਾਹਿਤ ਕੋਮਲ ਭਾਵਾਂ ਦਾ ਸੁਹਜਮਈ ਪ੍ਰਗਟਾਵਾ ਹੈ।' ਜੀਵਨ ਨੂੰ ਅਗਵਾਈ ਕਰਨ ਦੀ ਸ਼ਕਤੀ ਵੀ ਇਸ ਵਿਚ ਹੋਣੀ ਚਾਹੀਦੀ ਹੈ। ਐਮਰਸਨ ਸਾਹਿਤ ਨੂੰ ਮਹਾਨ ਵਿਚਾਰਾਂ ਦਾ ਸੰਗ੍ਰਹਿ ਮੰਨਦਾ ਹੈ। ਮੈਥਿਸਾਹਿਤ ਅਤੇ ਰਾਜਨੀਤੀ ਜਾਂ ਸਿਆਸਤ ਦਾ ਮੁਢ-ਕਦੀਮ ਤੋਂ ਆਪਸ ਵਿਚ ਟੱਕਰ ਰਹੀ। ਰਾਜਨੀਤੀ ਮਨੁੱਖ ਨੂੰ ਅਧੀਨ ਕਰਨ ਦੀ ਕੋਸ਼ਿਸ਼ ਕਰਦੀ ਹੈ, ਜਦੋਂ ਕਿ ਸਾਹਿਤ ਆਜ਼ਾਦੀ ਦਾ ਹਾਮੀ ਹੈ। ਸਿਆਸਤ ਨੇ ਸਾਹਿਤ ਨੂੰ ਲੋਕ ਹਿੱਤ ਵਰਤਣ ਦੀ ਬਜਾਏ ਆਪਣੇ ਹਿੱਤਾਂ ਲਈ ਵਰਤਣ ਦੀ ਕੋਸ਼ਿਸ਼ ਕੀਤੀ। ਪੰਜਾਬ ਵਿਚ ਬਾਬਾ ਫਰੀਦ ਜੀ ਦੇ ਸਲੋਕ ਵਿਚ ਬਗਾਵਤੀ ਸੁਰ ਦਿਸਦੀ ਹੈ, ਜਦੋਂ ਉਨ੍ਹਾਂ ਕਿਹਾ:

ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਦੇਹਿ
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।

ਗੁਰਮਿਤ ਸਾਹਿਤ ਵਿਚ ਵੀ ਅਨੇਕਾਂ ਉਦਾਹਰਨਾਂ ਮਿਲਦੀਆਂ ਹਨ ਜਿਵੇਂ ਕਬੀਰ, ਬਾਬਾ ਨਾਨਕ ਨੇ ਆਪਣੇ ਸਾਹਿਤ ਵਿਚ ਰਾਜਨੀਤੀ ਦੀਆਂ ਬੁਰੀਆਂ ਅਲਾਮਤਾਂ ਦੀਆਂ ਧੱਜੀਆਂ ਉਡਾਈਆਂ ਹਨ। ਬਾਬਾ ਨਾਨਕ ਨੇ ਉਸ ਸਮੇਂ ਦੇ ਸਾਸ਼ਕਾਂ ਨੂੰ ਸਿੱਧੇ ਤੌਰ 'ਤੇ ਵੰਗਾਰਿਆ ਸੀ।

'ਰਾਜੇ ਸ਼ੀਹ ਮੁਕੱਦਮ ਕੁਤੇ, ਜਾਇ ਜਗਾਇਨ ਬੈਠੇ ਸੁੱਤੇ'

'ਏਤੀ ਮਾਰ ਪਈ ਕੁਰਲਾਣੇ ਤੈਂ ਕਿ ਦਰਦ ਨਾ ਆਇਆ।'

ਬਾਬਰ ਦਾ ਅਤਿਆਚਾਰ ਦੇਖਦੇ ਹੋਏ ਉਨ੍ਹਾਂ ਨੇ ਉਸ ਸਮੇਂ ਦੀ ਰਾਜਨੀਤੀ ਨੂੰ ਲੋਕ ਹਿੱਤ ਵਿਚ ਨਾ ਹੋਣ ਕਰਕੇ ਪੂਰੀ ਤਰ੍ਹਾਂ ਭੰਡਿਆ। ਸ਼ਾਹ ਮੁਹੰਮਦ ਨੇ ਅਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਦਾ ਬਿਆਨ ਆਪਣੀਆਂ ਲਿਖਤਾਂ ਵਿਚ ਕੀਤਾ:

'ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ...।'

ਇਹ ਵੀ ਜ਼ਿੰਦਗੀ ਸਾਹਿਤ 'ਤੇ ਸਿਆਸਤ ਦਾ ਇੱਕ ਦਸਤਾਵੇਜ਼ ਹੈ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾ ਵਾਰਸ ਸ਼ਾਹ ਨੂੰ' ਵੀ ਇੱਕ ਰਾਜਨੀਤੀ ਜਾਂ ਸਿਆਸਤ ਨੂੰ ਵੰਗਾਰ ਸੀ। ਹੁਣ ਵੀ ਜਦੋਂ ਰਾਜਨੀਤੀ ਲੋਕ ਹਿੱਤ ਵਿਚ ਨਹੀਂ ਤੁਰਦੀ ਉਸ ਖਿਲਾਫ਼ ਸਾਹਿਤ ਮੈਦਾਨ ਵਿਚ ਨਿਤਰਦਾ ਹੈ-ਕਵੀ, ਲੇਖਕ, ਨਾਟਕਕਾਰ ਆਪਣੀਆਂ ਰਚਨਾਵਾਂ ਰਾਹੀਂ ਇਸ ਦਾ ਵਿਰੋਧ ਕਰਕੇ ਨੀਤੀਆਂ ਬਦਲਣ ਲਈ ਸੁਝਾਅ ਦਿੰਦੇ ਹਨ। ਨਿਡਰ ਹੋ ਕੇ ਮੈਦਾਨ ਵਿਚ ਆਉਂਦੇ ਹਨ, ਭਾਵੇਂ ਬਹੁਤ ਵਿਚਾਰਵਾਨਾਂ ਨੂੰ ਜੇਲ੍ਹਾਂ ਦੇ ਦਰਵਾਜ਼ੇ ਅੰਦਰ ਡੱਕਿਆ ਜਾਂਦਾ ਹੈ। ਬਹੁਤ ਸਾਰੇ ਸਾਹਿਤਕਾਰ ਜੇਲ੍ਹਾਂ ਵਿਚ ਸ਼ਹੀਦ ਵੀ ਹੋਏ ਤੇ ਹੋ ਰਹੇ ਹਨ। ਇਸੇ ਤਰ੍ਹਾਂ ਸਾਹਿਤ ਤੇ ਸਿਆਸਤ ਇੱਕ ਦੂਜੇ ਨੂੰ ਪ੍ਰਭਾਵਤ ਕਰਦੇ ਰਹਿੰਦੇ ਹਨ।

'ਰਾਜੇ ਸ਼ੀਹ ਮੁਕੱਦਮ ਕੁਤੇ' ਵਰਗੇ ਸ਼ਬਦ ਅਪਨਾਉਣ, ਸੱਚ ਨੂੰ ਪ੍ਰਚਾਰਣ ਲਈ ਗੁਰੂ ਨਾਨਕ ਦੇਵ ਜੀ ਨੂੰ ਚੱਕੀਆਂ ਪੀਸਣੀਆਂ ਪਈਆਂ। ਗੁਰੂ ਅਰਜਨ ਦੇਵ ਜੀ ਨੂੰ ਤੱਤੀਆਂ ਤਵੀਆਂ 'ਤੇ ਬੈਠਣਾ ਪਿਆ, ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਕ 'ਚ ਸੀਸ ਭੇਟ ਕਰਨਾ ਪਿਆ, ਗੁਰੂ ਗੋਬਿੰਦ ਸਿੰਘ ਜੀ ਨੂੰ ਸਰਬੰਸ ਵਾਰਨਾ ਪਿਆ। ਇਹ ਕੁਰਬਾਨੀਆਂ ਹੱਕ ਸੱਚ ਲਈ ਅਮੀਰ-ਗਰੀਬ, ਕਿਰਤੀ-ਵਿਹਲੜ, ਭਾਗੋ ਤੇ ਲਾਲੋ ਦੀ ਜਮਾਤੀ ਲੜਾਈ ਹੈ। ਇਸ 'ਚ ਲੋਕ ਹਿਤੈਸ਼ੀ 'ਸੱਚ ਸੁਣਾਇਸੀ ਸੱਚ ਦਾ ਵੇਲਾ' ਦੀ ਭਾਵਨਾ ਹੈ। ਸਿਆਸੀ ਦੰਭ ਨੂੰ ਇੱਕ ਲਲਕਾਰ ਹੈ। ਵਿਭਚਾਰੀ, ਭ੍ਰਿਸ਼ਟ ਸਿਆਸਤ ਨੂੰ ਸਿੱਧਾ ਚੈਲਿੰਜ ਹੈ ਅਤੇ ਭੈੜੇ ਸਿਆਸੀ ਤਾਣੇ-ਬਾਣੇ ਉਤੇ ਸਿੱਧੀ ਸੱਟ ਹੈ।

ਇਹ ਗੱਲ ਸਮਝਣ ਵਾਲੀ ਹੈ ਕਿ ਮਨੁੱਖੀ ਜ਼ਿੰਦਗੀ ਇੱਕ ਆਵੇਸ਼, ਅਕਸ, ਛਾਇਆ ਜਾਂ ਕਲਪਨਾ ਨਹੀਂ ਹੈ। ਸਗੋਂ ਇੱਕ ਪ੍ਰਵੇਸ਼-ਗੁਣ ਭਰਪੂਰ ਗਤੀਸ਼ੀਲਤਾ ਹੈ, ਜੋ ਟਿਮਟਮਾਉਣ, ਵਿਗਸਣ, ਬਿਨਸਨ ਦੇ ਨਾਲ-ਨਾਲ ਸ਼ਬਦ ਗ੍ਰੰਥ, ਸਮਾਜ, ਇਤਿਹਾਸ ਅਤੇ ਦਰਸ਼ਨ ਦੀ ਸਿਰਜਨਾ ਅਤੇ ਸੰਭਾਲ ਕਰਦੀ ਹੈ। ਮਾਨਵ ਪ੍ਰਕਿਰਤਿਕ ਆਵੇਸ਼ ਦਾ ਭਾਗ ਹੈ। ਉਹ ਇਸ ਵਿਚ ਵਿਵੇਕ ਭਰਪੂਰ ਪ੍ਰਵੇਸ਼ ਕਰਦਿਆਂ ਵਿਪਰਿਤ ਸਥਿਤੀਆਂ ਨਾਲ ਨਿਰੰਤਰ ਟਕਰਾ'', ਤਣਾ'' ਅਤੇ ਸੰਘਰਸ਼ ਵਿਚ ਰਹਿੰਦਾ ਹੈ। ਚੇਤਨਾ ਦਾ ਸੰਘਰਸ਼ ਉਸਨੂੰ ਸਾਹਿਤ ਰਚਨਾ ਲਈ ਪ੍ਰੇਰਿਤ ਕਰਦਾ ਹੈ। ਇਹੋ ਹੀ ਕਾਰਨ ਹੈ ਕਿ ਭਾਰਤੀ ਸਮਾਜਿਕ ਵਿਵਸਥਾ ਵਿਚ ਭ੍ਰਿਸ਼ਟਾਚਾਰ, ਦੁਰ-ਅਚਾਰ, ਰਾਜਨੀਤਕ ਮਕਾਰੀ, ਆਰਥਿਕ ਨਾ ਬਰਾਬਰੀ, ਜਾਤੀ-ਪਾਤੀ ਪ੍ਰਥਾ, ਮਿਹਨਤ ਦੀ ਲੁੱਟ, ਅਨੈਤਿਕ ਜਿਨਸੀ ਰਿਸ਼ਤਿਆਂ, ਸਭਿਆਚਾਰਕ ਗਿਰਾਵਟ, ਅਣ-ਮਨੁੱਖੀ ਵਿਵਹਾਰ ਨੂੰ ਹੀ ਸਾਹਿਤਕਾਰਾਂ ਨੇ ਨਿਸ਼ਾਨਾ ਨਹੀਂ ਬਣਾਇਆ, ਸਗੋਂ ਇਸ ਵਰਤਾਰੇ ਵਿਰੁੱਧ ਸੰਘਰਸ਼ ਕਰਦੇ ਮਨੁੱਖ ਦੀ ਜਿੱਤ ਨੂੰ ਧੁਨੀ ਦੀ ਮਾਨਤਾ ਦਿੱਤੀ ਹੈ, ਇਥੋਂ ਤੱਕ ਕਿ ਪੰਜਾਬੀ ਮੱਧ ਕਾਲੀ ਕਿੱਸਾ ਕਾਵਿ ਦੀਆਂ ਪ੍ਰੀਤ ਕਥਾਵਾਂ ਹੀਰ-ਰਾਂਝਾ, ਸੱਸੀ ਪੰਨੂ, ਲੈਲਾ-ਮਜਨੂੰ, ਮਿਰਜ਼ਾ-ਸਾਹਿਬਾ ਆਦਿ ਦਾ ਕੇਂਦਰੀ ਪ੍ਰਤੀਕ ਸਿਰੜੀ ਅਤੇ ਸਿਦਕਦਿਲੀ ਵਾਲਾ ਰਿਹਾ ਹੈ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਅਨੁਸਾਰ ਸਾਡੀਆਂ ਇਨ੍ਹਾਂ ਪ੍ਰਾਚੀਨ ਅਤੇ ਮੱਧ ਕਾਲੀਨ ਕਥਾਵਾਂ ਵਿਚਲਾ ਪ੍ਰਤੀਕ ਲੋਕ-ਮਿੱਤਰਤਾ ਵਾਲਾ ਰਿਹਾ ਹੈ, ਜਿਸਦਾ ਅਰਥ ਮਨੁੱਖ ਦੁਆਰਾ ਆਪਣੇ ਅਧਿਕਾਰ ਜਾਂ ਇੱਛਾ ਦੀ ਪ੍ਰਾਪਤੀ ਲਈ ਪ੍ਰਕਿਰਤੀ ਜਾਂ ਸਮਾਜ ਉਸਾਰੀ ਦੀਆਂ ਵਿਰੋਧਤਾਈਆਂ ਵਾਲਾ ਹੈ।

ਇਸ ਸਮੇਂ ਸਾਹਿਤ, ਰਾਜਨੀਤੀ ਦੇ ਪਰਛਾਵੇਂ ਹੇਠ ਹੈ। ਨਿਰਪੱਖ ਪੱਤਰਕਾਰੀ, ਲੇਖਨੀ ਦੀ ਗੱਲ ਪ੍ਰਚਾਰੀ ਜਾ ਰਹੀ ਹੈ। ਜਦਕਿ ਇਹ ਸਪਸ਼ਟ ਹੈ ਕਿ ਸਾਹਿਤ, ਪੱਤਰਕਾਰੀ ਨਿਰਪੱਖ ਨਹੀਂ ਹੁੰਦੀ, ਉਹ ਜਾਂ ਤਾਂ ਲੋਕ ਹਿਤੈਸ਼ੀ ਹੁੰਦੀ ਹੈ ਜਾਂ ਲੋਕ ਵਿਰੋਧੀ। ਅੱਜ ਜਦੋਂ ਸਮਕਾਲ ਵਿਚ ਫਿਰਕਾਪ੍ਰਸਤੀ, ਧਾਰਮਿਕ ਕਾਨੂੰਨ ਪੁਨਰ ਸੁਰਜੀਤੀ ਦੀ ਮਾਨਸਿਕਤਾ ਦੜ-ਦੜਾਉਂਦੀ ਫਿਰਦੀ ਹੈ। ਨਾਲ ਹੀ ਸਿਆਸਤ ਵਿਚ ਭ੍ਰਿਸ਼ਟਾਚਾਰ, ਬਦ-ਦਿਆਨਤਕਾਰੀ ਦਾ ਬੋਲਬਾਲਾ ਹੈ ਅਤੇ ਭਾਰਤ ਦਾ ਹਰ ਸਧਾਰਨ ਮਨੁੱਖ ਕਾਲਾ ਬਜ਼ਾਰੀ, ਬੇਰੁਜ਼ਗਾਰੀ, ਮਾਨਸਿਕ ਗੁਲਾਮੀ, ਆਰਥਿਕ ਲੁੱਟ ਦੇ ਪੁੜਾਂ 'ਚ ਪਿੱਸ ਰਿਹਾ ਹੈ ਤਾਂ ਲੇਖਕ ਦਾ ਫਰਜ਼ ਬਣਦਾ ਹੈ ਕਿ ਉਹ ਇਸ ਪ੍ਰਸੰਗਿਕ ਸੱਚ ਨੂੰ ਬਿਆਨ ਹੀ ਨਾ ਕਰੇ, ਸਗੋਂ ਪ੍ਰਸੰਗਕਤਾ ਦੀ ਸਥਿਤੀ 'ਚੋਂ ਲੋਕਾਂ ਨੂੰ ਮੁਕਤ ਕਰਨ ਦਾ ਰਾਹ ਉਲੀਕੇ। ਮੈਂ ਰਸੂਲ ਹਮਜ਼ਾਤੋਵ ਦੇ ਇਸ ਕਥਨ 'ਇਹ ਨਾ ਕਹੋ ਕਿ ਮੈਨੂੰ ਵਿਸ਼ਾ ਦਿਓ, ਸਗੋਂ ਇਹ ਕਹੋ ਕਿ ਮੈਨੂੰ ਅੱਖਾਂ ਦਿਓ' ਨਾਲ ਆਪਣੇ ਵਿਚਾਰ ਸਮਾਪਤ ਕਰਦਾ ਹਾਂ।

# ਦੁਨੀਆ ਦਾ ਇਤਿਹਾਸ



**ਡਾ. ਨਿਸ਼ਾਨ ਸਿੰਘ ਰਾਠੌਰ**
**ਫੋਨ: 90414-98009**

ਕਹਿੰਦੇ, ਇਕ ਵਾਰ ਸੂਫ਼ੀ ਫ਼ਕੀਰ ਫਿਰਦੋਸੀ ਨੂੰ ਬਾਦਸ਼ਾਹ ਨੇ ਆਪਣੇ ਦਰਬਾਰ ਵਿਚ ਸੱਦਿਆ। ਇਰਾਨ ਦੇ ਬਾਦਸ਼ਾਹ ਦਾ ਉਹ ਦਰਬਾਰੀ ਅਹਿਲਕਾਰ ਸੀ। ਫਿਰਦੋਸੀ ਪਹੁੰਚ ਗਿਆ। ਦੁਆ-ਸਲਾਮ ਤੋਂ ਬਾਅਦ ਬਾਦਸ਼ਾਹ ਨੇ ਕਿਹਾ, 'ਫਿਰਦੋਸੀ, ਮੈਂ ਪੂਰੀ ਦੁਨੀਆ ਦਾ ਇਤਿਹਾਸ ਪੜ੍ਹਨਾ ਚਾਹੁੰਨਾ।'

ਫਿਰਦੋਸੀ, 'ਜੀ ਹਜ਼ੂਰ, ਹੁਕਮ ਕਰੋ।'

ਬਾਦਸ਼ਾਹ, 'ਮੈਂ ਚਾਹੁੰਨਾ ਕਿ ਇਹ ਇਤਿਹਾਸ ਤੂੰ ਲਿਖੇਂ। ਦੁਨੀਆਂ ਦੇ ਵੱਡੇ-ਵੱਡੇ ਬਾਦਸ਼ਾਹਾਂ, ਰਾਜਿਆਂ-ਮਹਾਰਾਜਿਆਂ, ਫ਼ਕੀਰਾਂ, ਸੰਤਾਂ, ਦਰਵੇਸ਼ਾਂ ਦੇ ਜੀਵਨ ਬਾਰੇ ਜਿਨ੍ਹਾਂ ਨੇ ਇਸ ਦੁਨੀਆਂ ਨੂੰ ਗਿਆਨ ਦੁਆਰਾ ਮਾਲਾਮਾਲ ਕਰ ਦਿੱਤਾ, ਸੂਰਬੀਰਤਾ ਨਾਲ ਦੁਨੀਆਂ ਦੇ ਨਕਸ਼ੇ ਨੂੰ ਬਦਲ ਕੇ ਰੱਖ ਦਿੱਤਾ। ਜਿਨ੍ਹਾਂ ਲੋਕਾਂ ਦੇ ਪ੍ਰਭਾਵ ਨੂੰ ਦੁਨੀਆਂ ਨੇ ਕਬੂਲ ਕੀਤਾ, ਮੈਂ ਉਨ੍ਹਾਂ ਲੋਕਾਂ ਦਾ ਇਤਿਹਾਸ ਪੜ੍ਹਨਾ ਚਾਹੁੰਨਾ।'

ਫਿਰਦੋਸੀ ਨੇ ਕਿਹਾ, 'ਬਾਦਸ਼ਾਹ ਸਲਾਮਤ, ਮੈਂ ਦੁਨੀਆਂ ਦਾ ਇਤਿਹਾਸ ਲਿਖ ਤਾਂ ਸਕਦਾ ਹਾਂ ਪਰ! ਯਕੀਨ ਜਾਣਿਓ ਤੁਸੀਂ ਪੜ੍ਹ ਨਹੀਂ ਸਕਣਾ। ਤੁਹਾਡੇ ਕੋਲ ਵਕਤ ਕਿੱਥੇ?'

ਬਾਦਸ਼ਾਹ ਨੇ ਕਿਹਾ, 'ਨਹੀਂ, ਮੈਂ ਲਾਜ਼ਮੀ ਪੜ੍ਹਾਂਗਾ।'

ਖ਼ੈਰ, ਗੱਲ ਕੀ?

ਫਿਰਦੋਸੀ ਨੇ 'ਹਾਂ' ਕਹਿ ਦਿੱਤੀ ਅਤੇ ਵਾਪਸ ਮੁੜ ਆਇਆ।

ਤਕਰੀਬਨ ਇਕ ਸਾਲ ਦੀ ਸਖ਼ਤ ਮਿਹਨਤ ਬਾਅਦ ਫਿਰਦੋਸੀ ਨੇ ਦਸ (10) ਪੋਥੀਆਂ ਵਿਚ ਦੁਨੀਆਂ ਦਾ ਇਤਿਹਾਸ ਲਿਖਿਆ ਤੇ ਮੁੜ ਪਹੁੰਚ ਗਿਆ ਬਾਦਸ਼ਾਹ ਦੇ ਦਰਬਾਰ ਵਿਚ। ਦੁਆ-ਸਲਾਮ ਤੋਂ ਬਾਅਦ ਜਦੋਂ ਫਿਰਦੋਸੀ ਨੇ ਦਸ (10) ਪੋਥੀਆਂ ਬਾਦਸ਼ਾਹ ਦੇ ਸਾਹਮਣੇ ਰੱਖ ਦਿੱਤੀਆਂ। ਬਾਦਸ਼ਾਹ ਨੇ ਦੇਖਿਆ ਤਾਂ ਸਖ਼ਤ ਨਾਰਾਜ਼ ਹੋ ਗਿਆ।

ਕਹਿੰਦਾ, 'ਫਿਰਦੋਸੀ, ਇੰਨਾ ਜ਼ਿਆਦਾ ਕੌਣ ਪੜ੍ਹੇਗਾ? ਮੇਰੇ ਕੋਲ ਇੰਨਾ ਵਕਤ ਕਿੱਥੇ? ਇੰਜ ਕਰ ਥੋੜ੍ਹਾ ਛੋਟਾ ਕਰਕੇ ਲਿਆ। ਇਸ ਵਿਚੋਂ ਵਾਧੂ ਸਮੱਗਰੀ ਘਟਾ ਕੇ ਲਿਆ।' ਖ਼ੈਰ!

ਫਿਰਦੋਸੀ ਭਰੇ ਮਨ ਨਾਲ ਵਾਪਸ ਮੁੜ ਆਇਆ।

ਫੇਰ ਲਗਭਗ ਛੇ ਮਹੀਨੇ ਦੀ ਮਿਹਨਤ ਬਾਅਦ ਚਾਰ (4) ਪੋਥੀਆਂ 'ਚ ਦੁਨੀਆਂ ਦਾ ਇਤਿਹਾਸ ਸਮੇਟ ਲਿਆਇਆ। ਹੁਣ ਬਾਦਸ਼ਾਹ ਫੇਰ ਨਾਰਾਜ਼ ਹੋ ਗਿਆ। ਅਖੇ, 'ਤੈਨੂੰ ਇਸ ਗੱਲ ਦਾ ਰਤਾ ਇਲਮ ਨਹੀਂ ਕਿ ਮੇਰੇ ਕੋਲ ਕਿੰਨੇ ਕੰਮ ਹੁੰਦੇ ਹਨ? ਇਸ ਨੂੰ ਹੋਰ ਛੋਟਾ ਕਰਕੇ ਲਿਆ।'

ਕਹਿੰਦੇ, ਫਿਰਦੋਸੀ ਫਿਰ ਮੁੜ ਆਇਆ।

ਹੁਣ ਫੇਰ ਛੇ ਮਹੀਨੇ ਬਾਅਦ ਸਿਰਫ਼ ਇਕ ਕਿਤਾਬ ਦੇ ਰੂਪ ਵਿਚ ਦੁਨੀਆ ਦਾ ਇਤਿਹਾਸ ਲਿਖ ਲਿਆਇਆ। ਪਰ! ਫਿਰਦੋਸੀ ਕਹਿੰਦਾ, ਪਹਿਲਾਂ ਦਸ (10) ਪੋਥੀਆਂ ਤੋਂ ਚਾਰ ਕਰਨ ਲਈ ਮੈਂ ਹੰਝੂਆਂ ਨਾਲ ਭਿੱਜੀਆਂ ਅੱਖਾਂ ਨਾਲ ਵਿਦਵਾਨਾਂ ਦੇ ਜੀਵਨ ਕੱਟੇ। ਫੇਰ ਚਾਰ ਪੋਥੀਆਂ ਤੋਂ ਇਕ ਕਰਨ ਲਈ ਮੈਂ ਖ਼ੂਨ ਨਾਲ ਮਹਾਪੁਰਸ਼ਾਂ ਦੇ ਜੀਵਨ ਨੂੰ ਕੱਟਿਆ। ਖ਼ੈਰ!

ਫਿਰਦੋਸੀ ਫਿਰ ਪਹੁੰਚ ਗਿਆ ਬਾਦਸ਼ਾਹ ਦੇ ਦਰਬਾਰ ਵਿਚ। ਹੁਣ ਇਕ ਪੋਥੀ ਰੱਖੀ। ਬਾਦਸ਼ਾਹ ਨੇ ਕਿਹਾ, 'ਇਹ ਵੀ ਬਹੁਤ ਜ਼ਿਆਦਾ ਹੈ, ਮੇਰੇ ਕੋਲ ਇੰਨਾ ਵਕਤ ਨਹੀਂ। ਇਸ ਨੂੰ ਹੋਰ ਸੰਖੇਪ ਕਰਕੇ ਲਿਆ।'

ਫਿਰਦੋਸੀ ਨੇ ਭਰੇ ਮਨ ਨਾਲ ਪੋਥੀ ਚੁਕੀ ਅਤੇ ਫੇਰ ਕਦੇ ਬਾਦਸ਼ਾਹ ਦੇ ਦਰਬਾਰ 'ਚ ਨਹੀਂ ਗਿਆ।

ਵਕਤ ਲੰਘਦਾ ਗਿਆ। ਹੁਣ ਬਾਦਸ਼ਾਹ ਆਖ਼ਰੀ ਸਾਹ ਲੈਂਦਾ ਮੰਜੇ 'ਤੇ ਪਿਆ ਹੈ। ਹਕੀਮਾਂ ਨੇ ਕੁਝ ਕੁ ਪਲ ਦਾ ਮਹਿਮਾਨ ਦੱਸ ਦਿੱਤਾ। ਮਰਨ ਕਿਨਾਰੇ ਪਿਆ ਬਾਦਸ਼ਾਹ ਫਿਰਦੋਸੀ ਨੂੰ ਯਾਦ ਕਰਦਾ ਹੈ।

ਫਿਰਦੋਸੀ ਨੇ ਬਾਦਸ਼ਾਹ ਦੀ ਆਖ਼ਰੀ ਇੱਛਾ ਦਾ ਸਨਮਾਨ ਕਰਦਿਆਂ ਜਾਣ ਦਾ ਫ਼ੈਸਲਾ ਕੀਤਾ ਅਤੇ ਮੁੜ ਪਹੁੰਚ ਗਿਆ ਮਹਿਲ ਦੇ ਅੰਦਰ।

ਬਾਦਸ਼ਾਹ ਨੇ ਫਿਰਦੋਸੀ ਨੂੰ ਦੇਖਦਿਆਂ ਕਿਹਾ, 'ਮੈਨੂੰ ਮੁਆਫ਼ ਕਰਨਾ ਫਿਰਦੋਸੀ, ਮੈਂ ਦੁਨੀਆਂ ਦਾ ਇਤਿਹਾਸ ਨਹੀਂ ਪੜ੍ਹ ਸਕਿਆ।'

ਫਿਰਦੋਸੀ, 'ਕੋਈ ਗੱਲ ਨਹੀਂ, ਬਾਦਸ਼ਾਹ।'

ਬਾਦਸ਼ਾਹ, 'ਮੇਰੀ ਇਹ ਇੱਛਾ ਅਧੂਰੀ ਹੀ ਰਹੇਗੀ। ਮੈਂ ਰੋਂਦਾ ਹੋਇਆ ਹੀ ਇਸ ਜਹਾਨ ਤੋਂ ਰੁਖ਼ਸਤ ਹੋਵਾਂਗਾ?' ਬਾਦਸ਼ਾਹ ਦੀਆਂ ਅੱਖਾਂ ਵਿਚ ਪਛਤਾਵੇ ਦੇ ਹੰਝੂ ਫਿਰਦੋਸੀ ਨੇ ਦੇਖ ਲਏ।

ਫਿਰਦੋਸੀ, 'ਨਹੀਂ ਬਾਦਸ਼ਾਹ। ਮੈਂ ਤੁਹਾਨੂੰ ਦੁਨੀਆਂ ਦਾ ਇਤਿਹਾਸ ਦੱਸ ਦਿੰਦਾ ਹਾਂ।'

ਬਾਦਸ਼ਾਹ, 'ਅੱਛਾ!'

ਫਿਰਦੋਸੀ, 'ਬਾਦਸ਼ਾਹ ਸਲਾਮਤ, ਇਨਸਾਨ ਰੋਂਦਾ ਹੋਇਆ ਜੰਮਦਾ ਹੈ, ਰੋਂਦਾ ਹੋਇਆ ਜਿਊਂਦਾ ਹੈ ਅਤੇ ਰੋਂਦਾ ਹੋਇਆ ਹੀ ਮਰ ਜਾਂਦਾ ਹੈ। ਬੱਸ ਇਹੋ ਦੁਨੀਆਂ ਦਾ ਇਤਿਹਾਸ ਹੈ।'

ਸੁਣ ਕੇ ਬਾਦਸ਼ਾਹ ਮਰ ਗਿਆ।

ਖ਼ੈਰ!

•••

ਬੱਸ ਇਹੋ ਹਾਲਾਤ ਅੱਜ ਦੇ ਮਨੁੱਖ ਦੇ ਹਨ। ਇਹ ਰੋਂਦਾ ਹੋਇਆ ਹੀ ਜੰਮਦਾ ਹੈ, ਜਿਊਂਦਾ ਹੈ ਅਤੇ ਮਰ ਜਾਂਦਾ ਹੈ। ਮਨੁੱਖ ਦੀਆਂ ਇੱਛਾਵਾਂ ਕਦੇ ਪੂਰੀਆਂ ਨਹੀਂ ਹੁੰਦੀਆਂ ਤੇ ਮਨੁੱਖ ਕੋਲ ਆਪਣੇ-ਆਪ ਨੂੰ ਸਮਝਣ ਤੇ ਸਵਾਰਨ ਦਾ ਵਕਤ ਹੀ ਨਹੀਂ ਹੈ। ਅੱਜ ਦਾ ਮਨੁੱਖ ਅਸੀਮਤ ਇੱਛਾਵਾਂ ਦੇ ਜਾਲ ਵਿਚ ਫਸ ਕੇ ਆਪਣੇ ਅਮੁੱਲ ਜੀਵਨ ਨੂੰ ਕੌਡੀਆਂ ਦੇ ਭਾਅ ਗੁਆ ਰਿਹਾ ਹੈ। ਫੇਰ ਬਾਦਸ਼ਾਹ ਵਾਂਗ ਆਖ਼ਰੀ ਸਾਹ ਲੈਂਦਿਆਂ ਆਪਣੀਆਂ ਨਾਸਮਝੀਆਂ ਦਾ ਗਿਆਨ ਹੁੰਦਾ ਹੈ ਪਰ! ਉਦੋਂ ਤਕ ਬਹੁਤ ਦੇਰ ਹੋ ਚੁਕੀ ਹੁੰਦੀ ਹੈ। ਫੇਰ ਸਿਵਾਏ ਪਛਤਾਵੇ ਦੇ ਕੁਝ ਹੱਥ ਵਿਚ ਨਹੀਂ ਆਉਂਦਾ।

ਦੋਸਤੋ, ਆਪਣੀ ਜ਼ਿੰਦਗੀ ਦੇ ਅਮੁੱਲ ਖ਼ਜ਼ਾਨੇ ਨੂੰ ਵਿਅਰਥ ਨਾ ਗੁਆਓ। ਇਹ ਜੀਵਨ ਇਕ ਵਾਰ ਹੀ ਮਿਲਿਆ ਹੈ, ਇਸ ਨੂੰ ਵਧੀਆ ਢੰਗ ਨਾਲ ਜੀਓ; ਕਿਉਂਕਿ ਜ਼ਰੂਰਤਾਂ ਤਾਂ ਕਿਸੇ ਦੀਆਂ ਵੀ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ਪਰ! ਇੱਛਾਵਾਂ ਤਾਂ ਬਾਦਸ਼ਾਹਾਂ ਦੀਆਂ ਵੀ ਅਧੂਰੀਆਂ ਹੀ ਰਹਿੰਦੀਆਂ ਹਨ।

ਅਧੂਰੀਆਂ ਇੱਛਾਵਾਂ ਦੇ ਗ਼ਮ ਵਿਚ ਮਰਨ ਨਾਲੋਂ ਚੰਗਾ ਹੈ ਕਿ ਪੂਰੀਆਂ ਹੋਈਆਂ ਜ਼ਰੂਰਤਾਂ ਦੇ ਸ਼ੁਕਰਾਨੇ ਵਿਚ ਜਹਾਨ ਤੋਂ ਰੁਖ਼ਸਤ ਹੋਇਆ ਜਾਵੇ। ਖ਼ੈਰ! ਗੁਰਬਾਣੀ ਦੀਆਂ ਇਨ੍ਹਾਂ ਪੰਗਤੀਆਂ ਨਾਲ ਸਮਾਪਤ ਕਰਦੇ ਹਾਂ;

'ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥'
(ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 156, 157)

# ਡਿਪਰੈਸ਼ਨ ਭਜਾਓ, ਨਵੀਂ ਜ਼ਿੰਦਗੀ ਪਾਓ !





**ਦੇਵਿੰਦਰ ਕੌਰ ਧਾਲੀਵਾਲ**
**ਕੈਲੀਫੋਰਨੀਆ**

ਹਰ ਰੋਜ਼ ਸੋਸ਼ਲ ਮੀਡੀਆ 'ਤੇ ਲੋਕ ਡਿਪਰੈਸ਼ਨ ਜਾਂ ਮਰਨ ਬਾਰੇ ਗੱਲਾਂ ਕਰਦੇ ਹਨ ਜਾਂ ਵੀਡੀਓ ਪਾਉਂਦੇ ਹਨ ਤਾਂ ਪੜ੍ਹ ਕੇ ਜਾਂ ਵੀਡੀਓ ਵੇਖ ਕੇ ਬਹੁਤ ਦੁਖ ਤੇ ਅਫ਼ਸੋਸ ਹੁੰਦਾ ਹੈ।

ਕਈ ਵਾਰ ਕਿਸੇ ਇਨਸਾਨ ਕੋਲ ਬੈਠੋ ਤਾਂ ਉਹ ਢਹਿੰਦੀ ਕਲਾ, ਮਰਨ ਦੀਆਂ ਗੱਲਾਂ ਕਰਨਗੇ। ਉਮਰ ਅਜੇ ਤੀਹ ਸਾਲ ਹੁੰਦੀ ਹੈ ਕਹਿਣਗੇ ਹੁਣ ਤਾਂ ਜੀ ਬੁੱਢੇ ਹੋ ਗਏ। ਹੁਣ ਤਾਂ ਉਪਰ ਰੱਬ ਕੋਲ ਜਾ ਕੇ ਹੀ ਸ਼ਾਂਤੀ ਆਉਣੀ, ਉਥੇ ਜਾ ਕੇ ਸਭ ਕੁਝ ਕਰਾਂਗੇ। ਜੇ ਉਨ੍ਹਾਂ ਨੂੰ ਕੋਈ ਪੁੱਛੇ ਕਿ ਪਹਿਲਾਂ ਇਥੇ ਇਸ ਦੁਨੀਆ ਵਿਚ ਤਾਂ ਕੁਝ ਕਰ ਲਓ। ਧਰਮਰਾਜ ਨੇ ਕਿਹੜਾ ਤੁਹਾਡੇ ਲਈ ਨਵਾਰੀ ਪਲੰਘ ਡਾਹਿਆ ਹੋਇਐ ਤੇ ਤੁਹਾਡੇ ਇੰਤਜ਼ਾਰ 'ਚ ਬੈਠਾ ਹੈ।

ਜੋ ਇਨਸਾਨ ਮਰਨ ਬਾਰੇ ਸੋਚ ਰਿਹਾ ਜਾਂ ਗੱਲ ਕਰ ਰਿਹਾ ਹੁੰਦਾ ਹੈ, ਉਹ ਡਿਪਰੈਸ਼ਨ ਦਾ ਸ਼ਿਕਾਰ ਹੁੰਦਾ ਹੈ, ਜੋ ਬਹੁਤ ਤਰ੍ਹਾਂ ਦੀ ਹੁੰਦੀ ਹੈ। ਇਸ ਦੀ ਜੜ੍ਹ ਨੂੰ ਲੱਭਣਾ ਚਾਹੀਦਾ ਹੈ। ਕਈ ਵਾਰ ਡਿਪਰੈਸ਼ਨ ਘਰੇਲੂ ਝਗੜਿਆਂ, ਬੇਰੁਜ਼ਗਾਰੀ, ਕਿਸੇ ਬਿਮਾਰੀ ਜਾਂ ਕਿਸੇ ਵਿਤਕਰੇ ਕਾਰਨ ਹੁੰਦਾ ਹੈ, ਜੋ ਘਰ ਤੇ ਜਾਂ ਬਾਹਰ ਹੋ ਰਿਹਾ ਹੁੰਦਾ ਹੈ। ਜਿੰਨੀ ਜਲਦੀ ਹੋ ਸਕੇ ਕਿਸੇ ਮਾਹਿਰ ਮਨੋਵਿਗਿਆਨਕ ਡਾਕਟਰ ਤੋਂ ਇਸ ਦਾ ਇਲਾਜ ਕਰਵਾਉਣਾ ਚਾਹੀਦਾ ਹੈ।

ਜੇ ਕੋਈ ਬੱਚਿਆਂ ਦਾ ਬਾਪ ਜਾਂ ਮਾਂ ਮਰਨ ਦੀ ਸੋਚ ਰੱਖਦਾ ਹੈ ਤਾਂ ਉਸ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਉਸ ਦੇ ਬੱਚੇ ਹਨ, ਉਸਦੇ ਮਰਨ ਤੋਂ ਬਾਅਦ ਉਨ੍ਹਾਂ ਦਾ ਕੌਣ ਖਿਆਲ ਰੱਖੇਗਾ। ਉਹ ਲਾਵਾਰਿਸ ਹੋ ਜਾਣਗੇ। ਉਸਨੂੰ ਆਪਣੀ ਜ਼ਿੰਮੇਵਾਰੀ ਦੀ ਪਰਵਾਹ ਕਰਨੀ ਚਾਹੀਦੀ ਹੈ। ਉਸਨੂੰ ਆਪਣੇ ਬੱਚੇ ਦੂਸਰਿਆਂ ਦੇ ਰਹਿਮ 'ਤੇ ਛੱਡ ਕੇ ਨਹੀਂ ਜਾਣਾ ਚਾਹੀਦਾ। ਉਹ ਬੱਚੇ ਜਿਨ੍ਹਾਂ ਦੇ ਜਨਮ 'ਤੇ ਤੁਸੀਂ ਜਸ਼ਨ ਮਨਾਏ ਹੋਣਗੇ, ਤੁਹਾਡੀਆਂ ਅੱਖਾਂ ਦੇ ਤਾਰੇ, ਤੁਸੀਂ ਉਨ੍ਹਾਂ ਨੂੰ ਕਿਸ ਦੇ ਆਸਰੇ ਛੱਡ ਕੇ ਜਾ ਰਹੇ ਹੋ? ਤੁਹਾਡੇ ਮਾਂ-ਬਾਪ ਲਈ ਵੀ ਸਦਮਾ ਸਹਿਣਾ ਅਸਹਿ ਹੋਵੇਗਾ। ਤੁਹਾਨੂੰ ਆਪਣੇ ਕਰਤੱਵ ਪਾਲਣੇ ਚਾਹੀਦੇ ਹਨ ਤੇ ਆਪਣੀ ਜ਼ਿੰਮੇਵਾਰੀ ਤੋਂ ਭੱਜਣਾ ਨਹੀਂ ਚਾਹੀਦਾ ਤੇ ਮਰਨ ਦਾ ਫੈਸਲਾ ਦਿਲ ਵਿਚੋਂ ਹਮੇਸ਼ਾਂ ਲਈ ਕੱਢ ਦੇਣਾ ਚਾਹੀਦਾ ਹੈ।

ਜ਼ਿੰਦਗੀ ਬਹੁਤ ਖੂਬਸੂਰਤ ਹੈ, ਇਕ ਕੀੜੀ ਨੂੰ ਵੇਖੋਗੇ ਤਾਂ ਤੁਹਾਨੂੰ ਇਸ ਸੁਨਹਿਰੀ ਜ਼ਿੰਦਗੀ ਦਾ ਭੇਦ ਪਤਾ ਚਲ ਜਾਏਗਾ। ਮੂੰਹ ਵਿਚ ਅੰਨ ਲਈ ਭੱਜ ਰਹੀ ਕੀੜੀ ਨੂੰ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਇਹਨੂੰ ਕੀ ਕਾਹਲੀ ਹੈ ਕਿਉਂ ਐਨਾਂ ਦੌੜੀ ਜਾ ਰਹੀ ਹੈ, ਸ਼ਾਇਦ ਆਪਣੇ ਬੱਚਿਆਂ ਲਈ ਖਾਣਾ ਲੈ ਕੇ ਜਾ ਰਹੀ ਹੈ। ਦੂਜੇ ਪਾਸੇ ਇਨਸਾਨ, ਜਿਸ ਨੂੰ ਰੱਬ ਨੇ ਹੱਥ, ਪੈਰ, ਮੂੰਹ ਸਭ ਕੁਝ ਦਿੱਤਾ ਹੈ, ਫਿਰ ਵੀ ਸ਼ੁਕਰਗੁਜ਼ਾਰ ਹੋਣ ਦੀ ਬਜਾਏ ਇਸ ਦੁਨੀਆ ਤੋਂ ਜਾਣ ਦੀਆਂ ਗੱਲਾਂ ਕਰਦਾ ਹੈ। ਇਹ ਵੇਖ ਕੇ ਅਫਸੋਸ ਹੁੰਦਾ ਹੈ ਕਿ ਅਸੀਂ ਕਿੰਨੇ ਨਾ ਸ਼ੁਕਰੇ ਹਾਂ।

ਇਹ ਮਨੁੱਖਾ ਜੀਵਨ ਕਿਸੇ ਖੇਡ ਜਾਂ ਸਿਰਫ ਖੁਸ਼ੀਆਂ ਲੱਭਣ ਲਈ ਨਹੀਂ ਹੈ, ਇਹ ਇਕ ਸਫਰ ਹੈ। ਭਾਈ ਗੁਰਦਾਸ ਜੀ ਦੀ ਵਾਰ। ਪਉੜੀ।।

ਮਾਨਸ ਜਨਮ ਦੁਲੰਭ ਹੈ, ਹੋਇ ਨ ਬਾਰੰ ਬਾਰ।
ਤਰਵਰ ਜਿਉਂ ਪੱਤਾ ਝੜੈ,ਭਇਓ ਸਾਧਸੰਗਿਤ ਸਾਰ।

ਮਨੁੱਖਾ ਜਨਮ ਦੁਲੰਭ ਮਤਲਬ ਬਹੁਤ ਹੀ ਦੁਰਲੱਭ ਹੈ, ਮੁਸ਼ਕਲ ਨਾਲ ਮਿਲਦਾ ਹੈ, ਜਿਵੇਂ ਦਰੱਖਤ ਤੋਂ ਪੱਤਾ ਚੁੱਪ ਚਾਪ ਝੜਦਾ ਹੈ ਇਸੇ ਤਰ੍ਹਾਂ ਇਕ ਦਿਨ ਮਨੁੱਖ ਦੇ ਸਵਾਸਾਂ ਦੀ ਡੋਰੀ ਵੀ ਟੁੱਟ ਜਾਂਦੀ ਹੈ।

ਮਨੁੱਖਾ ਜਨਮ ਇਕ ਵਿਲੱਖਣ ਮੌਕਾ ਹੈ, ਇਸ ਦੀ ਸੁਚੱਜੀ ਵਰਤੋਂ ਕਰਨੀ ਚਾਹੀਦੀ ਹੈ। ਗਿਆਨਵਾਨ ਲੋਕਾਂ ਦੀ ਸੰਗਤ ਕਰੋ। ਚੰਗੇ ਕਰਮ ਕਰੋ, ਕਿਸੇ ਦਾ ਮਨ ਦੁਖੀ ਨਾ ਕਰੋ, ਕਿਸੇ ਦਾ ਹੱਕ ਨਾ ਖੋਹਵੋ। ਸਦਾ ਖੁਸ਼ ਤੇ ਵਾਹਿਗੁਰੂ ਦੇ ਹੁਕਮ ਵਿਚ ਰਹੋ।

# ਫ਼ਿਲਮ ਲੋਕ



## ਮੈਂ ਬਸ ਕੰਮ ਲੱਭਦੀ ਹਾਂ ਵਾਣੀ ਕਪੂਰ

ਕਈ ਕਲਾਕਾਰਾਂ ਵਾਂਗ ਹੁਣ ਅਭਿਨੇਤਰੀ ਵਾਣੀ ਕਪੂਰ ਨੇ ਵੀ ਡਿਜਟਿਲ ਪਲੇਟਫਾਰਮ ਦੀ ਰਾਹ ਫੜੀ ਹੈ। ਵਾਣੀ ਨੇ ਵੈੱਬ ਸੀਰੀਜ਼ 'ਮੰਡਲਾ ਮਰਡਸ' ਵਿਚ ਆਪਣੇ ਕਈ ਅਨੁਭਵ ਸਾਂਝੇ ਕੀਤੇ।



### ਚੰਗੇ ਤੇ ਮਾੜੇ ਕੰਟੈਂਟ ਨੂੰ ਲੈ ਕੇ ਬਹਿਸ

ਸਿਨੇਮਾ ਵਿਚ ਚੰਗੇ ਅਤੇ ਮਾੜੇ ਕੰਟੈਂਟ ਨੂੰ ਲੈ ਕੇ ਜੋ ਬਹਿਸ ਜਾਰੀ ਹੈ, ਉਸ ਨੂੰ ਵਾਣੀ ਕਪੂਰ ਵੀ ਮਹਿਸੂਸ ਕਰ ਰਹੀਹੈ। ਉਹ ਕਹਿੰਦੀ ਹੈ, 'ਅੱਜ ਕਹਾਣੀ ਚੰਗੀ ਨਹੀਂ ਹੁੰਦੀ ਤਾਂ ਵੱਡੇ ਵੱਡੇ ਕਲਾਕਾਰਾਂ ਦੇ ਕੰਮ ਨੂੰ ਲੋਕ ਨਕਾਰ ਦਿੰਦੇ ਹਨ। ਵੱਡਾ ਸਟਾਰ ਉਹੀ ਹੁੰਦਾ ਹੈ ਨਾ ਜਿਸ ਦੇ ਨਾਮ ਨੂੰ ਲੈ ਕੇ ਹੀ ਲੋਕ ਫਿਲਮਾਂ ਵੇਖਣ ਜਾਣ। ਹੁਣ ਕੋਈ ਪਤਾ ਨਹੀਂ ਕਿ ਅਗਲਾ ਵੱਡਾ ਸਟਾਰ ਕੌਣ ਬਣ ਜਾਵੇ ! ਹੁਣ ਪੁਰਾਣਾ ਫਾਰਮੂਲਾ ਨਹੀਂ ਚੱਲਦਾ। ਦਰਸ਼ਕ ਸਮਾਰਟ ਹਨ। ਇਹ ਸਾਫ਼ ਸ਼ਬਦਾਂ ਵਿਚ ਆਖ ਰਹੇ ਹਨ ਕਿ ਚੰਗਾ ਕੰਟੈਂਟ ਦਿਓ, ਅਸੀਂ ਵੇਖਾਂਗੇ, ਫਿਰ ਚਾਹੇ ਓਟੀਟੀ ਹੋਵੇ ਜਾਂ ਸਿਨੇਮਾ। ਉਹ ਦਿਨ ਚਲੇ ਗਏ ਜਦੋਂ ਇਕ ਸਿਤਾਰੇ ਦੇ ਨਾਂ ਉਤੇ ਫਿਲਮ ਚੱਲ ਜਾਂਦੀ ਸੀ। ਇਕ ਦੋ ਫਿਲਮਾਂ ਨਾਲ ਅਜਿਹਾ ਹੋ ਸਕਦਾ ਹੈ ਕਿ ਦਰਸ਼ਕ ਪਿਆਰ ਵਿਚ ਉਨ੍ਹਾਂ ਨੂੰ ਵੇਖਣ ਜਾਣ। ਕਿਉਂਕਿ ਉਨ੍ਹਾਂ ਵੱਡੇ ਸਿਤਾਰਿਆਂ ਨੇ ਉਹ ਪਿਆਰ ਕਈ ਸਾਲਾਂ ਵਿਚ ਕਮਾਇਆ. ਹੈ। ਬਾਕੀ ਅਸੀਂ ਉਸ ਦੌਰ ਦੇ ਆਖਰੀ ਪੜਾਅ ਵਿਚ ਹਾਂ ਜਦੋਂ ਸੱਚੇ ਮੈਗਾਸਟਾਰ ਹੋਇਆ ਕਰਦੇ ਸਨ।'

### ਆਪਣੇ ਕੰਮ 'ਤੇ ਕਾਬੂ ਹੋਵੇ

ਵਾਣੀ ਅਜਿਹੀ ਅਭਿਨੇਤਰੀ ਬਣਨਾ ਚਾਹੁੰਦੀ ਸੀ, ਜਿਸ ਉਤੇ ਦਾਅ ਲਗਾਉਣ ਤੋਂ ਨਿਰਮਾਤਾ ਕੰਨੀ ਕਤਰਾਉਂਦੇ ਹੋਣ। ਕੀ ਡਿਜੀਟਲ ਪਲੇਟਫਾਰਮ ਦੇ ਦੌਰ 'ਚ ਅਭਿਨੇਤਰੀਆਂ ਲਈ ਇਹ ਆਸਾਨ ਹੋ ਗਿਆ ਹੈ'? ਇਸ ਸਵਾਲ 'ਤੇ ਵਾਣੀ ਕਹਿੰਦੀ ਹੈ, 'ਹਾਲਾਂਕਿ ਅਜਿਹਾ ਵੀ ਨਹੀਂ ਹੈ ਕਿ ਸਾਰੀਆਂ ਫਿਲਮਾਂ ਜਾਂ ਵੈੱਬ ਸੀਰੀਜ਼ ਜੋ ਓਟੀਟੀ ਪਲੇਟਫਾਰਮ ਲਈ ਬਣਾਈਆਂ ਜਾਂਦੀਆਂ ਹਨ, ਉਹ ਦਰਸ਼ਕਾਂ ਨੂੰ ਪਸੰਦ ਆ ਜਾਣ। ਇਥੇ ਵੀ ਤੁਹਾਨੂੰ ਸਬਰ ਨਾਲ ਆਪਣੇ ਉਤਪਾਦ ਦੇ ਆਉਣ ਦੀ ਉਡੀਕ ਕਰਨੀ ਪੈਂਦੀ ਹੈ ਕਿ ਉਸ ਨੂੰ ਪਲੇਟਫਾਰਮ ਮਿਲੇ। ਥੀਏਟਰ ਵਿਚ ਬਜਟ ਕਾਫ਼ੀ ਵੱਡਾ ਹੁੰਦਾ ਹੈ। ਉਥੇ ਬਾਕਸ ਆ ਫ਼ਿਸ ਨੰਬਰ ਦੀ ਭਰਪਾਈ ਕਰਨੀ ਹੁੰਦੀ ਹੈ। ਸਿਤਾਰਿਆਂ ਦੇ ਕਾਬੂ ਵਿਚ ਕੇਵਲ ਉਨ੍ਹਾਂ ਦਾ ਕੰਮ ਹੁੰਦਾ ਹੈ ਜੋ ਮੈਂ ਆਪਣੀ ਪੂਰੀ ਸਮਰੱਥਾ ਨਾਲ ਕਰਦੀ ਹਾਂ। ਮੈਂ ਓਟੀਟੀ ਦੇ ਨਾਲ ਨਾਲ ਸਿਨੇਮਾ ਵੀ ਕਰ ਰਹੀ ਹਾਂ। ਮੈਂ ਹਮੇਸ਼ਾ ਕੰਟੈਂਟ ਦੇ ਹਿਸਾਬ ਨਾਲ ਚੱਲਦੀ ਹਾਂ, ਪਲੇਟਫਾਰਮ ਦੇ ਹਿਸਾਬ ਨਾਲ ਨਹੀਂ। ਜੇ ਤੁਹਾਡਾ ਕੰਮ ਚੰਗਾ ਹੈ ਤਾਂ ਤੁਹਾਨੂੰ ਕੰਮ ਮਿਲੇਗਾ। ਅਭਿਨੈ ਤਾਂ ਦੋਵਾਂ ਥਾਵਾਂ ਉਤੇ ਕਰਨਾ ਹੈ।ਬਸ ਇਹ ਜ਼ਰੀਆ ਇਕ ਵੱਡੇ ਮੈਦਾਨ ਵਾਂਗ ਹੈ ਜਿਥੇ ਪ੍ਰਯੋਗ ਕਰ ਸਕਦੇ ਹੋ।

ਡਿਜੀਟਲ ਪਲੇਟਫਾਰਮ ਨੇ ਮੈਨੂੰ ਅਭਿਨੈ ਲਈ ਉਤਸੁਕ ਕੀਤਾ। ਮੈਂ ਇਥੇ ਇਸ ਲਈ ਕੰਮ ਨਹੀਂ ਕਰ ਰਹੀ ਕਿ ਸਾਰੇ ਕਰ ਰਹੇ ਹਨ। ਮੈਂ ਉਨ੍ਹਾਂ ਪ੍ਰਾਜੈਕਟਾਂ ਵੱਲ ਆਕਰਸ਼ਿਤ ਹੋਈ ਹਾਂ ਜੋ ਭਾਵਨਾਤਮਕ ਤੌਰ 'ਤੇ ਕਠਿਨ ਹੁੰਦੇ ਹਨ। ਇਸ ਸ਼ੋਅ ਦਾ ਪਾਤਰ ਵੀ ਅਜਿਹਾ ਹੀ ਹੈ। ਇਥੇ ਤੁਸੀਂ ਦਿਖਾਵਟੀ ਸੁੰਦਰਤਾ ਜਾਂ ਮਨੋਰੰਜਨ ਅਤੇ ਕਿਸੇ ਦੀ ਪ੍ਰੇਮਿਕਾ ਬਣਨ ਤਕ ਸੀਮਤ ਨਹੀਂ ਹੋ।'



ਦਿਸ਼ਾ ਪਟਾਨੀ

## ਹਾਲੀਵੁੱਡ ਜਾਣ ਲਈ ਤਿਆਰ ਦਿਸ਼ਾ ਪਟਾਨੀ

ਦਿਸ਼ਾ ਪਟਾਨੀ ਅੱਜਕਲ੍ਹ ਬਾਲੀਵੁੱਡ ਦੀਆਂ ਸਭ ਤੋਂ ਸਟਾਈਲਿਸ਼ ਅਤੇ ਗੈਲਮਰਸ ਮਹਿਲਾ ਅਦਾਕਾਰਾਂ ਵਿਚੋਂ ਇਕ ਮੰਨੀ ਜਾਂਦੀ ਹੈ। ਵੈਸਟਰਨ ਹੋਵੇ ਜਾਂ ਟੈਡੀਸ਼ਨਲ, ਦਿਸ਼ਾ ਪਟਾਨੀ ਹਰ ਦਿੱਖ ਵਿਚ ਕਹਿਰ ਢਾਹੁੰਦੀ ਹੈ। ਐਕਟਿੰਗ ਦੇ ਨਾਲ ਦਿਸ਼ਾ ਆਪਣੀ ਫਿਟਨੈੱਸ, ਡਾਂਸ ਅਤੇ ਐਕਸ਼ਨ ਲਈ ਜਾਣੀ ਜਾਂਦੀ ਹੈ। ਆਈ.ਪੀ.ਐਲ. 2025 ਦੇ ਸ਼ੁਰੂਆਤੀ ਪ੍ਰੋਗਰਾਮ ਵਿਚ ਪੇਸ਼ਕਾਰੀ ਕਰਕੇ ਦਿਸ਼ਾ ਪਟਾਨੀ ਇਕ ਵਾਰ ਫਿਰ ਛਾ ਗਈ ਹੈ। ਦਿਸ਼ਾ ਦੀ ਦਿੱਖ ਅਤੇ ਉਸ ਦੀ ਪੇਸ਼ਕਾਰੀ ਦੀ ਬਹੁਤ ਪ੍ਰਸੰਸਾ ਹੋਈ। ਉਸ ਤੋਂ ਬਾਅਦ ਫਿਲਮ 'ਐਮ. ਐਸ. ਧੋਨੀ : ਦ ਅਨਟੋਲਡ ਸਟੋਰੀ' ਤੋਂ ਹਿੰਦੀ ਸਿਨੇ ਜਗਤ ਵਿਚ ਧਮਾਕੇਦਾਰ ਦਾਖਲਾ ਕੀਤਾ। ਇਸ ਫਿਲਮ ਵਿਚ ਉਹ ਸੁਸ਼ਾਂਤ ਸਿੰਘ ਰਾਜਪੂਤ ਦੇ ਨਾਲ ਨਜ਼ਰ ਆਈ ਸੀ। ਇਸ ਤੋਂ ਬਾਅਦ ਦਿਸ਼ਾ ਨੇ 'ਬਾਗੀ-2', 'ਭਾਰਤ', 'ਮਲੰਗ', 'ਰਾਧੇ', 'ਏਕ ਵਿਲੇਨ ਰਿਟਰਨਜ਼', 'ਯੋਧਾ' ਵਰਗੀਆਂ ਫਿਲਮਾਂ ਕੀਤੀਆਂ। ਦਿਸ਼ਾ ਦੀਆਂ ਆਉਣ ਵਾਲੀਆਂ ਫਿਲਮਾਂ ਵਿਚ 'ਵੈਲਕਮ ਟੂ ਦ ਜੰਗਲ' ਇਸ ਸਾਲ ਰਿਲੀਜ਼ ਹੋਵੇਗੀ। ਇਸ ਫਿਲਮ ਵਿਚ ਅਕਸ਼ੈ ਕੁਮਾਰ ਸਮੇਤ ਕਈ ਸਿਤਾਰੇ ਨਜ਼ਰ ਆਉਣਗੇ।

ਦਿਸ਼ਾ ਪਟਾਨੀ ਆਸਕਰ ਜੇਤੂ ਨਿਰਦੇਸ਼ਕ ਕੇਵਿਨ ਸਪੇਸੀ ਦੀ ਸੁਪਰਨੈਚੁਰਲ ਐਕਸ਼ਨ-ਥ੍ਰਿਲਰ ਫਿਲਮ 'ਹੋਲੀਗਾਰਡਸ' ਰਾਹੀਂ ਹਾਲੀਵੁੱਡ ਵਿਚ ਧਮਾਕੇਦਾਰ ਦਾਖਲਾ ਕਰਨ ਜਾ ਰਹੀ ਹੈ। ਇਸ ਫਿਲਮ ਜ਼ਰੀਏ ਕੇਵਿਨ ਸਪੇਸੀ 20 ਸਾਲਾਂ ਬਾਅਦ ਨਿਰਦੇਸ਼ਨ ਵਿਚ ਵਾਪਸੀ ਕਰਨ ਜਾ ਰਹੇ ਹਨ। ਫਿਲਮ ਵਿਚ ਦਿਸ਼ਾ ਨਾਲ, ਡਾਲਫ਼ ਲੰਡਨ, ਟਾਈਰੀਜ਼ ਗਿਬਸਨ ਅਤੇ ਬ੍ਰਾਯਨਾ ਹਿਲਡੇਬ੍ਰਾਂਡ ਵਰਗੇ ਇੰਟਰਨੈਸ਼ਨਲ ਸੈਲੀਬ੍ਰਿਟੀਜ਼ ਨਜ਼ਰ ਆਉਣਗੇ। ਇਸ ਕਪਲ ਨੂੰ ਦਰਸ਼ਕ ਬਹੁਤ ਪਸੰਦ ਕਰਦੇ ਸਨ।


ਜੇਕਰ ਖ਼ਬਰਾਂ ਵੱਲ ਦੇਖੀਏ ਤਾਂ ਇਕੱਠੇ ਕੰਮ ਕਰਨ ਦੌਰਾਨ ਦਿਸ਼ਾ ਅਤੇ ਟਾਈਗਰ ਨੇੜੇ ਆ ਗਏ ਸਨ ਪਰ ਦੋਵਾਂ ਦਾ ਤੋੜ-ਵਿਛੋੜਾ ਹੋ ਗਿਆ ਹਾਲਾਂਕਿ ਦਿਸ਼ਾ ਨੇ ਟਾਈਗਰ ਨਾਲ ਉਸ ਦੇ ਸੰਬੰਧਾਂ ਨੂੰ ਲੈ ਕੇ ਕਦੀ ਖੁੱਲ੍ਹ ਕੇ ਗੱਲ ਨਹੀਂ ਕੀਤੀ। ਦਿਸ਼ਾ ਪਟਾਨੀ ਦਾ ਨਾਂਅ ਟਾਈਗਰ ਸ਼ਰਾਫ ਤੋਂ ਪਹਿਲਾਂ



ਪਾਰਥ ਰਾਮਥਾਨ ਨਾਲ ਵੀ ਜੁੜ ਚੁੱਕਾ ਹੈ। ਕਰੀਬ ਇਕ ਸਾਲ ਤੱਕ ਇਕ ਦੂਜੇ ਨੂੰ ਡੇਟ ਕਰਨ ਤੋਂ ਬਾਅਦ ਉਹ ਵੱਖ ਹੋਏ ਸਨ । ਟਾਈਗਰ ਨਾਲ ਕਥਿਤ ਤੋੜ-ਵਿਛੋੜੇ ਤੋਂ ਬਾਅਦ ਦਿਸ਼ਾ ਦਾ ਨਾਂਅ ਅਲੈਗਜ਼ੈਂਡਰ ਅਲੈਕਸ ਨਾਲ ਵੀ ਜੁੜਿਆ ਕਿਉਂਕਿ ਕਈ ਮੌਕਿਆਂ 'ਤੇ ਅਲੈਗਜ਼ੈਂਡਰ ਅਤੇ ਦਿਸ਼ਾ ਨੂੰ ਇਕੱਠਿਆਂ ਦੇਖਿਆ ਗਿਆ ਸੀ ਪਰ ਬਾਅਦ ਵਿਚ ਇਹ ਖ਼ਬਰਾਂ ਮਹਿਜ਼ ਅਫ਼ਵਾਹ ਸਾਬਤ ਹੋਈਆਂ।

## ਅਭਿਸ਼ੇਕ ਨੂੰ ਪੁਰਸਕਾਰ ਮਿਲਣ 'ਤੇ ਪਿਤਾ ਖ਼ੁਸ਼

**ਨਵੀਂ ਦਿੱਲੀ:**ਅਦਾਕਾਰ ਅਮਿਤਾਭ ਬੱਚਨ ਨੇ ਇੰਡੀਅਨ ਮੈਲਬੌਰਨ ਫ਼ਿਲਮ ਫੈਸਟੀਵਲ ਆਫ਼ (ਆਈਐਫਐਫਐਮ) ਵਿੱਚ 'ਬਿਹਤਰੀਨ ਅਦਾਕਾਰ' ਦਾ ਪੁਰਸਕਾਰ ਮਿਲਣ 'ਤੇ ਆਪਣੇ ਪੁੱਤਰ ਅਭਿਸ਼ੇਕ ਬੱਚਨ ਦੀ ਸ਼ਲਾਘਾ ਕੀਤੀ ਹੈ। ਉਸ ਨੇ ਇਸ ਪੁਰਸਕਾਰ ਨੂੰ ਪਰਿਵਾਰ ਦਾ ਗੌਰਵ ਅਤੇ ਸਨਮਾਨ ਦੱਸਿਆ ਹੈ। ਜ਼ਿਕਰਯੋਗ ਹੈ ਕਿ ਅਭਿਸ਼ੇਕ ਬੱਚਨ ਨੂੰ ਫ਼ਿਲਮ 'ਆਈ ਵਾਂਟ ਟੂ ਟਾਕ' ਵਿੱਚ ਉਸ ਦੀ ਅਦਾਕਾਰੀ ਲਈ ਸਨਮਾਨਿਤ ਕੀਤਾ ਗਿਆ ਹੈ। ਇਹ ਸਮਾਗਮ ਵੀਰਵਾਰ ਨੂੰ ਸ਼ੁਰੂ ਹੋਇਆ ਸੀ ਜੋ 24 ਅਗਸਤ ਨੂੰ ਸਮਾਪਤ ਹੋਵੇਗਾ। ਅਮਿਤਾਭ ਬੱਚਨ ਨੇ ਅੱਜ ਆਪਣੇ ਬਲੌਗ 'ਤੇ ਅਭਿਸ਼ੇਕ ਬੱਚਨ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ। ਪਹਿਲੀ ਤਸਵੀਰ ਵਿੱਚ ਅਭਿਸ਼ੇਕ ਨੇ ਪੁਰਸਕਾਰ ਦੀ ਟਰਾਫ਼ੀ ਫੜੀ ਹੋਈ ਹੈ ਜਦੋਂਕਿ ਦੂਜੀ ਵਿੱਚ ਉਨ੍ਹਾਂ ਦੀ ਤਸਵੀਰ ਇੱਕ ਮੈਗਜ਼ੀਨ ਦੇ ਕਵਰ ਪੇਜ 'ਤੇ ਵਿਖਾਈ ਦਿੰਦੀ ਹੈ। ਅਦਾਕਾਰ ਅਮਿਤਾਭ ਬੱਚਨ ਨੇ ਲਿਖਿਆ, 'ਪੂਰੇ ਬ੍ਰਹਿਮੰਡ ਵਿੱਚ ਸਭ ਤੋਂ ਖ਼ੁਸ਼ ਪਿਤਾ।ਅਭਿਸ਼ੇਕ, ਤੁਸੀਂ ਪਰਿਵਾਰ ਦਾ ਗੌਰਵ ਅਤੇ ਸਨਮਾਨ ਹੋ ਤੁਸੀਂ ਆਪਣੇ ਦਾਦਾ ਦੀ ਵਿਰਾਸਤ ਨੂੰ ਬਹਾਦਰੀ ਅਤੇ ਸਖ਼ਤ ਮਿਹਨਤ ਨਾਲ ਅੱਗੇ ਵਧਾ ਰਹੇ ਹੋ। ਅਮਿਤਾਭ ਨੇ ਕਿਹਾ ਕਿ ਕੁੱਝ ਸਾਲ ਪਹਿਲਾਂ ਉਸ ਨੇ ਆਪਣੇ ਪੁੱਤਰ ਦੀ ਫ਼ਿਲਮ ਅਤੇ ਉਸ ਦੀ ਅਦਾਕਾਰੀ ਦੀ ਪ੍ਰਸ਼ੰਸਾ ਕੀਤੀ ਸੀ ਪਰ ਲੋਕਾਂ ਨੇ ਉਸ ਦਾ ਮਜ਼ਾਕ ਉਡਾਇਆ ਸੀ। ਅੱਜ ਉਸ ਮਜ਼ਾਕ ਨੂੰ ਇਸ ਪੁਰਸਕਾਰ ਵੇਲੇ ਮਿਲੀ ਪ੍ਰਸ਼ੰਸਾ ਅਤੇ ਤਾਲੀਆਂ ਨੇ ਦਬਾ ਦਿੱਤਾ ਹੈ। ਉਸ ਨੇ ਆਪਣੇ ਪੁੱਤਰ ਨੂੰ ਪੁਰਸਕਾਰ ਮਿਲਣ 'ਤੇ ਵਧਾਈ ਦਿੱਤੀ ਅਤੇ ਉਸ ਦੀ ਸ਼ਲਾਘਾ ਕੀਤੀ।



# ਇੰਡੀਅਨਐਪੋਲਿਸ ਵਿਚ ਪਾਰਕਿੰਗ ਅਤੇ ਸੈਲਫ ਸਟੋਰੇਜ

## Indianapolis, IN

Yard Address: 10318 Pendleton Pike, Indianapolis, IN 46236

**Semiyard**

Parking & Self-Storage Available

Download Semiyard App & Book

916 755 0085

Mobile & Text:

916 610 0033

SCAN ME !

Install via App Store

Install via Google Play

24/7 Access & Support

PARK MONTHLY!




# Reliable

## *Trucks & Trailer Repair Shop*

**7401 Brookville Road Indianapolis, IN 46239**

* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change



* DPF Work * Nox Sensor
*Truck & Trailer Bushings
*Air Compressor * Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**